7-OCT-PAGE-1.qxd 10/6/2023 9:48 PM Page 1

ਸ਼ਨੀਵਾਰ, 7 ਅਕਤੂਬਰ, 2023
21 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 127

# ਨਵਾਂ ਜ਼ਮਾਨਾ

DAILY NAWAN ZAMANA • SATURDAY, 7 OCTOBER, 2023
ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

# 9 ਸਾਲ ਬਾਅਦ ਹੱਥ ਲੱਗਿਆ ਸੋਨ ਤਮਗਾ

## ਕਬੱਡੀ 'ਚ ਮੁੰਡੇ-ਕੁੜੀਆਂ ਫਾਈਨਲ 'ਚ

**ਹਾਂਗਜ਼ੂ** : ਭਾਰਤ ਨੇ ਸ਼ੁੱਕਰਵਾਰ ਜਾਪਾਨ ਨੂੰ 5-1 ਦੇ ਵੱਡੇ ਫਰਕ ਨਾਲ ਹਰਾ ਕੇ ਮਰਦਾਂ ਦਾ ਏਸ਼ੀਅਨ ਗੇਮਜ਼ ਹਾਕੀ ਸੋਨ ਤਮਗਾ ਜਿੱਤ ਲਿਆ। ਇਸਦੇ ਨਾਲ ਹੀ ਉਹ ਅਗਲੇ ਸਾਲ ਹੋਣ ਵਾਲੀ ਪੈਰਿਸ ਉਲੰਪਿਕ ਲਈ ਕੁਆਲੀਫਾਈ ਕਰ ਗਿਆ। ਇਸਤੋਂ ਪਹਿਲਾਂ ਉਸਨੇ 2018 ਵਿਚ ਕਾਂਸੀ ਦਾ ਤਮਗਾ ਜਿੱਤਿਆ ਸੀ। ਸੋਨੇ ਦਾ ਤਮਗਾ 2014 ਵਿਚ ਇੰਚੀਓਨ ਵਿਚ ਜਿੱਤਿਆ ਸੀ। ਭਾਰਤ ਦਾ ਏਸ਼ੀਅਨ ਗੇਮਜ਼ ਵਿਚ ਇਹ ਚੌਥਾ ਸੋਨ ਤਮਗਾ ਹੈ। ਭਾਰਤ ਵੱਲੋਂ ਮਨਪ੍ਰੀਤ ਸਿੰਘ ਨੇ 25ਵੇਂ, ਹਰਮਨਪ੍ਰੀਤ ਸਿੰਘ ਨੇ 32ਵੇਂ ਤੇ 59ਵੇਂ, ਅਮਿਤ ਰੋਹੀਦਾਸ ਨੇ 36ਵੇਂ ਤੇ ਅਭਿਸ਼ੇਕ ਨੇ 48ਵੇਂ ਮਿੰਟ ਵਿਚ ਗੋਲ ਕੀਤੇ। ਜਾਪਾਨ ਵੱਲੋਂ ਇਕਲੌਤਾ ਗੋਲ ਤਨਾਕਾ ਨੇ 51ਵੇਂ ਮਿੰਟ ਵਿਚ ਕੀਤਾ। ਪੁਰਸ਼ ਟੀਮ ਪਾਕਿਸਤਾਨ ਨੂੰ 61-14 ਤੇ ਮਹਿਲਾ ਟੀਮ ਨੇਪਾਲ ਨੂੰ 61-17 ਨਾਲ ਹਰਾ ਕੇ ਕਬੱਡੀ ਮੁਕਾਬਲਿਆਂ ਦੇ ਫਾਈਨਲ 'ਚ ਪੁੱਜ ਗਈਆਂ।

ਸਾਲ ਬਾਅਦ ਮੁਕਾਬਲੇ ਦੀ ਕੁਸ਼ਤੀ ਵਿਚ ਵਾਪਸੀ ਕਰ ਰਹੇ ਭਾਰਤ ਦੇ ਬਜਰੰਗ ਪੂਨੀਆ ਨੂੰ ਫ੍ਰੀਸਟਾਈਲ 65 ਕਿਲੋ ਵਰਗ ਦੇ ਸੈਮੀਫਾਈਨਲ ਵਿਚ ਈਰਾਨ ਦੇ ਰਹਿਮਾਨ ਅਮੋਜ਼ਾਦਖਲੀਲੀ ਤੋਂ 1-8 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ, ਪਰ ਹਮਵਤਨ ਅਮਨ ਸਹਿਰਾਵਤ ਦੇ ਨਾਲ ਉਹ ਕਾਂਸੀ ਦੇ ਤਮਗੇ ਦੀ ਦੌੜ 'ਚ ਬਰਕਰਾਰ ਹੈ। ਬਜਰੰਗ, ਜਿਸ ਨੇ ਇਸ ਸਾਲ ਦਾ ਜ਼ਿਆਦਾਤਰ ਸਮਾਂ ਬਾਹਰ ਜਾਣ ਵਾਲੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਮੁਖੀ ਬ੍ਰਿਜ ਭੂਸ਼ਣ ਸ਼ਰਣ ਸਿੰਘ ਦੇ ਵਿਰੋਧ 'ਚ ਬਿਤਾਇਆ, ਪੂਰੀ ਤਰ੍ਹਾਂ ਤਿਆਰ ਨਹੀਂ ਦਿਖਾਈ ਦਿੱਤਾ। ਉਸ ਨੇ ਦੋ ਆਸਾਨ ਜਿੱਤਾਂ ਨਾਲ ਸ਼ੁਰੂਆਤ ਕੀਤੀ, ਪਰ ਈਰਾਨੀ ਭਲਵਾਨ ਖਿਲਾਫ ਉਸ ਕੋਲ ਕੋਈ ਦਾਅ ਨਹੀਂ ਸੀ।










## ਜੇਲ੍ਹਬੰਦ ਨਰਗਿਸ ਮੁਹੰਮਦੀ ਨੂੰ ਨੋਬੇਲ ਅਮਨ ਪੁਰਸਕਾਰ

**ਸਟਾਕਹੋਮ** : ਜੇਲ੍ਹ 'ਚ ਬੰਦ ਕਾਰਕੁੰਨ ਨਰਗਿਸ ਮੁਹੰਮਦੀ ਨੂੰ ਈਰਾਨ 'ਚ ਔਰਤਾਂ 'ਤੇ ਜ਼ੁਲਮਾਂ ਵਿਰੁੱਧ ਲੜਾਈ ਲਈ ਨੋਬੇਲ ਅਮਨ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਮੁਹੰਮਦੀ ਨੇ ਮਹਿਲਾਵਾਂ ਦੇ ਹੱਕਾਂ ਦੀ ਰਾਖੀ ਦੇ ਹੱਕ 'ਚ ਤੇ ਮੌਤ ਦੀ ਸਜ਼ਾ ਖਿਲਾਫ ਜ਼ੋਰਦਾਰ ਸੰਘਰਸ਼ ਕੀਤਾ ਹੈ। ਇਸ ਵੇਲੇ ਉਹ ਕਈ ਕੇਸਾਂ ਵਿਚ ਜੇਲ੍ਹ ਵਿਚ ਤੂੜੀ ਹੋਈ ਹੈ। ਉਹ 2003 ਦੀ ਨੋਬੇਲ ਅਮਨ ਪੁਰਸਕਾਰ ਜੇਤੂ ਸ਼ੀਰੀਂ ਏਬਾਦੀ ਦੀ ਗੈਰ-ਸਰਕਾਰੀ ਜਥੇਬੰਦੀ 'ਡਿਫੈਂਡਰਜ਼ ਆਫ ਹਿਊਮਨ ਰਾਈਟਸ ਸੈਂਟਰ' ਦੀ ਉਪ-ਮੁਖੀ ਹੈ। ਪੁਰਸਕਾਰ ਦੇ 122 ਇਤਿਹਾਸ ਵਿਚ ਇਹ ਪੁਰਸਕਾਰ ਹਾਸਲ ਕਰਨ ਵਾਲੀ ਉਹ 19ਵੀਂ ਮਹਿਲਾ ਹੈ।

## ਕੈਨੇਡਾ ਨੇ ਭਾਰਤ 'ਚੋਂ ਕਾਫੀ ਡਿਪਲੋਮੈਟ ਕੱਢ ਲਏ

**ਨਵੀਂ ਦਿੱਲੀ** : ਭਾਰਤ ਵੱਲੋਂ ਕੈਨੇਡਾ ਨੂੰ 10 ਅਕਤੂਬਰ ਤੱਕ ਆਪਣੇ 62 ਵਿੱਚੋਂ 41 ਡਿਪਲੋਮੈਟਾਂ ਨੂੰ ਵਾਪਸ ਬੁਲਾਉਣ ਲਈ ਕਹਿਣ ਤੋਂ ਬਾਅਦ ਕੈਨੇਡਾ ਨੇ ਆਪਣੇ ਹਾਈ ਕਮਿਸ਼ਨ ਤੋਂ ਸਟਾਫ ਨੂੰ ਬਾਹਰ ਕੱਢ ਲਿਆ ਹੈ। ਮੀਡੀਆ ਰਿਪੋਰਟ ਅਨੁਸਾਰ ਕੈਨੇਡਾ ਨੇ ਆਪਣੇ ਜ਼ਿਆਦਾਤਰ ਡਿਪਲੋਮੈਟਿਕ ਸਟਾਫ ਨੂੰ ਭਾਰਤ ਤੋਂ ਕੱਢ ਲਿਆ ਹੈ ਅਤੇ ਉਨ੍ਹਾਂ ਨੂੰ ਕੁਆਲਾਲੰਪੁਰ (ਮਲੇਸ਼ੀਆ) ਜਾਂ ਸਿੰਗਾਪੁਰ 'ਚ ਤਬਦੀਲ ਕਰ ਦਿੱਤਾ ਹੈ।

## ਚੋਣਾਂ ਦਾ ਐਲਾਨ 8 ਤੋਂ ਬਾਅਦ ਕਿਸੇ ਵੀ ਸਮੇਂ

**ਨਵੀਂ ਦਿੱਲੀ** : ਚੋਣ ਕਮਿਸ਼ਨ ਨੇ ਸ਼ੁੱਕਰਵਾਰ ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ, ਤਿਲੰਗਾਨਾ ਤੇ ਮਿਜ਼ੋਰਮ ਦੀਆਂ ਅਸੰਬਲੀ ਚੋਣਾਂ ਦੇ ਸੰਬੰਧ ਵਿਚ ਇਨ੍ਹਾਂ ਰਾਜਾਂ ਦੇ ਚੋਣ ਅਬਜ਼ਰਵਰਾਂ ਨਾਲ ਮੀਟਿੰਗ ਕੀਤੀ। ਇਨ੍ਹਾਂ ਰਾਜਾਂ ਵਿਚ 15 ਨਵੰਬਰ ਤੋਂ 7 ਦਸੰਬਰ ਤਕ ਚੋਣਾਂ ਹੋ ਸਕਦੀਆਂ ਹਨ ਤੇ ਚੋਣਾਂ ਦਾ ਐਲਾਨ 8 ਅਕਤੂਬਰ ਤੋਂ ਬਾਅਦ ਕਿਸੇ ਵੀ ਸਮੇਂ ਹੋ ਸਕਦਾ ਹੈ। ਪਿਛਲੀ ਵਾਰ 2018 ਦੀ 6 ਅਕਤੂਬਰ ਨੂੰ ਹੋਇਆ ਸੀ।

## ਮਨੀਪੁਰ ਦੇ ਵਿਦਿਆਰਥੀਆਂ ਵੱਲੋਂ ਨਾਕਾਬੰਦੀ

**ਇੰਫਾਲ** : ਮਨੀਪੁਰ 'ਚ ਇੰਟਰਨੈੱਟ ਸੇਵਾ ਕਾਫੀ ਚਿਰ ਤੋਂ ਬੰਦ ਕਰਨ ਵਿਰੁੱਧ ਸੈਨਾਪਤੀ ਜ਼ਿਲ੍ਹੇ ਵਿਚ ਸੈਨਾਪਤੀ ਡਿਸਟ੍ਰਿਕਟ ਸਟੂਡੈਂਟਸ ਐਸੋਸੀਏਸ਼ਨ ਨੇ ਨਾਗਾਲੈਂਡ ਨਾਲ ਲਗਦੇ ਹਾਈਵੇਅ-2 ਤੇ 129-ਏ 'ਤੇ ਵੀਰਵਾਰ ਸ਼ਾਮ ਤੋਂ ਆਰਥਕ ਨਾਕਾਬੰਦੀ ਕਰ ਦਿੱਤੀ ਹੈ। ਇਧਰੋਂ ਹੀ ਮਨੀਪੁਰ ਨੂੰ ਮਾਲ ਪੁੱਜਦਾ ਹੈ। ਦੋਹਾਂ ਰਾਜਾਂ ਦੀ ਹੱਦ 'ਤੇ ਕਰੀਬ 90 ਟਰੱਕ ਫਸ ਗਏ ਹਨ। ਜਥੇਬੰਦੀ ਨੇ ਸਰਕਾਰ ਨੂੰ ਚਾਰ ਅਕਤੂਬਰ ਨੂੰ ਨੈੱਟ ਸੇਵਾ ਦੀ ਬਹਾਲੀ ਲਈ 24 ਘੰਟਿਆਂ ਦਾ ਅਲਟੀਮੇਟਮ ਦਿੱਤਾ ਸੀ। ਹਿੰਸਾ ਦਾ ਸ਼ਿਕਾਰ ਮਨੀਪੁਰ ਵਿਚ 3 ਮਈ ਨੂੰ ਇੰਟਰਨੈੱਟ ਸੇਵਾ ਬੰਦ ਕਰ ਦਿੱਤੀ ਗਈ ਸੀ ਤੇ 23 ਸਤੰਬਰ ਨੂੰ ਬਹਾਲ ਕੀਤੀ ਸੀ।

ਦੋ ਮੈਤੇਈ ਨਾਬਾਲਗਾਂ ਦੀ ਹੱਤਿਆ ਦੇ ਬਾਅਦ ਹਜ਼ਾਰਾਂ ਵਿਦਿਆਰਥੀਆਂ ਵੱਲੋਂ ਪ੍ਰਦਰਸ਼ਨ ਤੋਂ ਬਾਅਦ 26 ਸਤੰਬਰ ਤੋਂ ਇਕ ਅਕਤੂਬਰ ਤਕ ਫਿਰ ਪਾਬੰਦੀ ਲਾ ਦਿੱਤੀ ਗਈ। ਇਕ ਅਕਤੂਬਰ ਤੋਂ ਪਾਬੰਦੀ 6 ਅਕਤੂਬਰ ਤੱਕ ਫਿਰ ਪਾਬੰਦੀ ਲਾ ਦਿੱਤੀ ਗਈ ਸੀ।



## 7 ਜਵਾਨਾਂ ਦੀਆਂ ਲਾਸ਼ਾਂ ਬਰਾਮਦ, ਇਕ ਨੂੰ ਬਚਾਇਆ, 15 ਦੀ ਭਾਲ



**ਗੰਗਟੋਕ** : ਸਿੱਕਮ 'ਚ ਲੋਹਨਾਕ ਝੀਲ ਉੱਤੇ ਬੱਦਲ ਫਟਣ ਕਾਰਨ ਤੀਸਤਾ ਨਦੀ 'ਚ ਆਏ ਹੜ੍ਹ ਕਾਰਨ ਹੋਈ ਤਬਾਹੀ 'ਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 25 ਹੋ ਗਈ ਹੈ। ਸ਼ੁੱਕਰਵਾਰ ਤੀਜੇ ਦਿਨ ਵੀ ਲਾਪਤਾ ਵਿਅਕਤੀਆਂ ਦੀ ਭਾਲ ਜਾਰੀ ਸੀ। ਫੌਜ ਦੇ 23 ਜਵਾਨਾਂ 'ਚੋਂ 7 ਦੀਆਂ ਲਾਸ਼ਾਂ ਨੀਵੇਂ ਇਲਾਕਿਆਂ ਦੇ ਵੱਖ-ਵੱਖ ਹਿੱਸਿਆਂ 'ਚੋਂ ਬਰਾਮਦ ਕੀਤੀਆਂ ਗਈਆਂ ਹਨ, ਜਦਕਿ ਇਕ ਨੂੰ ਬਚਾਅ ਲਿਆ ਗਿਆ ਹੈ। 15 ਫੌਜੀਆਂ ਸਣੇ 103 ਵਿਅਕਤੀ ਹਾਲੇ ਲਾਪਤਾ ਹਨ।

### ਜਾਤੀ ਅਧਾਰਤ ਸਰਵੇਖਣ ਦੇ ਅੰਕੜੇ ਰੋਕਣ ਤੋਂ ਨਾਂਹ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਬਿਹਾਰ ਸਰਕਾਰ ਨੂੰ ਜਾਤੀ ਅਧਾਰਤ ਸਰਵੇਖਣ ਦੇ ਹੋਰ ਅੰਕੜੇ ਪ੍ਰਕਾਸ਼ਤ ਕਰਨ ਤੋਂ ਰੋਕਣ ਤੋਂ ਇਨਕਾਰ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਉਹ ਰਾਜ ਸਰਕਾਰ ਨੂੰ ਕੋਈ ਨੀਤੀਗਤ ਫੈਸਲਾ ਲੈਣ ਤੋਂ ਨਹੀਂ ਰੋਕ ਸਕਦੀ।

### ਰਿਓੜੀਆਂ 'ਤੇ ਨੋਟਿਸ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਮੁਫਤ ਦੀਆਂ ਰਿਓੜੀਆਂ' ਵੰਡਣ ਦਾ ਦੋਸ਼ ਲਗਾਉਣ ਵਾਲੀ ਜਨਹਿਤ ਪਟੀਸ਼ਨ 'ਤੇ ਮੱਧ ਪ੍ਰਦੇਸ਼ ਅਤੇ ਰਾਜਸਥਾਨ ਤੋਂ ਜਵਾਬ ਮੰਗਿਆ ਹੈ। ਉਸ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰਾਂ ਨੂੰ ਭਰਮਾਉਣ ਲਈ ਕਰਦਾਤਾਵਾਂ ਦੇ ਪੈਸੇ ਦੀ ਦੁਰਵਰਤੋਂ ਕਰਨ ਦੇ ਦੋਸ਼ 'ਚ ਜਨਹਿਤ ਪਟੀਸ਼ਨ 'ਤੇ ਕੇਂਦਰ ਤੇ ਚੋਣ ਕਮਿਸ਼ਨ ਨੂੰ ਵੀ ਨੋਟਿਸ ਜਾਰੀ ਕੀਤਾ ਹੈ।

### ਨਕਸਲੀ ਘਟਨਾਵਾਂ 'ਚ 77 ਫੀਸਦੀ ਕਮੀ ਦਾ ਦਾਅਵਾ

**ਨਵੀਂ ਦਿੱਲੀ** : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ੁੱਕਰਵਾਰ ਨਕਸਲ ਪ੍ਰਭਾਵਤ ਰਾਜਾਂ 'ਚ ਸੁਰੱਖਿਆ ਸਥਿਤੀ ਦਾ ਜਾਇਜ਼ਾ ਲਿਆ। ਇਨ੍ਹਾਂ ਰਾਜਾਂ 'ਚ 2010 ਦੇ ਮੁਕਾਬਲੇ 2022 'ਚ ਹਿੰਸਕ ਘਟਨਾਵਾਂ 'ਚ 77 ਫੀਸਦੀ ਕਮੀ ਦਾ ਦਾਅਵਾ ਕੀਤਾ ਗਿਆ ਹੈ। ਸਮੀਖਿਆ ਮੀਟਿੰਗ 'ਚ ਆਂਧਰਾ ਅਤੇ ਝਾਰਖੰਡ ਦੇ ਮੁੱਖ ਮੰਤਰੀਆਂ ਨੇ ਹਿੱਸਾ ਲਿਆ। ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵੀ ਸ਼ਾਮਲ ਹੋਏ। ਇਨ੍ਹਾਂ ਤੋਂ ਇਲਾਵਾ ਓਡੀਸ਼ਾ, ਬਿਹਾਰ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੇ ਰਾਜ ਮੰਤਰੀਆਂ ਵੱਲੋਂ ਨੁਮਾਇੰਦਗੀ ਕੀਤੀ ਗਈ।

### ਸੁਰਜੀਤ ਸਿੰਘ ਦਾ ਦੇਹਾਂਤ



**ਚੰਡੀਗੜ੍ਹ** : ਰੋਜ਼ਾਨਾ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਨਿਊਜ਼ ਐਡੀਟਰ ਸੁਰਜੀਤ ਸਿੰਘ ਦਾ ਦੇਹਾਂਤ ਹੋ ਗਿਆ ਹੈ। ਉਹ 81 ਸਾਲਾਂ ਦੇ ਸਨ ਅਤੇ ਉਨ੍ਹਾ ਦੇ ਪਰਵਾਰ 'ਚ ਪਤਨੀ, ਬੇਟਾ ਤੇ ਬੇਟੀ ਹਨ।

## ਦਵਾ ਫੈਕਟਰੀ 'ਚ ਅੱਗ, 4 ਮਜ਼ਦੂਰਾਂ ਦੀ ਮੌਤ




**ਅੰਮ੍ਰਿਤਸਰ** : ਮਜੀਠਾ ਰੋਡ 'ਤੇ ਪਿੰਡ ਨਾਗ ਕਲਾਂ ਵਿਚ ਸਥਿਤ ਕਵਾਲਟੀ ਫਾਰਮਾਸਿਊਟੀਕਲ ਦਵਾਈਆਂ ਦੀ ਫੈਕਟਰੀ 'ਚ ਵੀਰਵਾਰ ਰਾਤ ਭਿਆਨਕ ਅੱਗ ਲੱਗਣ ਕਾਰਨ 4 ਵਿਅਕਤੀਆਂ ਦੀ ਮੌਤ ਹੋ ਗਈ। ਮਜੀਠਾ ਥਾਣੇ ਦੇ ਇੰਚਾਰਜ ਬਲਵਿੰਦਰ ਸਿੰਘ ਨੇ ਦੱਸਿਆ ਕਿ ਕੁਝ ਸਮੇਂ ਬਾਅਦ ਅੱਗ 'ਤੇ ਕਾਬੂ ਪਾ ਲਿਆ ਗਿਆ। ਉਨ੍ਹਾ ਦੱਸਿਆ ਕਿ ਔਰਤ ਸਮੇਤ ਫੈਕਟਰੀ ਦੇ 4 ਮਜ਼ਦੂਰ ਬੇਹੋਸ਼ ਹੋ ਗਏ ਅਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਅੱਗ ਲੱਗਣ ਕਾਰਨ ਪੂਰੇ ਪਿੰਡ 'ਚ ਧੂੰਆਂ ਫੈਲ ਗਿਆ।

## ਤਹੱਵੁਰ ਰਾਣਾ ਨੂੰ ਬਚਾਅ ਲਈ ਹੋਰ ਸਮਾਂ ਮਿਲਿਆ

**ਵਾਸ਼ਿੰਗਟਨ** : ਅਮਰੀਕਾ ਦੀ ਫੈਡਰਲ ਕੋਰਟ ਨੇ ਮੁੰਬਈ ਅੱਤਵਾਦੀ ਹਮਲੇ ਦੇ ਮੁਲਜ਼ਮ ਤਹੱਵੁਰ ਰਾਣਾ ਨੂੰ ਭਾਰਤ ਹਵਾਲੇ ਕਰਨ ਖਿਲਾਫ ਦਲੀਲਾਂ ਪੇਸ਼ ਕਰਨ ਲਈ ਹੋਰ ਸਮਾਂ ਦਿੱਤਾ ਹੈ। ਹਮਲੇ 'ਚ ਸ਼ਾਮਲ ਹੋਣ ਦੇ ਦੋਸ਼ 'ਚ ਰਾਣਾ ਭਾਰਤ 'ਚ ਮੁਕੱਦਮੇ ਦਾ ਸਾਹਮਣਾ ਕਰ ਰਿਹਾ ਹੈ। ਰਾਣਾ (62) ਨੇ ਅਗਸਤ 'ਚ ਕੈਲੀਫੋਰਨੀਆ ਦੇ ਸੈਂਟਰਲ ਡਿਸਟ੍ਰਿਕਟ 'ਚ ਅਮਰੀਕੀ ਜ਼ਿਲ੍ਹਾ ਅਦਾਲਤ ਦੇ ਉਸ ਹੁਕਮ ਖਿਲਾਫ ਅਪੀਲ ਕੀਤੀ ਹੈ, ਜਿਸ 'ਚ ਹੈਬੀਅਸ ਕਾਰਪਸ ਰਿੱਟ ਪਟੀਸ਼ਨ ਨੂੰ ਰੱਦ ਕਰ ਦਿੱਤਾ ਗਿਆ ਸੀ। ਅਦਾਲਤ ਨੇ ਰਾਣਾ ਨੂੰ ਆਪਣੀਆਂ ਦਲੀਲਾਂ ਪੇਸ਼ ਕਰਨ ਲਈ 10 ਅਕਤੂਬਰ ਤੱਕ ਦਾ ਸਮਾਂ ਦਿੱਤਾ ਸੀ ਪਰ ਉਸ ਨੇ ਹੋਰ ਸਮਾਂ ਦੇਣ ਦੀ ਬੇਨਤੀ ਨੂੰ ਸਵੀਕਾਰ ਕਰ ਲਿਆ। ਅਦਾਲਤ ਦੇ ਤਾਜ਼ਾ ਹੁਕਮਾਂ ਅਨੁਸਾਰ ਰਾਣਾ 9 ਨਵੰਬਰ ਤੱਕ ਦਲੀਲਾਂ ਪੇਸ਼ ਕਰ ਸਕਦਾ ਹੈ ਅਤੇ ਸਰਕਾਰ ਨੇ 11 ਦਸੰਬਰ ਤੱਕ ਆਪਣਾ ਜਵਾਬ ਦਾਖਲ ਕਰੇਗੀ।

## ਮਹਿੰਗਾਈ ਕਾਰਨ ਕਰੋੜਾਂ ਪਰਵਾਰ ਕਾਫੀ ਮੁਸ਼ਕਲ 'ਚ : ਕਾਂਗਰਸ

**ਮੁੰਬਈ** : ਭਾਰਤੀ ਰਿਜ਼ਰਵ ਬੈਂਕ ਨੇ ਮੁੱਖ ਨੀਤੀਗਤ ਦਰ ਰੈਪੋ ਨੂੰ ਸ਼ੁੱਕਰਵਾਰ 6.50 ਫੀਸਦੀ 'ਤੇ ਬਰਕਰਾਰ ਰੱਖਿਆ। ਇਸ ਦੇ ਨਾਲ ਬੈਂਕ ਨੇ ਕਿਹਾ ਹੈ ਕਿ ਭਾਰਤ ਦੁਨੀਆ ਦੇ ਵਿਕਾਸ ਦਾ ਇੰਜਣ ਬਣਨ ਲਈ ਤਿਆਰ ਹੈ। ਕੇਂਦਰੀ ਬੈਂਕ ਨੇ ਮੌਜੂਦਾ ਵਿੱਤੀ ਸਾਲ ਲਈ ਦੇਸ਼ ਦੇ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਦੇ ਵਾਧੇ ਦੇ ਅਨੁਮਾਨ ਨੂੰ 6.5 ਫੀਸਦੀ 'ਤੇ ਬਰਕਰਾਰ ਰੱਖਿਆ ਹੈ।

ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਕਿਹਾ ਕਿ ਮਜ਼ਬੂਤ ਮੰਗ ਕਾਰਨ ਘਰੇਲੂ ਅਰਥਵਿਵਸਥਾ 'ਚ ਜੁਝਾਰੂਪਣ ਨਜ਼ਰ ਆ ਰਿਹਾ ਹੈ। ਇਸ ਲਈ 2023-24 'ਚ ਆਰਥਿਕ ਵਿਕਾਸ ਦਰ 6.5 ਫੀਸਦੀ ਰਹਿਣ ਦਾ ਅਨੁਮਾਨ ਹੈ। ਇਸੇ ਦੌਰਾਨ ਬੈਂਕ ਵੱਲੋਂ ਰੈਪੋ ਦਰ 'ਚ ਕੋਈ ਬਦਲਾਅ ਨਾ ਕਰਨ ਤੋਂ ਬਾਅਦ ਕਾਂਗਰਸ ਨੇ ਦਾਅਵਾ ਕੀਤਾ ਕਿ ਇਹ ਇਸ ਗੱਲ ਦਾ ਸੰਕੇਤ ਹੈ ਕਿ ਕਰੋੜਾਂ ਪਰਵਾਰ ਲਗਾਤਾਰ ਵਧ ਰਹੀ ਮਹਿੰਗਾਈ ਕਾਰਨ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ 'ਐਕਸ' 'ਤੇ ਪੋਸਟ ਕੀਤਾ-ਭਾਰਤੀ ਰਿਜ਼ਰਵ ਬੈਂਕ ਨੇ ਰੈਪੋ ਦਰ ਨੂੰ 6.5 ਪ੍ਰਤੀਸ਼ਤ 'ਤੇ ਰੱਖਿਆ ਹੈ। ਇਸ ਦਾ ਸਿੱਧਾ ਮਤਲਬ ਹੈ ਕਿ ਮਹਿੰਗਾਈ ਵੱਡੀ ਚਿੰਤਾ ਬਣੀ ਹੋਈ ਹੈ। ਖਪਤਕਾਰ ਮੁੱਲ ਸੂਚਕ ਅੰਕ 47 ਮਹੀਨਿਆਂ ਤੋਂ ਬੈਂਕ ਦੇ 4 ਪ੍ਰਤੀਸ਼ਤ ਦੇ ਮਿੱਥੇ ਟੀਚੇ ਤੋਂ ਬਹੁਤ ਉੱਪਰ ਹੈ। ਅਗਸਤ 2023 'ਚ ਇਹ 6.83 ਪ੍ਰਤੀਸ਼ਤ ਸੀ।

## ਪੰਜਾਬ ਇਸਤਰੀ ਸਭਾ ਦੀ 16ਵੀਂ ਸੂਬਾਈ ਕਾਨਫਰੰਸ ਅੱਜ ਤੇ ਭਲਕੇ

**ਜਲੰਧਰ** : ਪੰਜਾਬ ਇਸਤਰੀ ਸਭਾ ਦੀ 16ਵੀਂ ਸੂਬਾਈ ਕਾਨਫਰੰਸ 7-8 ਅਕਤੂਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋ ਰਹੀ ਹੈ। ਇਸ ਦੀ ਤਿਆਰੀ ਨੂੰ ਅੰਤਮ ਛੋਹ ਦੇਣ ਲਈ ਪੰਜਾਬ ਇਸਤਰੀ ਸਭਾ ਦੇ ਆਗੂ ਜਨਰਲ ਸਕੱਤਰ ਰਾਜਿੰਦਰਪਾਲ ਕੌਰ, ਸੂਬਾਈ ਸਰਪ੍ਰਸਤ ਨਰਿੰਦਰਪਾਲ, ਸਕੱਤਰ ਨਰਿੰਦਰ ਸੋਹਲ, ਮੀਤ ਪ੍ਰਧਾਨ ਰੁਪਿੰਦਰ ਮਾੜੀ ਮੇਘਾ ਸ਼ੁੱਕਰਵਾਰ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿਖੇ ਇਕੱਠੇ ਹੋਏ। ਆਗੂਆਂ ਨੇ ਕਿਹਾ ਕਿ ਜਦੋਂ ਸਾਡੀ 16ਵੀਂ ਸੂਬਾਈ ਕਾਨਫਰੰਸ ਹੋ ਰਹੀ ਹੈ ਤਾਂ ਦੇਸ਼ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਬੀ ਜੇ ਪੀ ਸਰਕਾਰ ਮਸਲੇ ਹੱਲ ਕਰਨ ਦੀ ਥਾਂ ਉਲਝਾ ਰਹੀ ਹੈ। ਧਰਮਾਂ, ਫਿਰਕਿਆਂ ਅਤੇ ਜਾਤਾਂ ਦੇ ਨਾਂਅ 'ਤੇ ਲੋਕਾਂ ਦੀਆਂ ਭਾਵਨਾਵਾਂ ਭੜਕਾਅ ਕੇ ਭਰਾ ਮਾਰੂ ਜੰਗ ਵੱਲ ਧੱਕਿਆ ਜਾ ਰਿਹਾ ਹੈ। ਮਨੀਪੁਰ ਅਤੇ ਹਰਿਆਣਾ ਇਸ ਦੀਆਂ ਤਾਜ਼ਾ

● ਬਾਕੀ ਸਫ਼ਾ 2 'ਤੇ

## 'ਆਪ' ਵਰਕਰਾਂ ਨੇ ਮੋਦੀ ਦੇ ਪੁਤਲੇ ਫੂਕੇ




**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ, ਇਕਬਾਲ ਉਭੀ)**

'ਆਪ' ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਦੀ ਗ੍ਰਿਫਤਾਰੀ ਖਿਲਾਫ ਪੰਜਾਬ ਦੇ 'ਆਪ' ਆਗੂਆਂ ਤੇ ਵਰਕਰਾਂ ਨੇ ਸੂਬੇ ਭਰ 'ਚ ਮੋਦੀ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਵੀ ਫੂਕੇ।

ਜਲੰਧਰ ਦੇ ਨਕੋਦਰ 'ਚ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਕੈਬਨਿਟ ਮੰਤਰੀ ਬਲਕਾਰ ਸਿੰਘ, ਵਿਧਾਇਕ ਰਮਨ ਅਰੋੜਾ, ਸੀਤਲ ਅੰਗੁਰਾਲ, ਇੰਦਰਜੀਤ ਕੌਰ ਮਾਨ, ਸੂਬਾ ਸਕੱਤਰ ਰਾਜਵਿੰਦਰ ਕੌਰ ਥਿਆੜਾ, ਲੋਕ ਸਭਾ ਇੰਚਾਰਜ ਅਸ਼ਵਨੀ ਅਗਰਵਾਲ, ਜ਼ਿਲ੍ਹਾ ਸ਼ਹਿਰੀ ਪ੍ਰਧਾਨ ਅੰਮ੍ਰਿਤਪਾਲ ਸਿੰਘ, ਦਿਹਾਤੀ ਪ੍ਰਧਾਨ ਸਟੀਫਨ ਕਲੇਰ, ਜ਼ਿਲਾ ਸਕੱਤਰ ਸੁਭਾਸ਼ ਸ਼ਰਮਾ ਅਤੇ ਜਲੰਧਰ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜਗਤਾਰ ਸਿੰਘ ਸੰਘੇੜਾ ਦੇ ਨਾਲ ਵਰਕਰਾਂ ਨੇ ਰੋਸ ਪ੍ਰਦਰਸਨ ਕੀਤਾ।

ਪਠਾਨਕੋਟ 'ਚ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ, ਅੰਮ੍ਰਿਤਸਰ ਵਿਚ ਕੈਬਨਿਟ ਮੰਤਰੀ ਹਰਭਜਨ ਸਿੰਘ, ਕੁਲਦੀਪ ਸਿੰਘ ਧਾਲੀਵਾਲ, ਸਾਬਕਾ ਮੰਤਰੀ ਤੇ ਵਿਧਾਇਕ ਡਾ. ਇੰਦਰਵੀਰ ਸਿੰਘ ਨਿੱਝਰ, ਵਿਧਾਇਕ ਜੀਵਨ ਜੋਤ ਕੌਰ ਤੇ ਡਾ. ਅਜੇ ਗੁਪਤਾ, ਬਰਨਾਲਾ ਵਿਚ ਕੈਬਨਿਟ ਮੰਤਰੀ ਮੀਤ ਹੇਅਰ, ਮਾਲੇਰਕੋਟਲਾ ਵਿਖੇ ਵਿਧਾਇਕ ਜਮੀਲ ਉਰ ਰਹਿਮਾਨ, ਹੁਸ਼ਿਆਰਪੁਰ 'ਚ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਬਠਿੰਡਾ 'ਚ ਵਿਧਾਇਕ ਸੁਖਬੀਰ ਸਿੰਘ ਮਾਈਸਰਖਾਨਾ ਤੇ ਮਾਸਟਰ ਜਗਸੀਰ ਸਿੰਘ ਦੀ ਅਗਵਾਈ ਹੇਠ ਰੋਸ ਮਾਰਚ ਕੱਢਿਆ।

## ਅੱਜ-ਨਾਮਾ

ਗੋਲਡ ਹਾਕੀ ਦਾ ਭਾਰਤ ਦੀ ਟੀਮ ਜਿੱਤੀ,
ਗਿਣਤੀ ਮੈਡਲਾਂ ਦੀ ਸੈਂਕੜੇ ਕੋਲ ਮੀਆਂ।
ਮੁੱਕੇਬਾਜ਼ੀ ਨਾ ਪਿੱਛੇ ਰਹੀ ਤੀਰਅੰਦਾਜ਼ੀ,
ਨਿਸ਼ਾਨੇਬਾਜ਼ੀ ਖੜਕਾਏ ਈ ਢੋਲ ਮੀਆਂ।
ਦੌੜਾਂ ਵਿੱਚ ਵੀ ਵਧੀ ਆ ਟੀਮ ਇੰਡੀਆ,
ਪਿਛਲੇ ਡਿੱਠੇ ਰਿਕਾਰਡ ਸੀ ਫੋਲ ਮੀਆਂ।
ਗੋਲਾ ਸੁੱਟਦਿਆਂ ਫਿਰ ਕਮਾਲ ਕਰ'ਤੀ,
ਸ਼ਾਵਾ-ਸ਼ਾਵਾ ਸਭ ਰਹੇ ਨੇ ਬੋਲ ਮੀਆਂ।
ਜਿਹੜੀ ਖੇਡ ਦਾ ਜਿੱਥੇ ਵੀ ਜ਼ਿਕਰ ਹੁੰਦਾ,
ਇੰਡੀਆ ਟੀਮ ਦੀ ਸੁਣੀਂਦੀ ਗੱਲ ਮੀਆਂ।
ਜਵਾਨੀ ਖੇਡਦੀ ਜਿੱਦਾਂ ਇਸ ਦੇਸ਼ ਵਾਲੀ,
ਵਧਦੀ ਜਾਵੇ ਇਸ ਦੇਸ਼ ਦੀ ਭੱਲ ਮੀਆਂ।

-ਤੀਸ ਮਾਰ ਖਾਂ

## ਜਦੋਂ ਵੀ ਪਾਸਕੂ ਕਮਿਊਨਿਸਟਾਂ ਦੇ ਹੱਥ ਆਇਆ ਤਾਂ ਸਰਕਾਰਾਂ 'ਤੇ ਦਬਾਅ ਬਣਾ ਕੇ ਲੋਕ-ਪੱਖੀ ਕਾਨੂੰਨ ਬਣਵਾਏ : ਜਗਰੂਪ

**ਬਰਨਾਲਾ (ਨ ਜ਼ ਸ)**

ਦੇਸ਼ ਦੀ ਰਾਜਨੀਤੀ ਵਿੱਚ ਕਮਿਊਨਿਸਟਾਂ ਨੇ ਹਮੇਸ਼ਾ ਹਾਂ-ਪੱਖੀ ਰੋਲ ਅਦਾ ਕਰਕੇ ਲੋਕ ਪੱਖੀ ਕਾਨੂੰਨਾਂ ਨੂੰ ਬਣਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਕਮਿਊਨਿਸਟਾਂ ਨੇ ਜਦੋਂ ਵੀ ਸਰਕਾਰਾਂ ਵਿੱਚ ਭਾਗੀਦਾਰੀ ਰੱਖੀ ਤਾਂ ਮੁਜ਼ਾਰਿਆਂ ਨੂੰ ਕਾਨੂੰਨ ਬਣਾ ਕੇ ਜ਼ਮੀਨਾਂ ਦੇ ਮਾਲਕੀ ਹੱਕ ਦਿਵਾਏ, 2004 ਵਿੱਚ ਯੂ ਪੀ ਏ 1 ਸਰਕਾਰ ਵਿੱਚ ਹੁੰਦਿਆਂ ਕੌਮੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ 2005 ਨੂੰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਕਾਮਰੇਡ ਜਗਰੂਪ ਨੇ ਬਾਬਾ ਅਰਜਨ ਸਿੰਘ ਭਦੌੜ ਯਾਦਗਾਰੀ ਭਵਨ ਬਰਨਾਲਾ ਦੇ ਖੁੱਲ੍ਹੇ ਵਿਹੜੇ 'ਚ ਭਾਰਤੀ ਕਮਿਊਨਿਸਟ ਪਾਰਟੀ ਦੇ ਤੇ ਨਰੇਗਾ ਕਾਮਿਆਂ, ਸੈਂਕੜੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਾਮਿਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਦੁਨੀਆ ਪੱਧਰ 'ਤੇ ਕਿਰਤੀਆਂ ਦੀ ਆਰਥਿਕ ਹਾਲਤ ਨਿਘਾਰ ਵੱਲ ਵਧ ਰਹੀ ਹੈ ਤੇ ਦੂਜੇ ਪਾਸੇ ਅਮੀਰ ਹੋਰ ਅਮੀਰ ਹੁੰਦੇ ਜਾ ਰਹੇ ਹਨ। ਅਮੀਰਾਂ ਨੂੰ ਹੋਰ ਅਮੀਰ ਕਰਨ 'ਤੇ ਨਵੀਂ ਤਕਨੀਕ ਦਾ ਬਹੁਤ



ਵੱਡਾ ਹਿੱਸਾ ਹੈ। ਉੱਚ ਤਕਨੀਕ ਦੇ ਚੱਲਦਿਆਂ ਪੈਦਾਵਾਰ ਵਿੱਚ ਅਥਾਹ ਵਾਧਾ ਹੋਇਆ, ਪਰ ਦੁਨੀਆ ਵਿੱਚ ਲੋਕਾਂ ਦੀ ਖ਼ਰੀਦ ਸ਼ਕਤੀ ਘਟਣ ਕਾਰਨ ਦੁਨੀਆ ਆਰਥਿਕ ਮੰਦਹਾਲੀ ਵੱਲ ਵਧ ਰਹੀ ਹੈ। ਬੇਰੁਜ਼ਗਾਰੀ ਦੇ ਖਾਤਮੇ ਲਈ ਜਿੱਥੇ ਕੰਮ-ਦਿਹਾੜੀ ਸਮਾਂ ਘਟਾ ਕੇ 6 ਘੰਟੇ ਕੀਤਾ ਜਾਣਾ ਚਾਹੀਦਾ ਹੈ, ਉਥੇ ਸਾਡੇ ਦੇਸ਼ ਦੀਆਂ ਸਰਕਾਰਾਂ ਕੰਮ ਸਮਾਂ 12 ਘੰਟੇ ਕਰਨ ਦੀਆਂ ਤਿਆਰੀਆਂ ਕਰ ਰਹੀਆਂ ਹਨ। ਪੰਜਾਬ ਦੀ ਇਨਕਲਾਬੀ ਭਗਵੰਤ ਸਿੰਘ ਮਾਨ ਦੀ ਸਰਕਾਰ ਦੇਸ਼ ਦੀਆਂ ਸਾਰੀਆਂ ਸਰਕਾਰਾਂ ਨਾਲੋਂ ਇੱਕ ਨੰਬਰ ਹਾਸਲ ਕਰਦਿਆਂ 12 ਘੰਟੇ ਕੰਮ ਦਾ ਨੋਟੀਫਿਕੇਸ਼ਨ ਜਾਰੀ ਵੀ ਕਰ ਚੁੱਕੀ ਹੈ, ਜੋ ਮਜ਼ਦੂਰ ਜਮਾਤ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਇਸ ਨੋਟੀਫਿਕੇਸ਼ਨ ਦੀ ਵਾਪਸੀ ਤੱਕ ਸੰਘਰਸ਼ ਜਾਰੀ ਰੱਖੇਗੀ। ਇਸ ਇਕੱਠ ਨੂੰ ਸੰਬੋਧਨ ਕਰਦਿਆਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ. ਏਟਕ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਤੇ ਸੀ ਪੀ ਆਈ ਦੇ ਸੂਬਾ ਕਾਰਜਕਾਰਨੀ ਮੈਂਬਰ ਕੁਲਦੀਪ ਸਿੰਘ ਭੋਲਾ, ਸੀ ਪੀ ਆਈ ਦੇ ਜ਼ਿਲ੍ਹਾ ਬਰਨਾਲਾ ਦੇ ਸਕੱਤਰ ਕਾਮਰੇਡ ਖੁਸ਼ੀਆ ਸਿੰਘ ਤੇ ਹਾਕਮ ਸਿੰਘ ਐਡਵੋਕੇਟ, ਖੇਤ ਮਜ਼ਦੂਰ ਆਗੂ ਜੁਗਰਾਜ ਸਿੰਘ ਰਾਮਾ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਨੀਤੀਆਂ ਵਿੱਚ ਬਹੁਤ ਜ਼ਿਆਦਾ ਫ਼ਰਕ ਨਹੀਂ ਹੈ। ਆਗੂਆਂ ਨੇ ਕਿਹਾ ਕਿ ਨਰੇਗਾ ਕਾਮਿਆਂ ਦੀ ਦਿਹਾੜੀ 398 ਰੁਪਏ ਹੈ, ਪਰ ਸਰਕਾਰਾਂ ਕਾਮਿਆਂ ਨੂੰ 303 ਦੇ ਕੇ ਨਰੇਗਾ ਕਾਮਿਆਂ ਨਾਲ ਧ੍ਰੋਹ ਕਮਾ ਰਹੀਆਂ ਹਨ। 95 ਰੁਪਏ ਕਾਮਿਆਂ ਦੇ ਹਰ ਰੋਜ਼ ਦੇ ਮਾਰ ਰਹੀਆਂ ਹਨ। ਖੇਤੀਬਾੜੀ 'ਚ ਤੇ ਹੋਰਨਾਂ ਖੇਤਰਾਂ 'ਚ ਮਸ਼ੀਨੀਕਰਨ ਦੇ ਵਧਣ ਨਾਲ ਕੰਮ ਦੀ ਬਹੁਤ ਘਾਟ ਹੈ। ਇਸ ਲਈ ਨਰੇਗਾ ਕਾਮਿਆਂ ਲਈ ਕੰਮ ਦਿਨਾਂ ਦੀ ਗਿਣਤੀ 200 ਰੁਪਏ ਲਾਜ਼ਮੀ ਕਰਨੀ ਪਵੇਗੀ। ਇਹ ਦੇਸ਼ ਦੇ ਲੋਕਾਂ ਦੀ ਅਣਸਰਦੀ ਲੋੜ ਹੈ।

ਨਰੇਗਾ ਕਾਮਿਆਂ ਨੇ ਕੰਮ ਦੀ ਮੰਗ ਲਈ ਅਰਜ਼ੀ ਕਰਵਾਉਣੀ ਹੁੰਦੀ ਹੈ, ਜੋ ਕਿ ਨਹੀਂ ਕੀਤੀ ਜਾਂਦੀ। ਨਾ ਬੇਰੁਜ਼ਗਾਰੀ ਭੱਤਾ ਦਿੱਤਾ ਜਾਂਦਾ ਹੈ। ਜਦੋਂ ਨਰੇਗਾ ਬਣਿਆ ਹੈ, ਉਦੋਂ ਨਰੇਗਾ ਦੀ ਦਿਹਾੜੀ 6 ਘੰਟੇ ਸੀ, ਪਰ ਬਾਅਦ ਵਿੱਚ 9 ਘੰਟੇ ਕਰ ਦਿੱਤੀ ਗਈ। ਕਾਮਿਆਂ ਨੇ ਮੰਗ ਕੀਤੀ ਕਿ ਨਰੇਗਾ ਕਾਮਿਆਂ ਲਈ ਦਿਹਾੜੀ 6 ਘੰਟੇ ਦੀ ਹੀ ਕੀਤੀ ਜਾਵੇ। ਇਸ ਤੋਂ ਬਾਅਦ ਬਰਨਾਲਾ ਕਚਹਿਰੀਆਂ ਵੱਲ ਮਾਰਚ ਕੀਤਾ ਗਿਆ ਤੇ ਡਿਪਟੀ ਕਮਿਸ਼ਨਰ ਬਰਨਾਲਾ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਸਮੇਂ ਸੁਖਜੰਟ ਸਿੰਘ ਤੇ ਕਾਮਰੇਡ ਬੀਹਲਾ ਸਿੰਘ ਨੇ ਵੀ ਇਕੱਠ ਨੂੰ ਸੰਬੋਧਨ ਕੀਤਾ। ਸੁਖਜੰਟ ਸਿੰਘ ਸੀ ਪੀ ਆਈ ਸਕੱਤਰ ਬਰਨਾਲਾ, ਰਮੇਸ਼ ਕੁਮਾਰ ਹਮਦਰਦ ਪ੍ਰਧਾਨ ਕਲਾਸਫੋਰਥ, ਪ੍ਰਕਾਸ਼ ਸਿੰਘ, ਕੌਰ ਸਿੰਘ ਪ੍ਰਧਾਨ ਡ੍ਰੇਨ ਮਹਿਕਮਾ, ਅਮਰਜੀਤ ਕੌਰ ਧੌਲਾ ਪ੍ਰਧਾਨ ਨਰੇਗਾ, ਸਰਬਜੀਤ ਕੌਰ ਰੂੜੇਕੇ, ਗੁਰਜ਼ਾਰ ਸਿੰਘ ਧੌਲਾ ਖੁੱਡੀ ਵੇਹੜਾ ਧੌਲਾ, ਕਾਮਰੇਡ ਖੁਸ਼ੀਆ ਸਿੰਘ ਜ਼ਿਲ੍ਹਾ ਸਕੱਤਰ ਸੀ ਪੀ ਆਈ ਬਰਨਾਲਾ ਸ਼ਾਮਲ ਸਨ।

7-OCT-PAGE-1.qxd 10/6/2023 9:49 PM Page 2



## ਡਾ. ਲਾਜਪਤ ਰਾਏ ਮਹਿਰਾ ਦੀ ਯਾਦ 'ਚ ਚੈੱਕਅੱਪ ਕੈਂਪ



**ਮੁਕਤਸਰ (ਸ਼ਮਿੰਦਰਪਾਲ, ਪੁਜਾ)**-ਸ੍ਰੀ ਮੁਕਤਸਰ ਸਾਹਿਬ ਦੇ ਚੱਕ ਬੀੜ ਸਰਕਾਰ ਰੋਡ 'ਤੇ ਭਾਰਤੀ ਹਸਪਤਾਲ ਸਥਿਤ ਨਿਊਰੋ ਥੈਰੇਪੀ ਉਪਚਾਰ ਕੇਂਦਰ 'ਚ ਨਿਊਰੋ ਥੈਰੇਪੀ ਦੇ ਜਨਮਦਾਤਾ ਡਾ. ਲਾਜਪਤ ਰਾਏ ਮਹਿਰਾ ਦੀ ਯਾਦ ਨੂੰ ਸਮਰਪਤ ਕੈਂਪ ਲਾਇਆ ਗਿਆ। ਕੈਂਪ ਦਾ ਉਦਘਾਟਨ ਸੀਐੱਨਈ ਟੀਮ ਦੇ ਪ੍ਰਮੁੱਖ ਡਾ. ਮੁਕੇਸ਼ ਕੋਚਰ ਨੇ ਕੀਤਾ। ਕੈਂਪ 'ਚ ਕੁੱਲ 70 ਮਰੀਜ਼ਾਂ ਦੀ ਮੁਫਤ ਨਿਊਰੋਥੈਰੇਪੀ ਤਕਨੀਕ ਨਾਲ ਜਾਂਚ ਕੀਤੀ ਗਈ। ਮਰੀਜ਼ਾਂ ਦਾ ਚੈੱਕਅੱਪ ਡਾ. ਮੁਕੇਸ਼ ਕੋਚਰ, ਡਾ. ਲਖਵਿੰਦਰ ਸਿੰਘ, ਡਾ. ਪੀ ਕੇ ਲਲਹੋਤਰਾ, ਡਾ. ਐੱਮ ਕੇ ਲਲਹੋਤਰਾ, ਡਾ. ਕਰਨ ਨੇ ਕੀਤਾ, ਜਦਕਿ ਹਸਪਤਾਲ ਦੀ ਡਾ. ਮੀਨਾਕਸ਼ੀ ਭਾਰਤੀ ਨੇ ਡਾਕਟਰਾਂ ਦੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਅਸ਼ੋਕ ਭਾਰਤੀ, ਨਿਊਰੋਥੈਰੇਪਿਸਟ ਕਰਨ ਸਿੰਘ, ਦੀਪਕ ਕੁਮਾਰ, ਲਲਿਤ ਕੁਮਾਰ, ਗੁਰਬਾਜ ਸਿੰਘ ਆਦਿ ਮੌਜੂਦ ਸਨ।

## ਬਲੌਜ਼ਮਜ਼ ਕਾਨਵੈਂਟ ਸਕੂਲ ਦੀ ਹੈਂਡਬਾਲ ਟੀਮ ਤੀਸਰੇ ਸਥਾਨ 'ਤੇ ਰਹੀ



**ਜਗਰਾਓਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਦੀ ਹੈਂਡਬਾਲ ਟੀਮ ਜ਼ਿਲ੍ਹਾ ਪੱਧਰੀ ਖੇਡਾਂ ਦੌਰਾਨ ਤੀਸਰੇ ਸਥਾਨ 'ਤੇ ਰਹੀ। ਜ਼ੋਨ ਦੀਆਂ ਖੇਡਾਂ ਵਿੱਚੋਂ ਚੰਗੇ ਮਾਅਰਕੇ ਮਾਰਦੇ ਹੋਏ ਵਿਦਿਆਰਥੀਆਂ ਨੇ ਇਹ ਦਰਜਾ ਹਾਸਲ ਕੀਤਾ। ਬਹੁਤ ਥੋੜ੍ਹੇ ਸਮੇਂ ਵਿੱਚ ਕੀਤੀ ਮਿਹਨਤ ਨੇ ਉਨ੍ਹਾਂ ਨੂੰ ਇਸ ਸਥਾਨ ਤੱਕ ਪਹੁੰਚਦਾ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਕੋਚ ਮਿ. ਅਮਨਦੀਪ ਸਿੰਘ ਤੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇੱਕ ਖਿਡਾਰੀ ਵਿੱਚ ਜਿੱਤਣ ਦਾ ਜਜ਼ਬਾ ਹੋਣਾ ਜ਼ਰੂਰੀ ਹੈ, ਰਸਤਾ ਆਪਣੇ ਆਪ ਬਣ ਜਾਂਦਾ ਹੈ। ਇਨ੍ਹਾਂ ਵਿਦਿਆਰਥੀਆਂ ਨੇ ਬਹੁਤ ਘੱਟ ਸਮੇਂ ਵਿੱਚ ਕੀਤੀ ਮਿਹਨਤ ਸਦਕਾ ਚੰਗੀ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਇਸ ਨਤੀਜੇ 'ਤੇ ਰਹੇ। ਅਸੀਂ ਆਸ ਕਰਦੇ ਹਾਂ ਕਿ ਅੱਗੇ ਤੋਂ ਇਹ ਵਿਦਿਆਰਥੀ ਹੋਰ ਮਿਹਨਤ ਕਰਨਗੇ।

## ਬਾਬਾ ਬਰਫਾਨੀ ਸੇਵਾ ਮੰਡਲ ਵੱਲੋਂ ਖ਼ੂਨਦਾਨ ਕੈਂਪ 8 ਨੂੰ, ਪੋਸਟਰ ਰਿਲੀਜ਼



**ਬਾਘਾ ਪੁਰਾਣਾ (ਮਨੀ ਸਿੰਗਲਾ)**-ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਆ ਰਹੀ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਬਾਬਾ ਬਰਫਾਨੀ ਸੇਵਾ ਮੰਡਲ, ਸ੍ਰੀ ਸਾਲਾਸਰ ਸੇਵਾ ਮੰਡਲ ਬਾਘਾ ਪੁਰਾਣਾ, ਪੀ ਬੀ ਵੈੱਲਫੇਅਰ ਕਲੱਬ ਵੱਲੋਂ ਖ਼ੂਨਦਾਨ ਕੈਂਪ 8 ਅਕਤੂਬਰ ਨੂੰ ਜਨਤਾ ਧਰਮਸ਼ਾਲਾ ਨਿਹਾਲ ਸਿੰਘ ਵਾਲਾ ਰੋਡ ਵਿਖੇ ਲਾਇਆ ਜਾ ਰਿਹਾ ਹੈ। ਪ੍ਰਧਾਨ ਪ੍ਰਵੀਨ ਗੋਇਲ, ਵਿਜੇ ਗੁਪਤਾ, ਆਸ਼ੂਤੋਸ਼ ਭੰਡਾਰੀ, ਮਨੀ ਗਰਗ, ਰਾਜੇਸ਼ ਰਾਜਾ, ਤੀਰਥ ਬਾਂਸਲ ਨੇ ਦੱਸਿਆ ਕਿ ਲੱਗ ਰਹੇ ਖ਼ੂਨਦਾਨ ਕੈਂਪ ਵਿੱਚ ਦਾਨੀਆਂ ਨੂੰ ਵੱਧ ਤੋਂ ਵੱਧ ਖ਼ੂਨ ਦਾਨ ਕਰਨਾ ਚਾਹੀਦਾ ਹੈ, ਕਿਉਂਕਿ ਇਸ ਵੇਲੇ ਡੇਂਗੂ ਤੇ ਹੋਰ ਭਿਆਨਕ ਬਿਮਾਰੀਆਂ ਚੱਲ ਰਹੀਆਂ ਹਨ, ਇਸ ਲਈ ਮਰੀਜ਼ਾਂ ਨੂੰ ਬਹੁਤ ਜ਼ਰੂਰਤ ਹੈ ਤਾਂ ਕਿ ਲੋੜ ਵੇਲੇ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਈ ਜਾ ਸਕੇ। ਆਈਲਟਸ ਇਮੀਗ੍ਰੇਸ਼ਨ ਐਸੋਸੀਏਸ਼ਨ ਦੇ ਪੰਕਜ ਗੁਪਤਾ ਟੱਚ ਸਕਾਈ, ਗੌਰਵ ਬਾਂਸਲ, ਪੰਕਜ ਬਾਂਸਲ ਇੰਗਲਿਸ਼ ਸਟੂਡੀਓ, ਹਰਲਾਲ ਮਾਨ ਜੇ ਐੱਮ ਐੱਸ, ਕੁਲਦੀਪ ਸਿੰਘ ਗਿੱਲ ਪ੍ਰਫੈਕਟ, ਅਰਸ਼ਦੀਪ ਬਰਾੜ ਪੈਸ਼ਨ, ਹਰਿੰਦਰ ਬਰਾੜ ਐਡੀਸ਼ਨ, ਅਮਨਦੀਪ ਸਿੰਘ ਨਿਊ ਜੇ ਐੱਮ ਨੇ ਲੱਗ ਰਹੇ ਖ਼ੂਨਦਾਨ ਕੈਂਪ ਲਈ ਇਕ ਪੋਸਟਰ ਜਾਰੀ ਕਰਦਿਆਂ ਕਿਹਾ ਕਿ ਸੰਸਥਾਵਾਂ ਵੱਲੋਂ ਲਗਾਏ ਜਾ ਰਹੇ ਕੈਂਪ ਵਿੱਚ ਆਈਲਟਸ, ਇਮੀਗ੍ਰੇਸ਼ਨ ਐਸੋਸੀਏਸ਼ਨ ਵੱਲੋਂ ਭਰਪੂਰ ਸਹਿਯੋਗ ਕੀਤਾ ਜਾਵੇਗਾ।

## ਮਾਡਰਨ ਕਾਲਜ ਵਿਖੇ ਵਿਸ਼ਵ ਅਧਿਆਪਕ ਦਿਵਸ ਮਨਾਇਆ



**ਚੀਮਾਂ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਬੀਰ ਕਲਾਂ ਵਿਖੇ ਪ੍ਰਿੰਸੀਪਲ ਡਾ. ਵੀ. ਕੇ. ਰਾਏ ਤੇ ਸੰਸਥਾ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਦੀ ਅਗਵਾਈ ਹੇਠ ਵਿਸ਼ਵ ਅਧਿਆਪਕ ਦਿਵਸ ਮੌਕੇ ਇੱਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਕਾਲਜ ਦੇ ਸਾਰੇ ਪ੍ਰੋਫੈਸਰ ਸਾਹਿਬਾਨ ਸਮੇਤ ਸਾਰੇ ਹੀ ਵਿਦਿਆਰਥੀ ਸ਼ਾਮਲ ਹੋਏ। ਸਭ ਤੋਂ ਪਹਿਲਾਂ ਕਾਲਜ ਦੇ ਪ੍ਰਿੰਸੀਪਲ ਡਾ. ਵੀ. ਕੇ. ਰਾਏ ਨੇ ਜਾਣਕਾਰੀ ਦਿੰਦੇ ਕਿਹਾ ਕਿ ਵਿਸ਼ਵ ਅਧਿਆਪਕ ਦਿਵਸ ਹਰ ਸਾਲ 5 ਅਕਤੂਬਰ ਨੂੰ ਪੂਰੀ ਦੁਨੀਆ ਵਿੱਚ ਮਨਾਇਆ ਜਾਂਦਾ ਹੈ। ਉਨ੍ਹਾ ਕਿਹਾ ਕਿ ਵਿਸ਼ਵ ਭਰ ਵਿੱਚ ਅਧਿਆਪਕਾਂ ਵੱਲੋਂ ਬਿਹਤਰ ਯੋਗਦਾਨ ਦੇਣ 'ਤੇ ਅਧਿਆਪਕਾਂ ਦਾ ਧੰਨਵਾਦ ਕਰਨ ਲਈ ਇਹ ਦਿਵਸ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ ਬੀ. ਐੱਡ. ਤੇ ਡੀ.ਐੱਲ.ਐੱਡ. ਕੋਰਸ ਕਰ ਰਹੇ ਵਿਦਿਆਰਥੀ, ਜੋ ਕਿ ਅੱਗੇ ਜਾ ਕੇ ਖੁਦ ਅਧਿਆਪਕ ਬਣਨ ਜਾ ਰਹੇ ਹਨ, ਉਨ੍ਹਾਂ ਵੱਲੋਂ ਵੀ ਅਧਿਆਪਕ ਦਿਵਸ ਮੌਕੇ ਅਨੇਕਾਂ ਸਪੀਚ ਦਿੱਤੇ ਗਏ। ਵਿਦਿਆਰਥੀਆਂ ਵੱਲੋਂ ਕਈ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤੇ ਗਏ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਨੇ ਇਸ ਸਮਾਗਮ ਵਿੱਚ ਭਾਗ ਲੈਣ ਲਈ ਸਾਰੇ ਹੀ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਅਤੇ ਦੱਸਿਆ ਕਿ ਅਧਿਆਪਕ ਦਿਵਸ ਹੋਰ ਵੀ ਸਾਰਥਕ ਹੋਵੇਗਾ, ਜੇਕਰ ਅਧਿਆਪਕ ਉਸ ਦਿਨ ਵਿਦਿਆਰਥੀਆਂ ਲਈ ਵਧੇਰੇ ਸੁਹਿਰਦ ਤੇ ਆਦਰਸ਼ ਬਣਨ ਦਾ ਪ੍ਰਣ ਲੈਣ। ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰ ਤੇ ਵਿਦਿਆਰਥੀ ਮੌਜੂਦ ਸਨ।

## ਗੁਰੂ ਅਮਰਦਾਸ ਜੀ ਦਾ ਜੋਤੀ-ਜੋਤ ਗੁਰਪੁਰਬ ਮਨਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ੍ਰੀ ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਗੁਰਪੁਰਬ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਕਟੋਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਥਿਤ ਗੁਰਦੁਆਰਾ ਭਲਾਈ ਸਾਹਿਬ ਪਾਤਸ਼ਾਹੀ ਤੀਜੀ ਸ੍ਰੀ ਗੁਰੂ ਅਮਰਦਾਸ ਜੀ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। 3 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ, ਜਿਨ੍ਹਾਂ ਦੇ 5 ਅਕਤੂਬਰ ਨੂੰ ਭੋਗ ਪਾਏ ਗਏ। ਭੋਗ ਉਪਰੰਤ ਖੁੱਲ੍ਹੇ ਪੰਡਾਲ ਵਿੱਚ ਦੀਵਾਨ ਸਜਾਏ ਗਏ, ਜਿਨ੍ਹਾਂ ਵਿੱਚ ਸੰਤ ਬਾਬਾ ਸੁੱਚਾ ਸਿੰਘ ਜੀ ਠਾਠ ਨਾਨਕਸਰ ਛਾਂਗਾ ਖੁਰਦ, ਭਾਈ ਲਖਵੀਰ ਸਿੰਘ 'ਮਸਤ' ਅਵਾਜ਼-ਏ-ਪੰਜਾਬ ਕਵੀਸ਼ਰੀ ਜੱਥਾ ਤਰਨ ਤਾਰਨ ਸਾਹਿਬ ਵਾਲੇ, ਭਾਈ ਕੁਲਦੀਪ ਸਿੰਘ ਕਥਾ ਵਾਚਕ (ਲੱਖੋ ਕੇ ਬਹਿਰਾਮ), ਭਾਈ ਅੰਮ੍ਰਿਤਪ੍ਰੀਤ ਸਿੰਘ ਰਾਗੀ ਜੱਥਾ (ਫਿਰੋਜ਼ਪੁਰ), ਬੀਬੀ ਦਲਜੀਤ ਕੌਰ ਕਥਾ ਵਾਚਕ (ਅਰਮਾਨਪੁਰਾ), ਭਾਈ ਹਰਜਿੰਦਰ ਸਿੰਘ ਕਵੀਸ਼ਰੀ ਜੱਥਾ ਅਟਾਰੀ, ਭਾਈ ਬੋਹੜ ਸਿੰਘ ਢਾਡੀ ਜੱਥਾ (ਬਾਰੇ ਕੇ) ਤੇ ਗੁਰੂ ਰਾਮ ਦਾਸ ਸੀਨੀਅਰ ਸੈਕੰਡਰੀ ਸਕੂਲ ਦੇ ਬੱਚਿਆਂ ਨੇ ਸੰਗਤਾਂ ਨੂੰ ਕਥਾ ਵਿਚਾਰਾਂ, ਕਵੀਸ਼ਰੀ ਤੇ ਕੀਰਤਨ ਨਾਲ ਨਿਹਾਲ ਕੀਤਾ। ਇਸ ਮੌਕੇ ਗੁਰਦੁਆਰਾ ਰਾਮਦਾਸਪੁਰੀ ਦੇ ਮੁੱਖ ਸੇਵਾਦਾਰ ਭਗਤ ਮਿਲਖਾ ਸਿੰਘ ਜੀ ਨੇ ਦੂਰੋਂ ਨੇੜਿਓਂ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ। ਬਾਬਾ ਜੀ ਨੇ ਸੰਗਤਾਂ ਨੂੰ ਅੰਮ੍ਰਿਤ ਛਕਣ ਤੇ ਗੁਰੂ ਘਰ ਨਾਲ ਜੁੜਨ ਦੀ ਪ੍ਰੇਰਣਾ ਦਿੱਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਕੇਂਦਰੀ ਲੇਖਕ ਸਭਾ ਦੇ ਅਹੁਦੇਦਾਰਾਂ ਨੂੰ ਕੀਤਾ ਸਨਮਾਨਤ



**ਧੂਰੀ (ਸੁਖਦੇਵ ਧੂਰੀ)**-ਪੰਜਾਬੀ ਸਾਹਿਤ ਸਭਾ ਧੂਰੀ ਦੀ ਮਾਸਿਕ ਇਕੱਤਰਤਾ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਭਵਨ ਵਿਖੇ ਮੂਲ ਚੰਦ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ, ਕਿਉਂਕ ਇਹ ਮੀਟਿੰਗ ਸ਼ਹੀਦ ਭਗਤ ਸਿੰਘ, ਮਹਾਤਮਾ ਗਾਂਧੀ ਤੇ ਲਾਲ ਬਹਾਦਰ ਸ਼ਾਸਤਰੀ ਦੇ ਜਨਮ ਦਿਨਾਂ ਨੂੰ ਸਮਰਪਤ ਸੀ, ਇਸ ਲਈ ਸੁਆਗਤੀ ਸ਼ਬਦਾਂ ਤੋਂ ਮਗਰੋਂ ਉਨ੍ਹਾਂ ਸਮੇਤ ਸਾਰੇ ਸ਼ਹੀਦਾਂ ਤੋਂ ਇਲਾਵਾ ਆਪਣੇ ਪੁਰਾਣੇ ਸਾਥੀ ਸਾਹਿਤਕਾਰ ਸੁਰਿੰਦਰ ਸਿੰਘ ਰਾਜਪੂਤ, ਪ੍ਰਸਿੱਧ ਖੇਤੀ ਮਾਹਰ ਐੱਮ ਐੱਸ ਸੁਆਮੀਨਾਥਨ, ਸੇਵੀ ਰਾਇਤ ਤੇ ਹੋਰਨਾਂ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਦੂਸਰੇ ਦੌਰ ਵਿੱਚ ਹੋਏ ਵਿਸ਼ਾਲ ਕਵੀ ਦਰਬਾਰ ਵਿੱਚ ਪੰਮੀ ਫਗੂਵਾਲੀਆ, ਰਜਿੰਦਰ ਸਿੰਘ ਰਾਜਨ, ਜਗਦੇਵ ਸ਼ਰਮਾ ਬੁਗਰਾ, ਪ੍ਰਿੰ. ਕਿਰਪਾਲ ਸਿੰਘ ਜਵੰਦਾ, ਚਰਨਜੀਤ ਮੀਮਸਾ, ਸੁਖਦੇਵ ਸ਼ਰਮਾ, ਜਗਤਾਰ ਸਿੰਘ ਸਿੱਧੂ, ਮਹਿੰਦਰ ਜੀਤ ਸਿੰਘ, ਸੁਰਿੰਦਰ ਸ਼ਰਮਾ ਹਰਚੰਦਪੁਰੀ, ਬਲਵੰਤ ਕੌਰ ਘਨੌਰੀ, ਅਮਨਦੀਪ ਕੌਰ, ਖੁਸ਼ਪ੍ਰੀਤ ਕੌਰ, ਮੀਤ ਸਕਰੌਦੀ, ਅਸ਼ੋਕ ਭੰਡਾਰੀ, ਪਾਲ ਈਸੜੇਵਾਲ਼ਾ, ਗੁਰਜੰਟ ਮੀਮਸਾ ਤੇ ਗੁਰਦਿਆਲ ਨਿਰਮਾਣ ਧੂਰੀ ਨੇ ਆਪੋ ਆਪਣੀਆਂ ਸਜਰੀਆਂ ਤੇ ਚੋਣਵੀਆਂ ਰਚਨਾਵਾਂ ਪੇਸ਼ ਕਰਕੇ ਖੂਬ ਰੰਗ ਬੰਨ੍ਹਿਆ। ਅੰਤ ਵਿੱਚ ਮੂਲ ਚੰਦ ਸ਼ਰਮਾ ਤੇ ਰਜਿੰਦਰ ਰਾਜਨ ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਕ੍ਰਮਵਾਰ ਮੀਤ ਪ੍ਰਧਾਨ ਤੇ ਸਕੱਤਰ ਚੁਣੇ ਜਾਣ 'ਤੇ ਮੁਬਾਰਕਬਾਦ ਦਿੰਦਿਆਂ ਸਨਮਾਨਤ ਵੀ ਕੀਤਾ ਗਿਆ ਅਤੇ ਵੈੱਬ ਪੋਰਟਲ ਨਿਊਜ਼ ਕਲਿੱਕ ਨਾਲ ਜੁੜੇ ਪੱਤਰਕਾਰਾਂ ਤੇ ਮੁਲਾਜ਼ਮਾਂ ਦੇ ਘਰਾਂ 'ਚ ਛਾਪੇਮਾਰੀ ਤੇ ਗ੍ਰਿਫਤਾਰੀ ਦੀ ਨਿਖੇਧੀ ਕਰਦਿਆਂ ਇਸ ਨੂੰ ਪ੍ਰੈੱਸ ਦੀ ਜ਼ੁਬਾਨਬੰਦੀ ਤੇ ਲੋਕ ਪੱਖੀ ਕਦਰਾਂ ਕੀਮਤਾਂ ਉੱਪਰ ਹਮਲਾ ਕਰਾਰ ਦਿੱਤਾ।

# ਨਵੀਂ ਕਮੇਟੀ ਦੇ ਗਠਨ ਨਾਲ ਹਲਕੇ 'ਚ ਕਾਂਗਰਸ ਮਜ਼ਬੂਤ ਹੋਵੇਗੀ : ਰਾਜਾ ਗਿੱਲ



**ਸਮਰਾਲਾ (ਸੁਰਜੀਤ ਸਿੰਘ)**-ਬਲਾਕ ਕਾਂਗਰਸ ਕਮੇਟੀ ਸ਼ਹਿਰੀ ਸਮਰਾਲਾ ਦੀ ਪਹਿਲੀ ਮੀਟਿੰਗ ਸ੍ਰ. ਰੁਪਿੰਦਰ ਸਿੰਘ ਰਾਜਾ ਗਿੱਲ ਹਲਕਾ ਇੰਚਾਰਜ ਕਾਂਗਰਸ ਪਾਰਟੀ ਦੇ ਗ੍ਰਹਿ ਵਿਖੇ ਰੁਪਿੰਦਰ ਸਿੰਘ ਰਾਜਾ ਗਿੱਲ ਤੇ ਸਨੀ ਦੂਆ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿੱਚ ਸਮਰਾਲਾ ਸ਼ਹਿਰੀ ਬਲਾਕ ਕਾਂਗਰਸ ਕਮੇਟੀ 31 ਮੈਂਬਰੀ ਦਾ ਗਠਨ ਕੀਤਾ ਗਿਆ। ਰੁਪਿੰਦਰ ਸਿੰਘ ਰਾਜਾ ਗਿੱਲ ਨੇ ਨਵੇਂ ਚੁਣੇ ਗਏ ਮੈਂਬਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਕਾਂਗਰਸ ਪਾਰਟੀ ਵਿੱਚ ਤੁਹਾਡਾ ਪੂਰਾ ਮਾਣ ਤੇ ਸਤਿਕਾਰ ਕੀਤਾ ਜਾਵੇਗਾ। ਸਨੀ ਦੂਆ ਸ਼ਹਿਰੀ ਪ੍ਰਧਾਨ ਨੇ ਕਿਹਾ ਕਿ 31 ਮੈਂਬਰਾਂ ਦੇ ਗਠਨ ਨਾਲ ਕਾਂਗਰਸ ਪਾਰਟੀ ਸਮਰਾਲਾ ਸ਼ਹਿਰ ਵਿੱਚ ਹੋਰ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ ਕਿ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਇਆ ਜਾਵੇਗਾ। ਉਨ੍ਹਾਂ ਨੇ ਨਵੇਂ ਚੁਣੇ ਸਾਰੇ ਮੈਂਬਰਾਂ ਨੂੰ ਵਧਾਈ ਵੀ ਦਿੱਤੀ। ਇਸ ਮੌਕੇ ਹਾਜ਼ਰ ਸੀਨੀਅਰ ਕਾਂਗਰਸੀ ਆਗੂ ਸ੍ਰੀ ਅਮਰ ਨਾਥ ਟਾਂਗਰਾ, ਵਾਈਸ ਪ੍ਰਧਾਨ ਜ਼ਿਲ੍ਹਾ ਕਾਂਗਰਸ ਮਨਦੀਪ ਖੁੱਲਰ ਤੇ ਨਵੇਂ ਚੁਣੇ ਅਹੁਦੇਦਾਰ, ਜਿਨਾਂ ਵਿੱਚ ਪ੍ਰੇਮ ਨਾਥ ਦਾਨਾ ਸੀਨੀਅਰ ਮੀਤ ਪ੍ਰਧਾਨ, ਅਮਰਜੀਤ ਮਿਗਲਾਨੀ, ਇਕਬਾਲ ਸਿੰਘ, ਨਵਰੂਪ ਧਾਲੀਵਾਲ, ਸਨੀ ਸ਼ਰਮਾ (ਸਾਰੇ ਮੀਤ ਪ੍ਰਧਾਨ), ਮੰਗਤ ਰਾਏ ਪ੍ਰਭਾਕਰ, ਬਖਸ਼ੀਸ਼ ਸਿੰਘ, ਹਰਮਿੰਦਰ ਸਿੰਘ ਕਾਕਾ, ਕੁਲਵਿੰਦਰ ਸਿੰਘ, ਦਰਸ਼ਨ ਸਿੰਘ, ਮਨਦੀਪ ਸਿੰਘ, ਮਹੇਸ਼ ਕੁਮਾਰ ਮੋਨੂ, ਰਾਕੇਸ਼ ਕੁਮਾਰ ਇੰਟੂ (ਸਾਰੇ ਜਨਰਲ ਸਕੱਤਰ), ਰਜਿੰਦਰ ਮੱਟੂ, ਮੋਦੀ ਸ਼ੁਕਲਾ, ਪਰਮਿੰਦਰ ਸਿੰਘ, ਸੁਸ਼ੀਲ ਕੁਮਾਰ, ਦਲੀਪ ਕੁਮਾਰ ਦੀਪਾ, ਅਜਮੇਰ ਸਿੰਘ, ਪਵਨਦੀਪ ਸਿੰਘ, ਦਰਸ਼ਨ ਸਿੰਘ, ਸੁਰਿੰਦਰ ਸਿੰਘ, ਗਗਨ ਕੁਮਾਰ, ਸੁਰੇਸ਼ ਕੁਮਾਰ (ਸਾਰੇ ਸਕੱਤਰ), ਜੁਗਲ ਕਿਸ਼ੋਰ ਸਾਹਨੀ ਬੁਲਾਰਾਤੇ ਨਿਤੀਸ਼ ਸ਼ੋਰੀ ਮੀਡੀਆ ਸਕੱਤਰ, ਆਸ਼ੂ ਵਰਮਾ ਸੋਸ਼ਲ ਮੀਡੀਆ ਇੰਚਾਰਜ, ਸੰਕਰ ਦਾਸ ਸੋਨੂ, ਮੋਹਿਤ ਕੁਮਾਰ, ਗਰੀਸ ਦੁਆ (ਸਾਰੇ ਸੋਸ਼ਲ ਮੀਡੀਆ ਕੋਆਰਡੀਨੇਟਰ) ਤੇ ਵਿਪਨ ਵਡੇਰਾ ਖਜ਼ਾਨਚੀ ਆਦਿ ਮੈਂਬਰ ਹਾਜ਼ਰ ਹੋਏ।

## ਸਰਬੰਸਦਾਨੀ ਸੇਵਾ ਵੈਲਫੇਅਰ ਕਲੱਬ ਵੱਲੋਂ ਲੋਕ ਭਲਾਈ ਦੇ ਕਾਰਜਾਂ ਲਈ ਅਰਦਾਸ ਕਰਾਈ

**ਬੁਢਲਾਡਾ (ਅਸ਼ੋਕ ਲਾਕੜਾ)**-ਪਿਛਲੇ ਸਾਲਾਂ ਤੋਂ ਲੋਕ ਸੇਵਾ ਕਰ ਰਹੇ ਵੱਖ-ਵੱਖ ਸਮਾਜ ਸੇਵੀਆਂ ਨੇ ਨਵਾਂ ਕਲੱਬ, ਜਿਸਦਾ ਨਾਂਅ ਦਾ ਸਰਬੰਸਦਾਨੀ ਸੇਵਾ ਵੈਲਫੇਅਰ ਕਲੱਬ ਮਾਨਸਾ ਰਜਿ.137 ਰਜਿਸਟਰ ਕਰਾ ਕੇ ਲੋਕ ਭਲਾਈ ਦੇ ਕੰਮ ਕਰਨ ਦੇ ਉਦੇਸ਼ਾਂ ਨੂੰ ਸਮਰਪਤ ਸ੍ਰੀ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਪਿੰਡ ਵਰ੍ਹੇ (ਬੁਢਲਾਡਾ) ਵਿਖੇ ਅਰਦਾਸ ਕਰਾਈ ਗਈ, ਗੁਰੂ ਸਾਹਿਬ ਦਾ ਓਟ ਆਸਰਾ ਲੈ ਕੇ ਸਾਰੇ ਫੈਸਲੇ ਅਨੁਸਾਰ ਸਾਰੇ ਅਹੁਦੇਦਾਰਾਂ ਵੱਲੋਂ ਕੀਤੇ ਜਾਣ ਵਾਲੇ ਕਾਰਜ ਜਿਵੇਂ ਖ਼ੂਨਦਾਨ ਕੈਂਪ, ਅੱਖਾਂ ਦੇ ਕੈਂਪ, ਲੋੜਵੰਦਾਂ ਦਾ ਇਲਾਜ ਤੇ ਰਾਸ਼ਨ ਦੇਣਾ, ਗਰੀਬ ਪਰਵਾਰਾਂ ਦੀਆਂ ਲੜਕੀਆਂ ਦੇ ਵਿਆਹ ਅਤੇ ਪੜ੍ਹਾਈ ਦੀ ਫ਼ੀਸ ਆਦਿ ਹੋਰ ਅਨੇਕਾਂ ਕੰਮ ਕਲੱਬ ਵੱਲੋਂ ਕੀਤੇ ਜਾਣਗੇ। ਇਸ ਤੋਂ ਪਹਿਲਾਂ ਕਲੱਬ ਵੱਲੋਂ ਸ਼ਿਵ ਸ਼ਕਤੀ ਗੁੱਗਾ ਮੈੜੀ ਗਊਸ਼ਾਲਾ ਮਾਨਸਾ ਨੂੰ 10 ਗੱਟੇ ਸੀਮਿੰਟ ਤੇ ਇੱਕ ਟਰਾਲੀ ਰੇਤੇ ਦੀ ਦਾਨ ਕੀਤੀ ਗਈ। ਇਹ ਜਾਣਕਾਰੀ ਕਲੱਬ ਪ੍ਰਧਾਨ ਨਛੱਤਰ ਸਿੰਘ ਖਾਰਾ (ਸੱਤਾ ਖਾਰਾ) ਨੇ ਦਿੱਤੀ। ਇਸ ਮੌਕੇ ਚੈਅਰਮੈਨ ਬਿੱਕਰ ਸਿੰਘ ਭੁਲੇਰੀਆ, ਖ਼ਜ਼ਾਨਚੀ ਵਿਨੋਦ ਕੁਮਾਰ ਟੀਟੂ ਦਾਨੇਵਾਲੀਆ, ਸਕੱਤਰ ਤੇਜਿੰਦਰ ਸਿੰਘ ਤਾਮਕੋਟ, ਉਪ ਸਕੱਤਰ ਗੁਰਜੀਤ ਸਿੰਘ ਵਰ੍ਹੇ, ਪ੍ਰੈਸ ਸਕੱਤਰ ਡਾਕਟਰ ਗੁਰਲਾਲ ਸਿੰਘ ਬੁਢਲਾਡਾ, ਮੈਂਬਰ ਪੰਮਾ ਬਾਬਾ, ਤਾਰੀ ਸਿੰਘ ਭੁੱਲਰ, ਡਾਕਟਰ ਮਨਪ੍ਰੀਤ ਸਿੰਘ ਕਾਲਾ, ਡਾਕਟਰ ਗੁਰਤੇਜ ਸਿੰਘ ਖਾਰਾ, ਵਿੱਕੀ ਢਿੱਲੋਂ ਖਾਰਾ, ਵਰਿੰਦਰ ਕੁਮਾਰ ਵਿੱਕੀ ਖਾਰਾ, ਸੁਮਨਦੀਪ ਸਿੰਘ ਖਾਰਾ ਤੇ ਦਰਸ਼ੀ ਸਿੰਘ ਮਾਨਸਾ ਹਾਜ਼ਰ ਸਨ।

## ਜ਼ਿਲ੍ਹਾ ਪੱਧਰੀ ਸਮੂਹ ਗਾਇਨ ਮੁਕਾਬਲੇ 'ਚ ਦਸਮੇਸ਼ ਪਬਲਿਕ ਸਕੂਲ ਦੀ ਟੀਮ ਅੱਵਲ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਜ਼ਿਲ੍ਹਾ ਪੱਧਰੀ ਸਮੂਹ ਗਾਇਨ ਮੁਕਾਬਲੇ ਮਹਾਤਮਾ ਗਾਂਧੀ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਕਰਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਜ਼ਿਲ੍ਹੇ ਭਰ ਦੇ ਵੱਖ-ਵੱਖ ਸਕੂਲਾਂ ਦੀਆਂ ਟੀਮਾਂ ਵੱਲੋਂ ਭਾਗ ਲਿਆ ਗਿਆ।

ਦਸਮੇਸ਼ ਪਬਲਿਕ ਸਕੂਲ ਫ਼ਰੀਦਕੋਟ ਦੇ ਵਿਦਿਆਰਥੀਆਂ ਨੇ ਸੀਨੀਅਰ ਵਰਗ (ਨੌਵੀਂ-ਦਸਵੀਂ) 'ਚ ਭਾਗ ਲੈਂਦਿਆਂ ਪਹਿਲ ਸਥਾਨ ਹਾਸਲ ਕੀਤਾ ਤੇ ਸਕੂਲ ਦਾ ਨਾਂਅ ਰੋਸ਼ਨ ਕੀਤਾ। ਗਾਇਨ ਮੁਕਾਬਲੇ 'ਚ ਅੱਵਲ ਰਹਿਣ ਵਾਲੀਆਂ ਹੋਣਹਾਰ ਵਿਦਿਆਰਥਣਾਂ ਰੋਜ਼ਕੀਰਤ ਕੌਰ, ਗੁਰਸ਼ੀਨ ਕੌਰ, ਸ਼ਿਵਾਨਸ਼ੀ, ਨਮਿਆ ਅਰੋੜਾ, ਸੁਭਨੀਤ ਕੌਰ, ਚਿਤਰਕਸ਼ੀ ਗੋਇਲ, ਪਰਨੀਤ ਕੌਰ ਬੈਂਸ ਤੇ ਵਿਨਜੋਤ ਕੌਰ ਦਾ ਸਕੂਲ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਗਿਆ ਤੇ ਸਕੂਲ ਪ੍ਰਬੰਧਕਾਂ ਵਲੋਂ ਸਨਮਾਨਤ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਅਪੂਰਵ ਦੇਵਗਨ ਤੇ ਵਾਇਸ ਪ੍ਰਿੰਸੀਪਲ ਰਾਕੇਸ਼ ਧਵਨ ਵੱਲੋਂ ਇਸ ਸ਼ਾਨਦਾਰ ਜਿੱਤ 'ਤੇ ਵਿਦਿਆਰਥੀਆਂ ਨੂੰ ਤਹਿ ਦਿਲੋਂ ਵਧਾਈ ਦਿੱਤੀ ਅਤੇ ਇਸੇ ਤਰ੍ਹਾਂ ਪ੍ਰਾਪਤੀਆਂ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ। ਸਕੂਲ ਦੇ ਡਾਇਰੈਕਟਰ ਜਨਰਲ ਜਸਬੀਰ ਸਿੰਘ ਸੰਧੂ ਵੱਲੋਂ ਵੀ ਬੱਚਿਆਂ, ਪ੍ਰਿੰਸੀਪਲ ਤੇ ਸਮੂਹ ਸਟਾਫ਼ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਵਧਾਈ ਦਿੱਤੀ ਗਈ।

# ਸੰਜੇ ਸਿੰਘ ਦੀ ਗ੍ਰਿਫ਼ਤਾਰੀ ਖ਼ਿਲਾਫ਼ 'ਆਪ' ਆਗੂਆਂ ਨੇ ਮੋਦੀ ਸਰਕਾਰ ਵਿਰੁੱਧ ਕੀਤਾ ਰੋਸ ਪ੍ਰਦਰਸ਼ਨ



**ਜਲੰਧਰ (ਨ ਜ਼ ਸ)**

ਈ ਡੀ ਵੱਲੋਂ ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਰਾਜ ਸਭਾ ਸਾਂਸਦ ਸੰਜੇ ਸਿੰਘ ਦੀ ਗ੍ਰਿਫਤਾਰੀ ਖਿਲਾਫ 'ਆਪ' ਆਗੂਆਂ ਨੇ ਜਲੰਧਰ ਵਿਖੇ ਮੋਦੀ ਸਰਕਾਰ ਵਿਰੁੱਧ ਰੋਸ ਪ੍ਰਦਰਸਨ ਕੀਤਾ। ਜਲੰਧਰ ਦੇ ਸਾਂਸਦ ਸੁਸੀਲ ਕੁਮਾਰ ਰਿੰਕੂ, ਕੈਬੀਨਟ ਮੰਤਰੀ ਬਲਕਾਰ ਸਿੰਘ, ਵਿਧਾਇਕ ਸ਼ੀਤਲ ਅੰਗੁਰਾਲ, ਵਿਧਾਇਕ ਇੰਦਰਜੀਤ ਕੌਰ ਮਾਨ, ਵਿਧਾਇਕ ਰਮਨ ਅਰੋੜਾ, ਆਪ ਦੇ ਸੂਬਾ ਸਕੱਤਰ ਦੋਆਬਾ ਪ੍ਰਭਾਰੀ ਰਾਜਵਿੰਦਰ ਕੌਰ ਥਿਆੜਾ, ਲੋਕ ਸਭਾ ਇੰਚਾਰਜ ਅਸ਼ਵਨੀ ਅਗਰਵਾਲ, ਜਿਲ੍ਹਾ ਸ਼ਹਿਰੀ ਪ੍ਰਧਾਨ ਅੰਮ੍ਰਿਤਪਾਲ ਸਿੰਘ, ਦਿਹਾਤੀ ਪ੍ਰਧਾਨ ਸਟੀਫਨ ਕਲੇਰ, ਜਿਲ੍ਹਾ ਸਕੱਤਰ ਸੁਭਾਸ਼ ਸ਼ਰਮਾ, ਇੰਪਰੋਵੇਮੇਂਟ ਟਰਸੱਟ ਚੇਅਰਮੈਨ ਜਗਤਾਰ ਸਿੰਘ ਸੰਘੇੜਾ, ਪ੍ਰੇਮ ਕੁਮਾਰ, ਜਿੱਤ ਲਾਲ ਭੱਟੀ, ਦਿਨੇਸ਼ ਢੱਲ, ਸੁਰਿੰਦਰ ਸਿੰਘ ਸੋਢੀ, ਗੁਰਵਿੰਦਰ ਸਿੰਘ ਅਤੇ ਸੁਭਾਸ਼ ਬੱਗਾ ਦੇ ਨਾਲ ਆਪ ਆਗੂਆਂ ਨੇ ਦੁਪਹਿਰ ਇੱਕ ਵਜੇ ਡਾ. ਬੀ ਆਰ ਅੰਬੇਡਕਰ ਚੌਕ ਜਲੰਧਰ ਵਿਖੇ ਵਿਰੋਧ ਪ੍ਰਦਰਸ਼ਨ ਕੀਤਾ। ਇਸ ਤੋਂ ਪਹਿਲਾ ਸਥਾਨਕ ਸਰਕਟ ਹਾਊਸ 'ਚ ਇੱਕ ਪ੍ਰੈਸ ਵਾਰਤਾ ਨੂੰ ਸੰਬੋਧਨ ਕਰਦੇ ਹੋਏ ਆਪ ਪੰਜਾਬ ਦੇ ਲੋਕਸਭਾ ਸਾਂਸਦ ਸੁਸ਼ੀਲ ਕੁਮਾਰ ਰਿਕੂ ਨੇ ਕਿਹਾ ਕਿ ਦਿੱਲੀ 'ਚ ਕੋਈ ਸ਼ਰਾਬ ਘੋਟਾਲਾ ਨਹੀਂ ਹੋਇਆ। ਉਨ੍ਹਾਂ ਨੇ ਕਿਹਾ ਕਿ ਸ਼ਰਾਬ ਨੀਤੀ ਦੀ ਇਹ ਜਾਂਚ ਨੇਤਾਵਾਂ, ਠੇਕਿਆਂ ਅਤੇ ਖੁਦਰਾ ਵਾਪਰੀਆਂ ਤੇ ਹਜ਼ਾਰਾਂ ਛਾਪੇ ਅਤੇ ਆਪ ਆਗੂਆਂ ਤੇ ਕੁਝ ਵਾਪਰੀਆਂ ਦੀ ਗ੍ਰਿਫਤਾਰੀ, ਇਹ ਸਭ ਆਮ ਆਦਮੀ ਪਾਰਟੀ ਨੂੰ ਰੋਕਣ ਲਈ ਭਾਜਪਾ ਦੀ ਇਕ ਸੋਚੀ ਸਮਝੀ ਸਾਜਿਸ਼ ਦਾ ਹਿੱਸਾ ਹੈ। ਕੈਬਿਨੇਟ ਮੰਤਰੀ ਬਲਕਾਰ ਸਿੰਘ ਨੇ ਕਿਹਾ ਕਿ ਜੇ ਕੋਈ ਘੋਟਾਲਾ ਹੋਇਆ ਹੁੰਦਾ ਤਾਂ ਦਿੱਲੀ ਸਰਕਾਰ ਨੂੰ ਕੁਝ ਨਾ ਕੁਝ ਘਾਟਾ ਹੁੰਦਾ, ਭਰ ਇਦਾਂ ਦਾ ਕੁਝ ਨਈ ਹੋਇਆ। ਵਿਧਾਇਕ ਰਮਨ ਅਰੋੜਾ, ਵਿਧਾਇਕ ਸ਼ੀਤਲ ਅੰਗੁਰਾਲ, ਵਿਧਾਇਕ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਆਪਣੇ ਦਿਨ ਬ ਦਿਨ ਗਿਰਦੇ ਗ੍ਰਾਫ ਤੋਂ ਭਾਜਪਾ ਹਤਾਸ ਅਤੇ ਘਬਰਾਈ ਹੋਈ ਹੈ। ਸੰਜੇ ਸਿੰਘ ਦੀ ਜਨਤਕ ਆਵਾਜ ਨੂੰ ਭਾਜਪਾ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਆਪ ਆਗੂਆਂ ਨੇ ਕਿਹਾ ਕਿ ਭਾਜਪਾ ਸਰਕਾਰ ਸੀ ਬੀ ਆਈ ਅਤੇ ਈ ਡੀ ਵਰਗੀਆਂ ਕੇਂਦਰ ਦੀਆਂ ਏਜੰਸੀਆਂ ਦੀ ਦੁਰਵਰਤੋਂ ਕਰ ਕੇ ਦੇਸ਼ 'ਚ ਤਾਨਾਸ਼ਾਹੀ ਦਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਭਾਜਪਾ ਸਰਕਾਰ ਦੀ ਇਸ ਹਰਕਤ ਤੋਂ ਪਤਾ ਚਲਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਕਿੰਨਾ ਘਬਰਾਏ ਹੋਏ ਹਨ।

## ਗੋਲਡਨ ਐਜੂਕੇਸ਼ਨ ਨੇ ਲਵਾਇਆ ਨਿਊਜ਼ੀਲੈਂਡ ਦਾ ਵਿਜ਼ਟਰ ਵੀਜ਼ਾ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਗੋਲਡਨ ਐਜੂਕੇਸ਼ਨ ਸੰਸਥਾ ਨੇ ਪਲਵਿੰਦਰ ਸਿੰਘ ਔਲਖ ਵਾਸੀ ਧਰਮਕੋਟ ਦਾ ਨਿਊਜ਼ੀਲੈਂਡ ਦਾ ਵਿਜ਼ਟਰ ਵੀਜ਼ਾ ਲਵਾ ਕੇ ਦਿੱਤਾ ਹੈ। ਸੰਸਥਾ ਦੀ ਡਾਇਰੈਕਟਰ ਹਰਪ੍ਰੀਤ ਕੌਰ ਅਰੋੜਾ ਅਤੇ ਸੁਭਾਸ਼ ਪਲਤਾ ਨੇ ਕਿਹਾ ਕਿ ਵਿਦੇਸ਼ ਵਿੱਚ ਘੁੰਮਣ-ਫਿਰਨ, ਪੜ੍ਹਾਈ ਕਰਨ ਦੇ ਚਾਹਵਾਨ ਕਿਸੇ ਵੀ ਵਿਦਿਆਰਥੀ ਤੇ ਮਾਪਿਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ ਹੈ, ਕਿਉਂਕਿ ਸੰਸਥਾ ਵੱਲੋਂ ਬਹੁਤ ਹੀ ਵਧੀਆ ਤਰੀਕੇ ਨਾਲ ਫਾਇਲ ਤਿਆਰ ਕੀਤੀ ਜਾਂਦੀ ਹੈ ਤੇ ਵਧੀਆ ਤਰੀਕੇ ਨਾਲ ਤਿਆਰ ਕੀਤੇ ਕੇਸ ਨਾਲ ਕਿਸੇ ਨੂੰ ਵੀਜ਼ਾ ਲਵਾਉਣ ਵਿੱਚ ਮੁਸ਼ਕਲ ਨਹੀਂ ਆਉਂਦੀ।

ਉਨ੍ਹਾਂ ਦੱਸਿਆ ਕਿ ਸੰਸਥਾ ਵਲੋਂ ਧੜਾਧੜ ਵੀਜ਼ੇ ਲਵਾਏ ਜਾ ਰਹੇ ਹਨ ਤੇ ਇਹ ਵੀਜ਼ਾ ਸਿਰਫ 10 ਦਿਨਾਂ ਵਿੱਚ ਆਏ ਹਨ। ਉਨ੍ਹਾਂ ਪਲਵਿੰਦਰ ਸਿੰਘ ਔਲਖ ਨੂੰ ਵੀਜ਼ੇ ਸੌਂਪਦਿਆਂ ਵਧਾਈ ਦਿੱਤੀ ਅਤੇ ਚੰਗੇ ਭਵਿੱਖ ਦੀ ਕਾਮਨਾ ਵੀ ਕੀਤੀ। ਉਨ੍ਹਾਂ ਦੱਸਿਆ ਕਿ ਸੰਸਥਾ ਦੀ ਇੱਕੋ ਛੱਤ ਹੇਠ ਹਵਾਈ ਟਿਕਟਾਂ, ਵੈਸਟਰਨ ਯੂਨੀਅਨ, ਆਈਲਸ, ਇਮੀਗ੍ਰੇਸ਼ਨ, ਪੀ.ਟੀ.ਈ, ਇੰਡੋ-ਕੈਨੇਡੀਅਨ ਬੱਸ ਬੁਕਿੰਗ ਅਤੇ ਪਾਸਪੋਰਟ ਅਪਲਾਈ ਦੀ ਸੁਵਿਧਾ ਵੀ ਦਿੱਤੀ ਜਾ ਰਹੀ ਹੈ।

# ਮਜ਼ਦੂਰ ਦੀ ਦਿਹਾੜੀ 12 ਘੰਟੇ ਕਰਨ ਵਾਲੇ ਨੋਟੀਫਿਕੇਸ਼ਨ ਖ਼ਿਲਾਫ਼ ਮੰਗ ਪੱਤਰ 17 ਨੂੰ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਮਜ਼ਦੂਰ ਦੀ ਦਿਹਾੜੀ 8 ਘੰਟੇ ਤੋਂ 12 ਘੰਟੇ ਵਾਲੇ ਜਾਰੀ ਕੀਤੇ ਨੋਟੀਫਿਕੇਸ਼ਨ ਦੇ ਖਿਲਾਫ਼ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੀ ਅਗਵਾਈ ਹੇਠ ਨੇੜਲੇ ਪਿੰਡ ਰਾਮ ਨਗਰ ਸੀਵੀਆ 'ਚ ਜਾਗ੍ਰਿਤੀ ਮੁਹਿੰਮ ਤਹਿਤ ਮੀਟਿੰਗ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੇ ਆਗੂ ਹਾਕਮ ਸਿੰਘ ਸੀਵੀਆ ਤੇ ਗੁਰਪ੍ਰੀਤ ਸਿੰਘ ਤੁੰਗਾ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਕੇਂਦਰ ਦੀ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਇਹ ਮਜ਼ਦੂਰ ਵਿਰੋਧੀ ਨੋਟੀਫ਼ਿਕੇਸ਼ਨ ਮਿਹਨਤਕਸ਼ ਲੋਕਾਂ ਤੇ ਇਹੇ ਫੁਰਮਾਨ ਨਾਦਰਸ਼ਾਹੀ ਤਰੀਕੇ ਨਾਲ ਲਾਗੂ ਕਰਕੇ ਮਜ਼ਦੂਰਾਂ ਦੀ ਜ਼ਿੰਦਗੀ ਨਰਕ ਬਣਾ ਕੇ ਦੁਬਾਰਾ ਤੋਂ ਪੰਜਾਬ ਦੀ ਧਰਤੀ ਤੇ ਮਨੂ ਦੇ ਵਿਧਾਨ ਨੂੰ ਲਾਗੂ ਕਰਨਾ ਚਾਹੁੰਦੀ ਹੈ। ਦੇਸ਼ ਨੂੰ ਤਰੱਕੀ ਵੱਲ ਲੈ ਕੇ ਜਾਣ ਦੀ ਬਜਾਏ ਦੇਸ਼ ਨੂੰ ਹਜ਼ਾਰਾਂ ਸਾਲ ਪਿੱਛੇ ਲੈ ਕੇ ਜਾਣਾ ਚਾਹੁੰਦੇ ਹਨ।

ਉਨ੍ਹਾਂ ਕਿਹਾ ਇੱਕ ਪਾਸੇ ਤਾਂ ਸਰਕਾਰ ਸ਼ਹੀਦ ਭਗਤ ਸਿੰਘ ਤੇ ਡਾ ਭੀਮ ਰਾਓ ਅੰਬੇਦਕਰ ਦੀ ਤਸਵੀਰਾਂ ਸਰਕਾਰੀ ਦਫ਼ਤਰਾਂ 'ਚ ਲਾ ਕੇ ਪਖੰਡ ਕਰ ਰਹੀ ਹੈ, ਦੂਜੇ ਪਾਸੇ ਆਮ ਲੋਕਾਂ ਦੇ ਖਿਲਾਫ਼ ਅਜਿਹੇ ਲੋਕ ਵਿਰੋਧੀ ਕਾਨੂੰਨ ਲੈ ਕੇ ਆ ਰਹੀ ਹੈ। ਇਸ ਖਿਲਾਫ਼ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਮਜ਼ਦੂਰਾਂ ਨੂੰ ਇਸ ਦੇ ਨੋਟੀਫਿਕੇਸ਼ਨ ਦੇ ਖਿਲਾਫ਼ ਜਾਗਰੂਕ ਕਰਦੇ ਹੋਏ ਪੰਜਾਬ ਭਰ 'ਚ ਐਸ ਡੀ ਐਮ ਰਾਹੀਂ ਪੰਜਾਬ ਸਰਕਾਰ ਨੂੰ ਦਿੱਤੇ ਜਾ ਰਹੇ ਮੰਗ ਪੱਤਰ 17 ਅਕਤੂਬਰ ਨੂੰ ਐਸ ਡੀ ਐਮ ਸੰਗਰੂਰ ਨੂੰ ਦਿੱਤੇ ਜਾ ਰਹੇ ਮੰਗ ਪੱਤਰ 'ਚ ਮਜ਼ਦੂਰਾਂ ਨੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ।


**ਉੱਤਰ ਰੇਲਵੇ**

G20 — ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| | |
|---|---|
| ਟੈਂਡਰ ਨੰਬਰ | 251-ਬਿਜਲੀ-T-33-2023-24 |

ਕੰਮਾਂ ਦਾ ਵੇਰਵਾ: ਡੀਜਲ ਲੋਕੋ ਸ਼ੈਡ ਲੁਧਿਆਣਾ ਇਲੈਕਟ੍ਰਿਕ ਲੋਕੋਮੋਟਿਵ ਦੇ ਰਖਰਖਾਅ ਦੇ ਲਈ ਪ੍ਰੀਖਸ਼ਣ ਸੇਟ ਦੇ ਨਿਰਮਾਣ ਇਲੈਕਟ੍ਰਿਕ ਲੋਕੋ ਸ਼ੈਡ ਲੁਧਿਆਣਾ ਵਿਚ ਆਰਸੀਸੀ ਸ਼ੈਡ, ਫਰਸ਼, ਅਬਜਰਵਰਾਂ ਦੀ ਛੱਤ ਅਤੇ ਸਟਾਫ ਰੂਮ ਦੇ ਸੁਧਾਰ ਸਹਿ ਨਵੀਨੀਕਰਨ ਲੁਧਿਆਣਾ ਲੋਕੋ ਦੇ ਬੁਨਿਆਦੀ ਢਾਂਚੇ ਦੇ ਨਿਰਮਾਣ/ਸੁਧਾਰ ਦੇ ਸਬੰਧ ਵਿਚ ਬਿਜਲੀ ਕੰਮ ਅਤੇ ਡੀਜਲ ਸ਼ੈਡਾਂ ਵਿਚ ਇਲੈਕਟ੍ਰਿਕ ਲੋਕੋ ਦੀ ਹੋਮਿੰਗ ਦੇ ਕਾਰਨ ਉੱਤਰ ਰੇਲਵੇ ਦੀ ਵਧੀ ਹੋਈ ਹੋਲਡਿੰਗ ਦੇ ਭਾਰ ਨੂੰ ਪੂਰਾ ਕਰਨ ਦੇ ਲਈ ਆਊਟਪਿਟ ਅਤੇ ਜਲੰਧਰ ਵਿਚ ਮਾਲਗੱਡੀ ਪ੍ਰੀਖਿਆ ਯਾਰਡ ਵਿਚ ਵਰਗੀਕਰਨ ਨੂੰ ਏ ਸ਼੍ਰੇਣੀ ਵਿਚ ਅਪਗ੍ਰੇਡ ਕਰਨਾ ਅਤੇ ਹੋਰ ਸਬੰਧਿਤ ਬਿਜਲੀ ਕੰਮ।

| | |
|---|---|
| ਅੰਦਾਜਨ ਲਾਗਤ (ਰੁ.) | 62,28,503.39 |
| ਬਿਆਨਾ ਰਾਸ਼ੀ (ਰੁ.) | 1,24,600.00 |
| ਕੰਮ ਦਾ ਸਮਾਂ | 06 ਮਹੀਨੇ |
| ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | 27.10.2023, 15:00 ਵਜੇ ਦੇ ਬਾਅਦ |
| ਵੈਬਸਾਈਟ | www.ireps.gov.in |

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 25-ਬਿਜਲੀ-2023-24 ਮਿਤੀ 05.10.2023 3100/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਜਸਬੀਰ ਸਿੰਘ ਢਿੱਲੋਂ ਸੁਰ ਸਿੰਘ ਨੂੰ ਕੀਤਾ ਸਨਮਾਨਤ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਜਸਬੀਰ ਸਿੰਘ ਢਿੱਲੋਂ ਸੁਰਸਿੰਘ ਨੂੰ ਬਿਜਲੀ ਬੋਰਡ ਦਾ ਪ੍ਰਬੰਧਕੀ ਡਾਇਰੈਕਟਰ (ਏ ਐਮ) ਬਣਨ 'ਤੇ ਪਰਵਾਰਕ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਜਸਬੀਰ ਸਿੰਘ ਢਿੱਲੋਂ ਸੁਰਸਿੰਘ ਆਮ ਆਦਮੀ ਪਾਰਟੀ ਦੇ ਜੁਝਾਰੂ ਵਰਕਰਾਂ ਵਿੱਚੋਂ ਇੱਕ ਹਨ, ਜਿਨ੍ਹਾਂ ਨੇ ਪਾਰਟੀ ਜੁਆਇੰਟ ਸਕੱਤਰ ਕਿਸਾਨ ਵਿੰਗ ਪੰਜਾਬ, ਹਲਕਾ ਇੰਚਾਰਜ ਖੇਮਕਰਨ ਅਤੇ ਹੋਰ ਵੱਖ-ਵੱਖ ਅਹੁਦਿਆਂ 'ਤੇ ਆਪਣੀਆਂ ਸੇਵਾਵਾਂ ਨਿਭਾਈਆਂ, ਹੁਣ ਵੀ ਲਗਾਤਾਰ ਆਮ ਆਦਮੀ ਪਾਰਟੀ ਲਈ ਦਿਨ-ਰਾਤ ਇੱਕ ਕਰਕੇ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ। ਪਾਰਟੀ ਪ੍ਰਤੀ ਵਫਾਦਾਰੀ ਅਤੇ ਇਮਾਨਦਾਰੀ ਨੂੰ ਵੇਖਦਿਆਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਉਨ੍ਹਾਂ ਨੂੰ (ਬਿਜਲੀ ਬੋਰਡ) ਪੀ.ਐਸ.ਪੀ.ਸੀ, ਐਲ ਦਾ ਪ੍ਰਬੰਧਕੀ ਡਾਇਰੈਕਟਰ ਨਿਯੁਕਤ ਕੀਤਾ। ਬੀਤੇ ਦਿਨੀਂ ਉਨ੍ਹਾਂ ਦੇ ਸਮੂਹ ਪਰਵਾਰਕ ਮੈਂਬਰਾਂ ਨੇ ਉਨ੍ਹਾਂ ਨੂੰ ਬੁਕੇ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਜਸਬੀਰ ਸਿੰਘ ਢਿੱਲੋਂ ਸੁਰ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਇੰਡਸਟਰੀਲਿਸਟਾਂ ਅਤੇ ਕਿਸਾਨਾਂ ਨੂੰ ਜਦੋਂ ਦੀ ਭਗਵੰਤ ਮਾਨ ਸਰਕਾਰ ਬਣੀ ਹੈ, ਉਸ ਸਮੇਂ ਤੋਂ ਬਿਜਲੀ ਦੀ ਦਿੱਕਤ ਨਹੀਂ ਆਉਣ ਦਿੱਤੀ ਤੇ ਅੱਗੋਂ ਤੋਂ ਵੀ ਪੰਜਾਬ ਵਿੱਚ ਬਿਜਲੀ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

## ਮੋਬਾਇਲ ਤੇ ਨਗਦੀ ਚੋਰੀ ਦੇ ਕੇਸ 'ਚੋਂ ਮੁਲਜ਼ਮ ਬਰੀ

**ਬਰਨਾਲਾ (ਰਾਜਿੰਦਰ ਬਰਾੜ)**-ਮਾਨਯੋਗ ਅਦਾਲਤ ਮੈਡਮ ਸਮੀਕਸ਼ਾ ਜੈਨ, ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ ਬਰਨਾਲਾ ਵੱਲੋਂ ਸੁਖਦਰਸ਼ਨ ਸਿੰਘ ਉਰਫ ਸੁੱਖੀ ਪੁੱਤਰ ਸੁਖਮੰਦਰ ਸਿੰਘ ਵਾਸੀ ਹਿੰਮਤਪੁਰਾ, ਜ਼ਿਲ੍ਹਾ ਬਰਨਾਲਾ ਨੂੰ ਦੁਕਾਨ ਅੰਦਰ ਦਾਖਲ ਹੋ ਕੇ ਮੋਬਾਇਲ ਤੇ ਨਗਦੀ ਚੋਰੀ ਕਰਨ ਦੇ ਕੇਸ ਵਿੱਚੋਂ ਬਾਇੱਜ਼ਤ ਬਰੀ ਕਰਨ ਦਾ ਹੁਕਮ ਸੁਣਾਇਆ ਗਿਆ ਹੈ। ਚੰਦਰ ਬਾਂਸਲ (ਧਨੌਲਾ) ਐਡਵੋਕੇਟ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਨੀ ਕੁਮਾਰ ਪੁੱਤਰ ਰਾਮ ਲਾਲ ਵਾਸੀ ਨਾਈਵਾਲਾ ਨੇ ਪੁਲਸ ਨੂੰ ਆਪਣਾ ਬਿਆਨ ਦਰਜ ਕਰਵਾਇਆ ਸੀ ਕਿ ਮਿਤੀ 14-09-2022 ਨੂੰ ਉਹ ਵਕਤ ਕਰੀਬ 2:15 ਵਜੇ ਆਪਣੀ ਦੁਕਾਨ ਦਾ ਸ਼ੀਸ਼ੇ ਵਾਲਾ ਦਰਵਾਜ਼ਾ ਬੰਦ ਕਰਕੇ ਆਪਣੇ ਕੰਮਕਾਰ ਲਈ ਬਰਨਾਲਾ ਵਿਖੇ ਗਿਆ ਸੀ ਤੇ ਜਲਦੀ ਵਿੱਚ ਉਹ ਆਪਣੀ ਦੁਕਾਨ ਦੇ ਦਰਵਾਜ਼ੇ ਦਾ ਸੈਂਟਰ ਲਾਕ ਲਗਾਉਣਾ ਭੁੱਲ ਗਿਆ, ਜਦੋਂ ਸ਼ਾਮ ਨੂੰ ਵਾਪਸੀ ਪਰ ਉਸ ਨੇ ਦੁਕਾਨ 'ਤੇ ਆ ਕੇ ਦੇਖਿਆ ਤਾਂ ਉਸ ਦੀ ਦੁਕਾਨ ਦਾ ਸਾਮਾਨ ਖਿਲਰਿਆ ਪਿਆ ਸੀ ਤੇ ਦੁਕਾਨ 'ਚੋਂ ਇੱਕ ਮੋਬਾਇਲ ਆਈ ਫੋਨ ਮਾਰਕਾ 74 ਸਮੇਤ ਡਿੱਬਾ ਤੇ ਗੱਲੇ ਵਿੱਚੋਂ 18,000/- ਰੁਪਏ ਨਗਦੀ ਗਾਇਬ ਸੀ, ਜੋ ਕੋਈ ਨਾਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਿਆ ਸੀ ਅਤੇ ਪੜਤਾਲ ਕਰਨ ਤੋਂ ਉਸ ਨੂੰ ਪਤਾ ਲੱਗਾ ਕਿ ਉਕਤ ਚੋਰੀ ਸੁਖਦਰਸ਼ਨ ਸਿੰਘ ਉਰਫ ਸੁੱਖੀ ਨੇ ਕੀਤੀ ਹੈ, ਜਿਸ ਤੋਂ ਬਾਅਦ ਹਨੀ ਕੁਮਾਰ ਦੇ ਬਿਆਨ 'ਤੇ ਇੱਕ ਥਾਣਾ ਬਰਨਾਲਾ ਵਿਖੇ ਸੁਖਦਰਸ਼ਨ ਸਿੰਘ ਉਰਫ ਸੁੱਖੀ ਖਿਲਾਫ ਐੱਫ ਆਰ ਆਈ ਦਰਜ ਹੋਈ, ਜੋ ਹੁਣ ਮਾਨਯੋਗ ਅਦਾਲਤ ਵੱਲੋਂ ਮੁਲਜ਼ਮ ਸੁਖਦਰਸ਼ਨ ਸਿੰਘ ਉਰਫ ਸੁੱਖੀ ਦੇ ਵਕੀਲ ਸ੍ਰੀ ਚੰਦਰ ਬਾਂਸਲ (ਧਨੌਲਾ) ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਮੁਲਜ਼ਮ ਨੂੰ ਉਕਤ ਕੇਸ ਵਿੱਚੋਂ ਬਾਇੱਜ਼ਤ ਬਰੀ ਕਰਨ ਦਾ ਹੁਕਮ ਸੁਣਾਇਆ ਗਿਆ।

## ...ਸ.ਫ਼ਾ 1 ਦੇ ਬਾਕੀ

### ਪੰਜਾਬ ਇਸਤਰੀ ਸਭਾ...




ਉਦਾਹਰਨਾਂ ਹਨ। ਸਿੱਖਿਆ ਦਿਨੋਂ-ਦਿਨ ਮਹਿੰਗੀ ਅਤੇ ਗੈਰ ਮਿਆਰੀ ਹੁੰਦੀ ਜਾ ਰਹੀ ਹੈ। ਸਿੱਖਿਆ ਦਾ ਭਗਵਾਂਕਰਨ ਕੀਤਾ ਜਾ ਰਿਹਾ ਹੈ ਅਤੇ ਦੇਸ਼ ਦੀ ਅਜ਼ਾਦੀ ਲਈ ਮਰ-ਮਿਟਣ ਵਾਲੇ ਪਰਵਾਨਿਆਂ ਨੂੰ ਇਸ ਤੋਂ ਦੂਰ ਕੀਤਾ ਜਾ ਰਿਹਾ ਹੈ ਤਾਂ ਕਿ ਨਵੀਂ ਪੀੜ੍ਹੀ ਉਹਨਾ ਦੇ ਆਦਰਸ਼ 'ਤੇ ਚੱਲਦਿਆਂ ਸਰਮਾਏਦਾਰੀ ਲਈ ਖਤਰਾ ਨਾ ਬਣ ਜਾਵੇ। ਬੇਰੁਜ਼ਗਾਰੀ ਦਿਨ-ਬਦਿਨ ਵਧਦੀ ਜਾ ਰਹੀ ਹੈ। ਜਿਸ ਦੇ ਚੱਲਦੇ ਨੌਜਵਾਨ ਵਿਦੇਸ਼ਾਂ ਵੱਲ ਮੁਹਾਜ਼ਾਂ ਮੋੜ ਰਿਹਾ ਹੈ, ਜਿਸ ਨਾਲ ਦੇਸ਼ ਦਾ ਦਿਮਾਗ ਅਤੇ ਧਨ ਵਿਦੇਸ਼ਾਂ ਦੀ ਸ਼ਾਨ ਵਧਾ ਰਿਹਾ ਹੈ। ਅਨੇਕਾਂ ਨੌਜਵਾਨ ਨਸ਼ਿਆਂ ਵਿੱਚ ਪੈ ਕੇ ਜਵਾਨੀ ਤਬਾਹ ਕਰ ਰਹੇ ਹਨ। ਪੰਜਾਬ ਇਸਤਰੀ ਸਭਾ ਇਸ 'ਤੇ ਗਹਿਰੀ ਚਿੰਤਾ ਵਿਅਕਤ ਕਰਦੀ ਹੈ। ਇਹ ਕਾਨਫਰੰਸ ਮਹਿਲਾ ਰਾਖਵਾਂਕਰਨ ਐਕਟ 'ਤੇ ਵੀ ਵਿਚਾਰ ਕਰੇਗੀ ਕਿ ਇਸ ਨੂੰ ਲਾਗੂ ਕਰਵਾਉਣ ਵਾਸਤੇ ਕੀ ਕਰਨਾ ਚਾਹੀਦਾ ਹੈ। ਪ੍ਰਬੰਧਾਂ ਵਿੱਚ ਕਾਮਰੇਡ ਰਛਪਾਲ ਕੈਲੇ, ਖੇਤ ਮਜ਼ਦੂਰ ਸਭਾ ਜ਼ਿਲ੍ਹਾ ਪ੍ਰਧਾਨ ਵੀਰ ਕੁਮਾਰ, ਨੌਜਵਾਨ ਆਗੂ ਪੰਕਜ ਵੀ ਪੂਰੀ ਤਰ੍ਹਾਂ ਰੁੱਝੇ ਹੋਏ ਸਨ। ਵਿਦਿਆਰਥੀ ਆਗੂ ਲਵਪ੍ਰੀਤ ਮਾੜੀ ਮੇਘਾ ਵਲੰਟੀਅਰ ਇੰਚਾਰਜ ਅਤੇ ਵਲੰਟੀਅਰ ਗੁਰਵਿੰਦਰ ਵੀ ਮੌਜੂਦ ਸਨ।


AXIS BANK

**Retail Asset Centre:** AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001. **Corporate Office:** 'Axis House', Block-B, Bombay Dyeing Mills Compound, Pandurang Budhkar Marg, Worli, Mumbai-400025 **Registered Office:** 'Trishul', 3rd floor, opposite Samartheswar Temple, Law garden, Ellisbridge, Ahmadabad-380006

**ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ/ਸਹਿ-ਕਰਜ਼ਦਾਰ/ਗਰੰਟਰ/ਰਹਿਣਕਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|---|---|---|
| 1. | ਸ੍ਰੀਮਤੀ ਜਿਓਤੀ ਪਤਨੀ ਪ੍ਰਦੀਪ ਕੁਮਾਰ ਅਤੇ 2. ਸ੍ਰੀ ਓਮ ਪ੍ਰਕਾਸ਼ ਸੇਤੀਆ ਦੋਵੇਂ ਵਾਸੀ ਮਕਾਨ ਨੰ. 219, ਪੰਜਾਬੀ ਕਾਲੋਨੀ, ਰਾਜਪੁਰਾ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ। ਨਾਲ ਹੀ : ਮਕਾਨ ਨੰ. 2/9, ਪੰਜਾਬੀ ਕਾਲੋਨੀ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ। ਨਾਲ ਹੀ : ਮਕਾਨ ਨੰ. 5, ਜੇ/1, ਰਾਜਪੁਰਾ, ਟਾਊਨਸ਼ਿਪ, ਟਾਊਨ ਨੰ. 3, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ। ਨਾਲ ਹੀ : ਸ੍ਰੀਮਤੀ ਜਿਓਤੀ ਪਤਨੀ ਪ੍ਰਦੀਪ ਕੁਮਾਰ, ਦੁਕਾਨ ਨੰ. 2082, ਗਾਂਧੀ ਮਾਰਕਿਟ, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ। ਕਰਜ਼ਾ ਖਾਤਾ ਨੰ. PH1950100004687 | ਬੈਨਾਮਾ ਵਸੀਕਾ ਨੰ. 5150 ਮਿਤੀ 28-11-2007 ਅਨੁਸਾਰ ਸ੍ਰੀਮਤੀ ਜਿਓਤੀ ਪਤਨੀ ਪ੍ਰਦੀਪ ਕੁਮਾਰ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 5-ਜੇ/1, ਰਕਬਾ 127.75 ਵਰਗ ਗਜ਼, ਰਾਜਪੁਰਾ ਟਾਊਨਸ਼ਿਪ, ਟਾਊਨ ਨੰ.-3, ਤਹਿਸੀਲ ਰਾਜਪੁਰਾ, ਜ਼ਿਲ੍ਹਾ ਪਟਿਆਲਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਸੜਕ ਸਾਈਡ 36'6", ਪੱਛਮ : ਮਕਾਨ ਨੰ. 5-ਜੇ/1, ਦਾ ਹਿੱਸਾ, ਸਾਈਡ 36'6", ਉੱਤਰ : ਮਕਾਨ ਨੰ. ਜੀ-1/6, ਸਾਈਡ 31',6", ਦੱਖਣ : ਸੜਕ ਸਾਈਡ 31', 6" | 07.04.2022 | 03.10.2023 | Rs. 6,63,875/- (ਛੇ ਲੱਖ, ਤਰੇਹਠ ਹਜ਼ਾਰ, ਅੱਠ ਸੌ ਪਝੱਤਰ ਰੁਪਏ ਕੇਵਲ) |
| 2. | ਸ੍ਰੀ ਰਵੀ ਵਰਮਾ ਪੁੱਤਰ ਸਹਿਦੇਵ ਵਰਮਾ ਅਤੇ 2. ਸ੍ਰੀਮਤੀ ਮੀਨੂੰ ਵਰਮਾ ਪਤਨੀ ਸਹਿਦੇਵ ਵਰਮਾ ਦੋਵੇਂ ਵਾਸੀ ਮਕਾਨ ਨੰ. 78, ਅਮਨ ਨਗਰ, ਨਿਊ ਮਾਡਲ ਹਾਊਸ, ਜ਼ਿਲ੍ਹਾ ਜਲੰਧਰ-144001, ਨਾਲ ਹੀ : ਬਣਿਆ ਹੋਇਆ ਮਕਾਨ, ਪਲਾਟ ਨੰ. 10-11, ਅਬਾਦੀ ਗਰੀਨ ਐਵੇਨਿਊ, ਬਸਤੀ ਸ਼ੇਖ, ਤਹਿਸੀਲ ਤੇ ਜ਼ਿਲ੍ਹਾ ਜਲੰਧਰ-144001 ਕਰਜ਼ਾ ਖਾਤਾ ਨੰ. PHR015506108893 | ਬੈਨਾਮਾ ਦਸਤਾਵੇਜ਼ ਨੰ. 2021-22/187/1/1174 ਮਿਤੀ 30 ਅਪ੍ਰੈਲ 2021 ਅਨੁਸਾਰ ਸ੍ਰੀਮਤੀ ਮੀਨੂੰ ਵਰਮਾ ਪਤਨੀ ਸਹਿਦੇਵ ਵਰਮਾ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਪਲਾਟ ਨੰ. 10-11 ਦੇ ਹਿੱਸੇ 'ਤੇ ਨਿਰਮਤ ਮਕਾਨ, ਰਕਬਾ 02 ਮਰਲੇ-36 ਵਰਗ ਫੁੱਟ, ਖੱਤਾ ਨੰ. 1148/1225, 1149/1226,1150/1227, ਖਸਰਾ ਨੰ. 598, 599, 600,602,601,597/1, ਜਮ੍ਹਾਂਬੰਦੀ ਸਾਲ 2015-2016, ਹਦਬਸਤ ਨੰ. 308, ਅਬਾਦੀ ਗਰੀਨ ਐਵੇਨਿਊ, ਬਸਤੀ ਸ਼ੇਖ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਹੋਰ, ਪੱਛਮ : ਸੜਕ-12', ਉੱਤਰ : ਪਲਾਟ ਨੰ.-9, ਦੱਖਣ : ਪਲਾਟ ਨੰ. 10-11 ਦਾ ਬਾਕੀ ਹਿੱਸਾ। | 18.04.2023 | 03.10.2023 | Rs. 11,83,793/- (ਗਿਆਰਾਂ ਲੱਖ, ਤਰਿਆਸੀ ਹਜ਼ਾਰ, ਸੱਤ ਸੌ ਤਰਿਅੰਨਵੇਂ ਰੁਪਏ ਕੇਵਲ) |
| 3. | ਸ੍ਰੀ ਵਿੱਕੀ ਪੁੱਤਰ ਹਰੀ ਪਾਲ ਅਤੇ 2. ਸ੍ਰੀਮਤੀ ਗੁਰਬਿੰਦਰ ਪਤਨੀ ਸ੍ਰੀ ਵਿੱਕੀ ਦੋਵੇਂ ਵਾਸੀ ਪਿੰਡ ਕੋਟ ਸਦੀਕ, ਕਾਂਸ਼ੀ ਨਗਰ, ਜ਼ਿਲ੍ਹਾ ਜਲੰਧਰ-144002, ਨਾਲ ਹੀ : ਮਕਾਨ ਨੰ. 24, ਲਸੂੜੀ ਮੁਹੱਲਾ, ਬਸਤੀ ਦਾਨਿਸ਼ਮੰਦਾਂ, ਜਲੰਧਰ-144001, ਨਾਲ ਹੀ : ਸ੍ਰੀ ਵਿੱਕੀ ਪੁੱਤਰ ਸ੍ਰੀ ਹਰੀ ਪਾਲ ਪ੍ਰੋਪਰਾਇਟਰ ਮੈਸਰਜ਼ ਚੰਦਰ ਜਨਰਲ ਸਟੋਰ, ਪਿੰਡ ਕੋਟ ਸਦੀਕ, ਕਾਲਾ ਸੰਘਿਆਂ ਰੋਡ, ਜ਼ਿਲ੍ਹਾ ਜਲੰਧਰ-144002 ਕਰਜ਼ਾ ਖਾਤਾ ਨੰ. PHR015506933762 | ਬੈਨਾਮਾ ਦਸਤਾਵੇਜ਼ ਨੰ. 2021-22/187/1/9226 ਮਿਤੀ 13 ਜਨਵਰੀ 2022 ਅਨੁਸਾਰ ਸ੍ਰੀਮਤੀ ਗੁਰਬਿੰਦਰ ਪਤਨੀ ਸ੍ਰੀ ਵਿੱਕੀ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 24, ਰਕਬਾ 02 ਮਰਲੇ-12 ਵਰਗ ਫੁੱਟ, ਖੱਤਾ ਨੰ. 356/378, 357/379, 358/380, ਖਸਰਾ ਨੰ. 321, 1595/322, 1596/322, 1475/317-320, ਜਮ੍ਹਾਂਬੰਦੀ ਸਾਲ 2017-2018 ਅਬਾਦੀ ਲਸੂੜੀ ਮੁਹੱਲਾ, ਬਸਤੀ ਦਾਨਿਸ਼ਮੰਦਾ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਰੁਪਿੰਦਰ ਕੌਰ ਦਾ ਮਕਾਨ, ਪੱਛਮ : ਹੋਰਨਾਂ ਦਾ ਮਕਾਨ, ਉੱਤਰ : ਗਲੀ, ਦੱਖਣ : ਟੈਗੋਰ ਸਕੂਲ | 19.04.2023 | 03.10.2023 | Rs. 15,89,464/- (ਪੰਦਰਾਂ ਲੱਖ, ਉਨਾਨਵੇਂ ਹਜ਼ਾਰ, ਚਾਰ ਸੌ ਚੌਂਹਠ ਰੁਪਏ ਕੇਵਲ) |
| 4. | ਸ੍ਰੀ ਵਿਸ਼ਾਲ ਮਹਿਰਾ ਪੁੱਤਰ ਕਮਲ ਮਹਿਰਾ ਅਤੇ 2. ਸ੍ਰੀਮਤੀ ਮੰਜੂ ਪਤਨੀ ਕਮਲ ਮਹਿਰਾ ਦੋਵੇਂ ਵਾਸੀ ਕਬੀਰ ਵਿਹਾਰ, ਨੇੜੇ ਬਾਬਾ ਰਾਜ ਕਿਸ਼ੋਰ ਆਸ਼ਰਮ, ਬਸਤੀ ਬਾਵਾ ਖੇਲ ਜਲੰਧਰ-144001, ਨਾਲ ਹੀ : ਮਕਾਨ ਰਤਨ ਨਗਰ, ਪਿੰਡ ਨਾਗਰਾ, ਤਹਿਸੀਲ ਤੇ ਜ਼ਿਲ੍ਹਾ ਜਲੰਧਰ-144001 ਵਿਖੇ ਸਥਿਤ। ਕਰਜ਼ਾ ਖਾਤਾ ਨੰ. PHR015506221850 | ਬੈਨਾਮਾ ਦਸਤਾਵੇਜ਼ ਨੰ. 2021-22/187/1/2721 ਮਿਤੀ 29 ਜੂਨ 2021 ਅਨੁਸਾਰ ਸ੍ਰੀਮਤੀ ਮੰਜੂ ਪਤਨੀ ਸ੍ਰੀ ਕਮਲ ਮਹਿਰਾ ਅਤੇ ਸ੍ਰੀ ਵਿਸ਼ਾਲ ਮਹਿਰਾ ਪੁੱਤਰ ਸ੍ਰੀ ਕਮਲ ਮਹਿਰਾ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਰਕਬਾ 04 ਮਰਲੇ, ਖਸਰਾ ਨੰ. 565, ਹਦਬਸਤ ਨੰ. 158, ਜਮ੍ਹਾਂਬੰਦੀ ਸਾਲ 2012-2013, ਰਤਨ ਨਗਰ, ਪਿੰਡ ਨਾਗਰਾ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਖਾਲੀ ਪਲਾਟ 43'-6", ਪੱਛਮ : ਮਦਨ ਲਾਲ ਅਤੇ ਹੋਰ 43'-6", ਉੱਤਰ : ਗਲੀ 15' 19'0", ਦੱਖਣ : ਗਲੀ 12'19'-0" | 25.05.2023 | 03.10.2023 | Rs. 15,71,475/- (ਪੰਦਰਾਂ ਲੱਖ, ਇਕੱਤ੍ਹਰ ਹਜ਼ਾਰ, ਚਾਰ ਸੌ ਪਝੱਤਰ ਰੁਪਏ ਕੇਵਲ) |
| 5. | ਸ੍ਰੀ ਰਜੇਸ਼ ਕੁਮਾਰ ਨਿਸ਼ਚਲ ਪੁੱਤਰ ਸੁਰਕ ਪ੍ਰਕਾਸ਼ 2. ਸ੍ਰੀਮਤੀ ਵਿਨੈ ਨਿਸ਼ਚਲ ਪਤਨੀ ਰਜੇਸ਼ ਨਿਸ਼ਚਲ ਦੋਵੇਂ ਵਾਸੀ ਮਕਾਨ ਨੰ. 15, ਮੁਹੱਲਾ ਨੰ. 29, ਜਲੰਧਰ ਕੈਂਟ, ਜ਼ਿਲ੍ਹਾ ਜਲੰਧਰ-144005, ਨਾਲ ਹੀ : ਮਕਾਨ ਨੰ. 29, ਰਸੀਲਾ ਨਗਰ, ਬਸਤੀ ਦਾਸ਼ਿਨਮੰਦਾਂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ-144001 ਕਰਜ਼ਾ ਖਾਤਾ ਨੰ. PHR015508014593 | ਬੈਨਾਮਾ ਦਸਤਾਵੇਜ਼ ਨੰ. 2022-23/187/1/5320 ਮਿਤੀ 21 ਅਕਤੂਬਰ 2022 ਅਨੁਸਾਰ ਸ੍ਰੀਮਤੀ ਵਿਨੇ ਨਿਸ਼ਚਲ ਪਤਨੀ ਸ੍ਰੀ ਰਜੇਸ਼ ਕੁਮਾਰ ਨਿਸ਼ਚਲ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 29, ਰਕਬਾ 05 ਮਰਲੇ-05 ਵਰਗ ਫੁੱਟ, ਖੇਵਟ/ਖਾਤੌਨੀ ਨੰ. 87/101,88/102, 89/103,90/104, ਖਸਰਾ ਨੰ. 755, 758, 759, 760, 762, ਹਦਬਸਤ ਨੰ. 312, ਜਮ੍ਹਾਂਬੰਦੀ ਸਾਲ 2017-2018, ਅਬਾਦੀ ਰਸੀਲਾ ਨਗਰ, ਬਸਤੀ ਦਾਨਿਸ਼ਮੰਦਾ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਕਮਲੇਸ਼ ਰਾਣੀ/16'3", ਪੱਛਮ : ਸੜਕ/16'-3", ਉੱਤਰ : ਅਜੀਤ/64'-0", ਦੱਖਣ : ਨਰੇਸ਼/64'-0" | 29.05.2023 | 03.10.2023 | Rs. 26,99,050/- (ਛੱਬੀ ਲੱਖ, ਨੜਿੰਨਵੇਂ ਹਜ਼ਾਰ, ਪੰਜਾਹ ਰੁਪਏ ਕੇਵਲ) |
| 6. | 1. ਸ੍ਰੀ ਅਨਿਲ ਕੁਮਾਰ ਪੁੱਤਰ ਜੁਗਲ ਕਿਸ਼ੋਰ 2. ਸ੍ਰੀ ਅਜੇ ਕੁਮਾਰ ਪੁੱਤਰ ਜੁਗਲ ਕਿਸ਼ੋਰ ਅਤੇ 3. ਸ਼ੋਭਾ ਰਾਣੀ ਪਤਨੀ ਜੁਗਲ ਕਿਸ਼ੋਰ ਸਾਰੇ ਵਾਸੀ ਮਕਾਨ ਨੰ. 142/3, ਰਤਨ ਨਗਰ, ਜਲੰਧਰ-144021, ਨਾਲ ਹੀ : ਇੱਕ ਰਿਹਾਇਸ਼ੀ ਜਾਇਦਾਦ, ਮਕਾਨ ਨੰ. 6, ਦਾ ਹਿੱਸਾ ਸ਼ਹੀਦ ਬਾਬੂ ਲਾਭ ਨਗਰ, ਜ਼ਿਲ੍ਹਾ ਜਲੰਧਰ-144001 ਵਿਖੇ ਸਥਿਤ। ਨਾਲ ਹੀ : ਸ੍ਰੀ ਅਨਿਲ ਕੁਮਾਰ ਪੁੱਤਰ ਜੁਗਲ ਕਿਸ਼ੋਰ, ਸੇਵਾਦਾਰ ਹੰਸ ਰਾਜ ਮਹਿਲਾ ਵਿਦਿਆਲਿਆ, ਹੰਸ ਰਾਜ ਮਾਰਗ, ਜਲੰਧਰ-144008 ਨਾਲ ਹੀ : ਸ੍ਰੀ ਅਜੇ ਕੁਮਾਰ ਪੁੱਤਰ ਜੁਗਲ ਕਿਸ਼ੋਰ ਮੈਸਰਜ਼ ਗੁਪਤਾ ਟੈਕਨੀਕਲ ਐਂਡ ਕੰਪਿਊਟਰ ਬੁੱਕ ਸ਼ਾਪ, ਫਰੈਂਡਜ਼ ਕਾਲੋਨੀ, ਸਾਹਮਣੇ ਡੀ ਏ ਵੀ ਕਾਲਜ ਜਲੰਧਰ-144008 ਵਿੱਚ ਕੰਮ ਕਰਦਾ ਹੈ। ਕਰਜ਼ਾ ਖਾਤਾ ਨੰ. PHR015505023643 | ਬੈਨਾਮਾ ਦਸਤਾਵੇਜ਼ ਨੰ. 2019-20/186/1/11869 ਮਿਤੀ 17 ਫਰਵਰੀ 2020 ਅਨੁਸਾਰ ਸ੍ਰੀਮਤੀ ਸ਼ੋਭਾ ਰਾਣੀ ਪਤਨੀ ਜੁਗਲ ਕਿਸ਼ੋਰ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ ਮਕਾਨ ਨੰ. 6 ਦਾ ਹਿੱਸਾ, ਰਕਬਾ 03 ਮਰਲੇ-08 ਵਰਗ ਫੁੱਟ, ਖੱਤਾ ਨੰ. 2176/2492-2493, ਖਸਰਾ ਨੰ. 1635, 1636, 1639, ਜਮ੍ਹਾਂਬੰਦੀ ਸਾਲ 2009-2010, ਹਦਬਸਤ ਨੰ. 307/2, ਸ਼ਹੀਦ ਬਾਬੂ ਲਾਭ ਸਿੰਘ ਨਗਰ, ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਬਖ਼ਸ਼ੀਸ਼ ਕੁਮਾਰ ਦਾ ਮਕਾਨ/12'-6", ਪੱਛਮ : ਸੜਕ/12'-6", ਉੱਤਰ : ਮਕਾਨ ਨੰ. 5-ਅਸ਼ੋਕ ਕੁਮਾਰ/50'-6", ਦੱਖਣ : ਮਕਾਨ ਨੰ. 6, ਸੁਰਿੰਦਰ ਸਿੰਘ/50'-6", | 23.06.2023 | 03.10.2023 | Rs. 15,19,707/- (ਪੰਦਰਾਂ ਲੱਖ, ਉੱਨੀ ਹਜ਼ਾਰ, ਸੱਤ ਸੌ ਸੱਤ ਰੁਪਏ ਕੇਵਲ) |

ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਮਿਤੀ : 07.10.2023, ਸਥਾਨ : ਪੰਜਾਬ — ਸਹੀ/-ਅਧਿਕਾਰਤ ਅਫਸਰ ਐਕਸਿਸ ਬੈਂਕ ਲਿਮਟਿਡ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

7--Otc-PAGE- 3 qxd.qxd 10/6/2023 9:57 PM Page 1



# ਐੱਸ ਵਾਈ ਐੱਲ ਬਾਬਤ ਸੁਪਰੀਮ ਕੋਰਟ ਦਾ ਫੈਸਲਾ ਮੰਦਭਾਗਾ : ਬੱਖਤਪੁਰਾ



ਬਟਾਲਾ (ਤਰਲੋਕ ਬੱਗਾ)- ਸੀਪੀਆਈ ਐੱਮਐੱਲ ਲਿਬਰੇਸ਼ਨ ਨੇ ਐੱਸ. ਵਾਈ. ਐੱਲ. ਸਬੰਧੀ ਸੁਪਰੀਮ ਕੋਰਟ ਦੇ ਫੈਸਲੇ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਇਸ ਫੈਸਲੇ ਨਾਲ ਪੰਜਾਬ ਵਿੱਚ ਵੱਡੇ ਪੱਧਰ 'ਤੇ ਰਾਜਨੀਤਕ ਅਤੇ ਸਮਾਜਿਕ ਤੌਰ 'ਤੇ ਉਥਲ-ਪੁੱਥਲ ਫੈਲ ਜਾਣ ਦਾ ਡਰ ਪੈਦਾ ਹੋ ਗਿਆ ਹੈ। ਇਸ ਸਬੰਧੀ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਇਸ ਫੈਸਲੇ ਦੀ ਜੜ੍ਹ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 78, 79, 80 ਵਿਚ ਪਈ ਹੈ,ਜੋ ਧਾਰਾਵਾਂ ਕੇਂਦਰ ਸਰਕਾਰ ਨੂੰ ਪੰਜਾਬ ਦੇ ਦਰਿਆਈ ਪਾਣੀਆਂ ਅਤੇ ਹਾਈਡਲ ਪਰੋਜੈਕਟਾਂ ਵਿਚ ਦਖਲ ਦੇਣ ਦੀ ਖੁੱਲ੍ਹ ਦਿੰਦੀਆਂ ਹਨ ਜਿਨ੍ਹਾਂ ਨੂੰ ਅਧਾਰ ਬਣਾ ਕੇ 1980ਵਿਆਂ ਦੇ ਦਹਾਕੇ ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪਣੇ ਸਿਆਸੀ ਹਿੱਤਾਂ ਨੂੰ ਮੁੱਖ ਰੱਖਦਿਆਂ ਹਰਿਆਣੇ ਅਤੇ ਰਾਜਸਥਾਨ ਨੂੰ ਮਨਮਰਜ਼ੀ ਨਾਲ ਦਰਿਆਈ ਪਾਣੀਆਂ ਦੀ ਵੰਡ ਕਰ ਦਿੱਤੀ ਸੀ ਅਤੇ 1981 ਵਿਚ ਧਾਰਾਵਾਂ 78,79,80 ਨੂੰ ਵੰਗਾਰਨ ਲਈ ਸੁਪਰੀਮ ਕੋਰਟ ਵਿੱਚ ਕੀਤਾ ਕੇਸ ਮੌਕੇ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਤੋਂ ਵਾਪਸ ਕਰਵਾ ਕੇ ਐੱਸਵਾਈਐੱਲ ਕੱਢਣ ਦਾ ਫਰਮਾਨ ਜਾਰੀ ਕਰ ਦਿੱਤਾ ਸੀ। ਅੱਜ ਵੀ ਸੁਪਰੀਮ ਕੋਰਟ ਦੇ ਫੈਸਲੇ ਨੂੰ ਰੋਕਣ ਦੀ ਜ਼ਰੂਰਤ ਹੈ ਕਿ ਭਗਵੰਤ ਮਾਨ ਸਰਕਾਰ ਪੰਜਾਬ ਪੁਨਰਗਠਨ ਐਕਟ ਦੀਆਂ ਧਾਰਾਵਾਂ 78, 79, 80 ਦੇ ਵਿਰੁੱਧ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਏ ਕਿਉਂਕਿ ਇਹ ਧਾਰਾਵਾਂ ਸੰਘੀ ਢਾਂਚੇ ਦੀ ਘੋਰ ਉਲੰਘਣਾ ਕਰਨ ਦੀਆਂ ਧਾਰਾਵਾਂ ਹਨ ਅਤੇ ਨਾ ਹੀ ਦੇਸ਼ ਦੇ 29 ਪ੍ਰਾਂਤਾਂ 'ਚੋਂ ਕਿਸੇ ਪ੍ਰਾਂਤ ਨਾਲ ਇਸ ਤਰ੍ਹਾਂ ਦਾ ਕੋਈ ਕਨੂੰਨੀ ਵਰਤਾਰਾ ਕੀਤਾ ਗਿਆ ਹੈ। ਬੱਖਤਪੁਰਾ ਨੇ ਕਿਹਾ ਕਿ ਭਾਵੇਂ ਦੁਨੀਆ ਵਿੱਚ ਦਰਿਆਈ ਪਾਣੀਆਂ ਦੀ ਵੰਡ ਲਈ ਰਿਪੇਰੀਅਨ ਸਿਧਾਂਤ ਨੂੰ ਹੀ ਸਹੀ ਫਾਰਮੂਲਾ ਮੰਨਿਆ ਗਿਆ ਹੈ ਪਰ ਕੇਂਦਰ ਸਰਕਾਰਾ ਪੰਜਾਬ ਦੀ ਸੰਘੀ ਪੰਜਾਬ ਵਿਰੋਧੀ ਬਣਾਏ ਕਨੂੰਨ ਨੂੰ ਅਧਾਰ ਬਣਾ ਕੇ ਸਮੇਂ ਸਮੇਂ ਘੁਟਦੀਆ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਗਲੇ ਦੋ ਮਹੀਨਿਆਂ ਵਿਚ ਦਰਿਆਈ ਪਾਣੀਆਂ ਨੂੰ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਮਾਪਣ ਦੇ ਸਮੇਂ ਦੌਰਾਨ ਮਾਨ ਸਰਕਾਰ ਨੂੰ ਪੰਜਾਬ ਦੇ ਹਰ ਸੂਏ ਖਾਲ ਨੂੰ ਨਜਾਇਜ਼ ਕਬਜ਼ੇ ਹਟਾ ਕੇ ਪਾਣੀ ਵਗਣ ਦੇ ਯੋਗ ਬਣਾਉਣਾ ਚਾਹੀਦਾ ਹੈ ਤਾਂ ਜੋ ਪਤਾ ਚਲ ਸਕੇ ਕਿ ਪੰਜਾਬ ਦੇ ਪਾਸ ਵਾਧੂ ਪਾਣੀ ਨਹੀਂ ਹੈ।

# 'ਮੇਰੀ ਮਾਟੀ ਮੇਰਾ ਦੇਸ਼' ਨਾਲ ਸੰਬੰਧਤ ਸਮਾਰੋਹ ਕਰਵਾਏ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਸਰਕਾਰੀ ਕਾਲਜ ਹੁਸ਼ਿਆਰਪੁਰ 'ਚ ਕਾਰਜਕਾਰੀ ਪ੍ਰਿੰਸੀਪਲ ਪ੍ਰੋਫੈਸਰ ਜਸਵੀਰਾ ਅਨੂਪ ਮਿਨਹਾਸ ਦੀ ਅਗਵਾਈ 'ਚ ਰੈੱਡ ਰਿਬਨ ਕਲੱਬ ਅਤੇ ਹਿੰਦੀ ਵਿਭਾਗ ਦੇ ਮੁਖੀ ਵਿਜੇ ਕੁਮਾਰ ਅਤੇ ਸਰੋਜ ਸ਼ਰਮਾ ਦੇ ਸਹਿਯੋਗ ਨਾਲ 'ਮੇਰੀ ਮਾਟੀ ਮੇਰਾ ਦੇਸ਼' ਸਮਾਰੋਹ ਨਾਲ ਸਬੰਧਿਤ ਸੈਮੀਨਾਰ, ਭਾਸ਼ਣ ਮੁਕਾਬਲੇ, ਪੋਸਟਰ ਬਣਾਉਣ ਤੋਂ ਇਲਾਵਾ ਵਿਦਿਆਰਥੀਆਂ ਵਲੋਂ ਇਕੱਠੀ ਕੀਤੀ ਗਈ ਮਾਟੀ ਨੂੰ ਇਕ ਗਮਲੇ ਵਿੱਚ ਪਾ ਕੇ ਉਸ 'ਚ ਪੌਦਾ ਲਗਾਉਣ ਅਤੇ ਏਕਤਾ ਦਾ ਪ੍ਰਤੀਕ ਦਰਸਾਉਣ ਨਾਲ ਸਬੰਧਿਤ ਸਮਾਰੋਹ ਕਰਵਾਏ ਗਏ। ਇਸ 'ਚ ਕਾਰਜਕਾਰੀ ਪ੍ਰਿੰਸੀਪਲ ਪ੍ਰੋਫੈਸਰ ਜਸਵੀਰਾ ਅਨੂਪ ਮਿਨਹਾਸ ਨੇ ਵਿਦਿਆਰਥੀਆ ਨੂੰ ਆਪਣੇ ਦੇਸ਼ ਅਤੇ ਮਾਟੀ ਨਾਲ ਪਿਆਰ ਕਰਨ ਅਤੇ ਆਪਣੇ ਦੇਸ਼ ਦੀਆਂ ਬਣੀਆ ਵਸਤੂਆਂ ਦਾ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ। ਵਿਜੇ ਕੁਮਾਰ ਨੇ ਮੇਰੀ ਮਾਟੀ ਮੇਰਾ ਦੇਸ਼ ਦੇ ਮਹੱਤਵ ਤੇ ਚਾਨਣਾ ਪਾਉਂਦੇ ਹੋਏ ਵਿਦਿਆਰਥੀਆਂ ਨੂੰ ਮਾਟੀ ਅਤੇ ਦੇਸ਼ ਦੇ ਮਹੱਤਵ ਤੇ ਚਾਨਣਾ ਪਾਉਂਦੇ ਹੋਏ ਦੇਸ਼ ਅਤੇ ਮਾਟੀ ਨਾਲ ਜੁੜ ਕੇ ਆਪਣੇ ਫਰਜ਼ ਇਮਾਨਦਾਰੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਸਰੋਜ ਸ਼ਰਮਾ ਨੇ ਵੀ ਵਿਸ਼ੇ ਅਨੁਸਾਰ ਵਿਚਾਰ ਪੇਸ਼ ਕੀਤੇ। ਵਿਦਿਆਰਥੀਆਂ 'ਚੋਂ ਪਿੰਕੀ, ਵੰਦਨਾ ਅਤੇ ਸੁਭਾਸ਼ ਨੇ ਮੇਰੀ ਮਾਟੀ ਮੇਰਾ ਦੇਸ਼ ਨਾਲ ਸਬੰਧਿਤ ਵਿਚਾਰ ਪੇਸ਼ ਕੀਤੇ। ਵਿਦਿਆਰਥਣ ਮਨੀਸ਼ਾ, ਕਾਜਲ, ਪ੍ਰਿੰਯਕਾ, ਲਵਪ੍ਰੀਤ ਨੇ ਵਿਸ਼ੇ ਅਨੁਸਾਰ ਗੀਤ ਗਾ ਕੇ ਦੇਸ਼ ਅਤੇ ਮਾਟੀ ਨਾਲ ਜੋੜਨ ਦੀ ਭੂਮਿਕਾ ਨਿਭਾਈ। ਵਿਦਿਆਰਥੀਆਂ ਨੇ ਦੇਸ਼ ਭਗਤੀ ਅਤੇ ਮਾਟੀ ਨਾਲ ਜੁੜਨ ਦਾ ਪ੍ਰਣ ਲਿਆ। ਗਮਲੇ ਵਿੱਚ ਪੌਦਾ ਲਗਾ ਕੇ ਏਕਤਾ ਦੀ ਭਾਵਨਾ ਦਰਸਾਈ ਗਈ। ਰਾਸ਼ਟਰੀ ਝੰਡੇ ਵੀ ਵਿਦਿਆਰਥੀਆਂ ਨੇ ਫੜੇ ਹੋਏ ਸਨ ਜੋ ਦੇਸ਼ ਭਗਤੀ ਦਾ ਪ੍ਰਤੀਕ ਸਨ।

# ਵਿਸ਼ਵ ਅਧਿਆਪਕ ਦਿਵਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ (ਐਲੀ.) ਵਿਰੁੱਧ ਰੋਸ ਪ੍ਰਦਰਸ਼ਨ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਗੈਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਸੱਦੇ 'ਤੇ ਇਕੱਤਰ ਹੋਏ ਅਧਿਆਪਕਾਂ ਨੇ ਵਿਸ਼ਵ ਅਧਿਆਪਕ ਦਿਵਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਵਿਰੁੱਧ ਤਰੱਕੀਆਂ ਨਾ ਕਰਨ ਦੇ ਰੋਸ ਵਜੋਂ ਪ੍ਰਦਰਸ਼ਨ ਕੀਤਾ। ਅਧਿਆਪਕ ਆਗੂਆਂ ਕੁਲਦੀਪ ਪੁਰੋਵਾਲ, ਦਿਲਦਾਰ ਭੰਡਾਲ, ਅਨਿਲ ਕੁਮਾਰ, ਸੁਖਵਿੰਦਰ ਸਿੰਘ ਰੰਧਾਵਾ, ਗੁਰਪ੍ਰੀਤ ਰੰਗੀਲਪੁਰ ਨੇ ਕਿਹਾ ਕਿ ਅਧਿਆਪਕਾਂ ਦੀਆਂ ਤਰੱਕੀਆਂ ਸਬੰਧੀ ਸਿੱਖਿਆ ਮੰਤਰੀ ਦੇ ਹੁਕਮਾਂ ਦੇ ਬਾਵਜੂਦ ਟਾਲਮਟੋਲ ਦੀ ਨੀਤੀ ਅਪਣਾ ਕੇ ਅਧਿਆਪਕਾਂ ਦੀਆਂ ਤਰੱਕੀਆਂ ਨਹੀਂ ਕੀਤੀਆਂ ਜਾ ਰਹੀਆਂ। 2002 ਦਾ ਅਧਿਆਪਕਾਂ ਦਾ ਜੀ ਪੀ ਫੰਡ ਬਲਾਕਾਂ ਨੂੰ ਜਾਣਬੁੱਝ ਕੇ ਨਹੀਂ ਭੇਜਿਆ ਜਾ ਰਿਹਾ। ਅਧਿਆਪਕਾਂ ਦੀਆਂ ਸਾਲਾਨਾ ਗੁਪਤ ਰਿਪੋਰਟਾਂ ਨੂੰ ਵੀ ਅਪਰੂਵ ਨਹੀਂ ਕੀਤਾ ਜਾ ਰਿਹਾ। ਐੱਸਐੱਸਏ ਅਧਿਆਪਕਾਂ ਦੀਆਂ ਛੁੱਟੀਆਂ ਸਬੰਧੀ ਹੱਕ ਨਹੀਂ ਦਿੱਤਾ ਜਾ ਰਿਹਾ। ਅਧਿਆਪਕਾਂ ਨੂੰ ਗੈਰ-ਵਿੱਦਿਅਕ ਕੰਮਾਂ ਵਿੱਚ ਉਲਝਾ ਕੇ ਵਿਦਿਆਰਥੀਆਂ ਦਾ ਨੁਕਸਾਨ ਕੀਤਾ ਜਾ ਰਿਹਾ ਹੈ। ਆਗੂਆਂ ਨੇ ਪੰਜਾਬ ਸਰਕਾਰ ਤੋਂ ਵੀ ਮੰਗ ਕੀਤੀ ਅਧਿਆਪਕਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਡੀਏ ਦੀਆਂ ਕਿਸ਼ਤਾਂ, ਪੇ-ਕਮਿਸ਼ਨ ਦੀਆਂ ਤਰੁੱਟੀਆਂ, ਕੱਟੇ ਭੱਤੇ ਬਹਾਲ ਕੀਤੇ ਜਾਣ, ਸਾਰੇ ਸਕੂਲਾਂ ਵਿੱਚ ਦਰਜਾ ਚਾਰ ਦੀਆਂ ਅਸਾਮੀਆਂ ਦਿੱਤੀਆਂ ਜਾਣ ਅਤੇ ਵਿਦਿਆਰਥੀਆਂ ਦੀਆਂ ਫੀਸਾਂ ਮਾਫ ਕੀਤੀਆਂ ਜਾਣ। ਅੱਜ ਦੇ ਪ੍ਰਦਰਸ਼ਨ ਵਿੱਚ ਅਮਰਬੀਰ ਸਿੰਘ, ਪਵਨ ਕੁਮਾਰ, ਜੋਤ ਪਰਕਾਸ਼ ਸਿੰਘ, ਬਲਵਿੰਦਰ ਕੁਮਾਰ, ਸੁਖਵਿੰਦਰ ਬਟਾਲਾ, ਸੰਜੀਵ ਕੁਮਾਰ, ਰਾਜਿੰਦਰ ਕੁਮਾਰ, ਸਤਿੰਦਰਜੀਤ, ਅਨਿਲ ਕੁਮਾਰ, ਸੁਭਾਸ਼ ਚੰਦਰ, ਪਲਵਿੰਦਰ ਸਿੰਘ, ਸਲਵਿੰਦਰ ਕੁਮਾਰ, ਕਪਿਲ ਸ਼ਰਮਾ, ਬੰਟੀ ਦੀਨਾਨਗਰ, ਸੁਭਾਸ਼ ਧਾਰੀਵਾਲ ਆਦਿ ਹਾਜ਼ਰ ਸਨ।

# ਖੇਡਾਂ 'ਚ ਆਰ ਡੀ ਖੋਸਲਾ ਡੀ ਏ ਵੀ ਸਕੂਲ ਦੇ ਵਿਦਿਆਰਥੀ ਛਾਏ



ਬਟਾਲਾ (ਤਰਲੋਕ ਬੱਗਾ)—ਜ਼ਿਲ੍ਹਾ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਖੇਡ ਮੁਕਾਬਲੇ ਵਿੱਚ ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ ਵਿਦਿਆਰਥੀਆਂ ਨੇ ਕੁਸ਼ਤੀ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੁਕਾਬਲੇ ਵਿੱਚ ਨਵਨੀਤ ਕੌਰ, ਜਪਨੂਰ ਕੌਰ, ਹਰਪ੍ਰੀਤ ਕੌਰ, ਕਰਿਸ਼ਮ ਅਤੇ ਰਵਦੀਪ ਸਿੰਘ ਪਹਿਲੇ ਸਥਾਨ 'ਤੇ ਰਹੇ। ਅਭਿਜੋਤ ਸਿੰਘ ਅਤੇ ਰਵਤੇਜ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅਭਿਜੋਤ ਸਿੰਘ ਤੀਜੇ ਸਥਾਨ 'ਤੇ ਰਿਹਾ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰ. ਡਾ: ਬਿੰਦੂ ਭੱਲਾ ਨੇ ਸਫਲ ਹੋਣ ਵਾਲੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਤਰਲੋਕ ਸਿੰਘ ਅਤੇ ਸ੍ਰੇਸ਼ਟਾ ਨੂੰ ਹਾਰਦਿਕ ਵਧਾਈ ਅਤੇ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਅਜਿਹੇ ਖੇਡ ਮੁਕਾਬਲਿਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਇਸ ਨਾਲ ਉਨ੍ਹਾਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਹੁੰਦਾ ਹੈ। ਉਨ੍ਹਾਂ ਅੰਦਰ ਰਲ-ਮਿਲ ਕੇ ਖੇਡਣ ਦੀ ਭਾਵਨਾ, ਸਹਿਣਸ਼ੀਲਤਾ ਦਾ ਵਿਕਾਸ ਹੁੰਦਾ ਹੈ ਅਤੇ ਉਨ੍ਹਾਂ ਦਾ ਸਰਬਪੱਖੀ ਵਿਕਾਸ ਹੁੰਦਾ ਹੈ।

# ਬੀੜ ਬਾਬਾ ਬੁੱਢਾ ਸਾਹਿਬ ਵਿਖੇ ਨਵੇਂ ਬਣੇ ਬਾਥਰੂਮਾਂ ਦਾ ਉਦਘਾਟਨ



ਝਬਾਲ (ਹਰਜਿੰਦਰ ਸਿੰਘ ਸੋਨੀ)-ਸ਼੍ਰੋਮਣੀ ਕਮੇਟੀ ਅਤੇ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਕਾਰਸੇਵਾ ਵਾਲੇ ਬਾਬਾ ਸੁਬੇਗ ਸਿੰਘ ਗੋਇੰਦਵਾਲ ਸਾਹਿਬ ਵਾਲਿਆਂ ਵੱਲੋਂ ਸੰਗਤਾਂ ਦੀ ਸਹੂਲਤ ਲਈ ਬਣਾਏ ਗਏ ਲਗਭਗ ਢਾਈ ਕਰੋੜ ਦੀ ਲਾਗਤ ਨਾਲ ਆਧੁਨਿਕ ਕਿਸਮ ਦੇ ਬਾਥਰੂਮ ਅਤੇ ਕਾਰ ਪਾਰਕਿੰਗ ਦਾ ਉਦਘਾਟਨ ਅੱਜ ਸ਼੍ਰੋਮਣੀ ਕਮੇਟੀ ਸਕੱਤਰ ਪ੍ਰਤਾਪ ਸਿੰਘ ਨੇ ਕੀਤਾ। ਇਸ ਸਮੇਂ ਕਾਰ ਸੇਵਾ ਵਾਲੇ ਬਾਬਾ ਸੁਬੇਗ ਸਿੰਘ ਗੋਇੰਦਵਾਲ ਸਾਹਿਬ ਵਾਲਿਆਂ ਨੇ ਨਵੇਂ ਬਣੇ ਬਾਥਰੂਮਾਂ ਦੀਆਂ ਚਾਬੀਆਂ ਸਕੱਤਰ ਪ੍ਰਤਾਪ ਸਿੰਘ ਸੌਂਪੀਆਂ ਤੇ ਆਏ ਹੋਏ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਤੇ ਮੈਂਬਰਾਂ ਨੂੰ ਸਨਮਾਨਿਤ ਕੀਤਾ। ਇੱਥੇ ਵਰਣਨਯੋਗ ਹੈ ਕਿ ਪਹਿਲਾਂ ਇਥੇ ਉਦਘਾਟਨ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਪਹੁੰਚ ਰਹੇ ਸਨ ਪਰ ਮੌਕੇ ਤੇ ਪ੍ਰਧਾਨ ਸਾਹਿਬ ਨੂੰ ਜ਼ਰੂਰੀ ਰੁਝੇਵੇਂ ਕਾਰਨ ਉਨ੍ਹਾਂ ਸਕੱਤਰ ਭਾਈ ਪ੍ਰਤਾਪ ਸਿੰਘ ਨੂੰ ਉਦਘਾਟਨ ਕਰਨ ਲਈ ਭੇਜਿਆ ਗਿਆ। ਇਸ ਸਮੇਂ ਮੈਨੇਜਰ ਰਜਿੰਦਰ ਸਿੰਘ ਟੌਹੜਾ, ਸ਼੍ਰੋਮਣੀ ਕਮੇਟੀ ਮੈਂਬਰ ਮਗਵਿੰਦਰ ਸਿੰਘ ਖਾਪੜਖੇੜੀ, ਬਾਬਾ ਨਿਰਮਲ ਸਿੰਘ, ਬੀਬੀ ਹਰਜਿੰਦਰ ਕੌਰ, ਖੁਸ਼ਵਿੰਦਰ ਸਿੰਘ ਭਾਟੀਆ, ਕਾਰ ਸੇਵਾ ਵਾਲੇ ਬਾਬਾ ਸੋਹਣ ਸਿੰਘ, ਹਰਜਿੰਦਰ ਸਿੰਘ, ਬਾਬਾ ਅਮਰੀਕ ਸਿੰਘ, ਬਾਬਾ ਦਵਿੰਦਰ ਸਿੰਘ, ਬਾਬਾ ਅਮਰ ਸਿੰਘ, ਕਸ਼ਮੀਰ ਸਿੰਘ ਭੁੱਚਰ, ਜਸਪਾਲ ਸਿੰਘ, ਗੁਰਜੀਤ ਸਿੰਘ ਪੰਜਵੜ, ਮੀਤ ਮੈਨੇਜਰ ਅਜੇ ਸਿੰਘ, ਬਿਕਰਮਜੀਤ ਸਿੰਘ ਸੁਰਸਿੰਘ ਆਦਿ ਹਾਜ਼ਰ ਸਨ।

# ਸਾਰੇ ਸਾਈਨ ਬੋਰਡ ਪੰਜਾਬੀ ਭਾਸ਼ਾ 'ਚ ਲਿਖੇ ਜਾਣ : ਡਾ. ਜਸਵੰਤ ਰਾਏ

ਹੁਸ਼ਿਆਰਪੁਰ,: (ਓ ਪੀ ਰਾਣਾ) ਜ਼ਿਲ੍ਹਾ ਖੋਜ ਅਫ਼ਸਰ, ਹੁਸ਼ਿਆਰਪੁਰ ਡਾ. ਜਸਵੰਤ ਰਾਏ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਅਤੇ ਪੂਰਾ ਮਾਣ-ਸਨਮਾਨ ਦੇਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾਂ ਉਪਰਾਲਿਆਂ ਤਹਿਤ ਜ਼ਿਲ੍ਹੇ ਦੇ ਸਾਰੇ ਸੂਚਨਾ ਬੋਰਡ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਵਿਚ ਲਿਖਣੇ ਲਾਜ਼ਮੀ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਵਧੇਰੇ ਮਹੱਤਤਾ ਦੇਣ ਲਈ ਸਮੂਹ ਸਰਕਾਰੀ, ਅਰਧ ਸਰਕਾਰੀ ਦਫ਼ਤਰਾਂ, ਵਿਭਾਗਾਂ, ਅਦਾਰਿਆਂ, ਸੰਸਥਾਵਾਂ, ਵਿਦਿਅਕ ਅਦਾਰਿਆਂ, ਬੋਰਡਾਂ, ਨਿਗਮਾਂ ਅਤੇ ਗ਼ੈਰ-ਸਰਕਾਰੀ ਸੰਸਥਾਵਾਂ, ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ, ਨਾਂਅ ਪੱਟੀਆਂ, ਮੀਲ ਪੱਥਰ, ਸਾਈਨ ਬੋਰਡ ਲਿਖਣ ਸਮੇਂ ਸਭ ਤੋਂ ਪਹਿਲਾਂ ਉਪਰਲੇ ਪਾਸੇ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) 'ਚ ਲਿਖੇ ਜਾਣ ਅਤੇ ਜੇਕਰ ਕਿਸੇ ਹੋਰ ਭਾਸ਼ਾ 'ਚ ਲਿਖਣਾ ਹੋਵੇ ਤਾਂ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਤੋਂ ਹੇਠਾਂ ਦੂਸਰੀ ਭਾਸ਼ਾ ਵਿਚ ਲਿਖਿਆ ਜਾਵੇ। ਸਰਕਾਰੀ ਅਦਾਰਿਆਂ ਤੋਂ ਇਲਾਵਾ ਗ਼ੈਰ- ਸਰਕਾਰੀ, ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰੇ ਵੀ ਆਪੋ-ਆਪਣੇ ਸਾਈਨ ਬੋਰਡ ਪੰਜਾਬੀ ਭਾਸ਼ਾ 'ਚ ਲਿਖਣੇ ਲਾਜ਼ਮੀ ਬਣਾਉਣਗੇ। ਇਨ੍ਹਾਂ ਹੁਕਮਾਂ ਦੀ ਪਾਲਣਾ ਨਾ ਕੀਤੇ ਜਾਣ ਦੀ ਸੂਰਤ ਵਿਚ ਸੰਬੰਧਤ ਖਿਲਾਫ਼ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ 2008 ਅਤੇ 2021 ਵਿਚ ਦਰਜ ਉਪਬੰਧਾਂ ਅਨੁਸਾਰ ਜ਼ੁਰਮਾਨਾ ਲਗਾਉਣ ਸਬੰਧੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਲਈ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦੇ ਹੋਏ ਪੂਰਨ ਸਹਿਯੋਗ ਦਿੱਤਾ ਜਾਵੇ। ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਨੂੰ ਸੂਚਨਾ ਬੋਰਡ ਲਿਖਣ ਸਮੇਂ ਪੰਜਾਬੀ ਸ਼ਬਦ ਜੋੜਾਂ ਸਬੰਧੀ ਕਿਸੇ ਪ੍ਰਕਾਰ ਦੀ ਸਮੱਸਿਆ ਆਉਂਦੀ ਹੈ ਤਾਂ ਉਹ ਜ਼ਿਲ੍ਹਾ ਭਾਸ਼ਾ ਦਫ਼ਤਰ, ਹੁਸ਼ਿਆਰਪੁਰ ਨਾਲ ਸੰਪਰਕ ਕਰ ਸਕਦੇ ਹਨ।

# ਨਕਾਬਪੋਸ਼ ਲੁਟੇਰੇ ਲੱਖਾਂ ਦਾ ਇਲੈਕਟ੍ਰੋਨਿਕ ਸਾਮਾਨ ਲੈ ਕੇ ਰਫੂ ਚੱਕਰ

ਕਰਤਾਰਪੁਰ (ਹਰਮੇਸ਼ ਦੱਤ) ਬੀਤੀ ਦੇਰ ਰਾਤ ਇੱਕ ਵਜੇ ਦੇ ਕਰੀਬ ਚੋਰਾਂ ਨੇ ਅਗਰਵਾਲ ਇੰਟਰਪ੍ਰਾਈਜ਼ ਦੇ ਕਿਸ਼ਨਗੜ੍ਹ ਰੋਡ 'ਤੇ ਗੋਦਾਮ 'ਚੋਂ ਉਥੇ ਰਹਿ ਰਹੇ ਮਜ਼ਦੂਰ ਪਰਵਾਰਾਂ ਨੂੰ ਬੰਧਕ ਬਣਾ ਕੇ ਲੱਖਾ ਰੁਪਏ ਦੇ ਫਰਿਜ, ਏ ਸੀ, ਐਲ ਈ ਡੀ ਤੇ ਹੋਰ ਇਲੈਕਟ੍ਰਾਨਿਕ ਸਮਾਨ ਚੋਰੀ ਕਰ ਲੈ ਗਏ। ਇਸ ਸੰਬੰਧ 'ਚ ਅਗਰਵਾਲ ਇੰਟਰਪ੍ਰਾਈਜ਼ ਦੇ ਅਨਿਲ ਅਗਰਵਾਲ ਤੇ ਦੀਪਕ ਅਗਰਵਾਲ ਨੇ ਦੱਸਿਆ ਰਾਤ ਇੱਕ ਵਜੇ ਦੇ ਕਰੀਬ ਕਿਸ਼ਨਗੜ੍ਹ ਰੋਡ ਗੋਦਾਮ 'ਚੋਂ ਚੋਰ ਕੰਧ ਟੱਪ ਕੇ ਅੰਦਰ ਵੜੇ ਅਤੇ ਅੰਦਰ ਰਹਿ ਰਹੇ 2 ਪਰਵਾਰਾਂ ਨੂੰ ਕੁੱਟਮਾਰ ਕਰਕੇ ਬੰਧਕ ਬਣਾ ਕਮਰੇ 'ਚ ਬੰਦ ਕਰ ਦਿੱਤਾ ਅਤੇ ਕੱਟਰ ਨਾਲ ਗਡਾਊਨ ਦੇ ਤਾਲੇ ਵੱਢ ਕੇ ਅੰਦਰੋਂ 45 ਲੱਖ ਰੁਪਏ ਦੇ ਕਰੀਬ ਏ ਸੀ, ਫਰਿਜ, ਐਲ ਈ ਡੀ ਆਦਿ ਸਮਾਨ ਟਰੱਕ 'ਚ ਲੱਧ ਕੇ ਫਰਾਰ ਹੋ ਗਏ। ਚੋਰੀ ਦੀ ਸਾਰੀ ਘਟਨਾ ਸੀ ਸੀ ਟੀ ਵੀ ਕੈਮਰੇ 'ਚ ਕੈਦ ਹੋ ਗਈ ਹੈ। ਮੌਕੇ 'ਤੇ ਡੀ ਐਸ ਪੀ ਬਲਵੀਰ ਸਿੰਘ, ਥਾਣਾ ਮੁਖੀ ਰਮਨਦੀਪ ਸਿੰਘ ਪੁਲਸ ਪਾਰਟੀ ਸਮੇਤ ਪੁੱਜੇ ਤੇ ਛਾਨਬੀਣ ਸ਼ੁਰੂ ਕੀਤੀ। ਫਿੰਗਰ ਪ੍ਰਿੰਟ ਮਾਹਿਰਾਂ ਦੀ ਟੀਮ ਵੀ ਬੁਲਾਈ ਗਈ। ਡੀ ਐਸ ਪੀ ਬਲਵੀਰ ਸਿੰਘ ਨੇ ਕਿਹਾ ਚੋਰਾਂ ਨੂੰ ਜਲਦੀ ਹੀ ਫੜ ਲਿਆ ਜਾਵੇਗਾ।



# ਸਵੱਛ ਤੇ ਸਿਹਤਮੰਦ ਭਵਿੱਖ ਲਈ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਡਾ. ਦਿਲਬਾਗ ਸਿੰਘ ਭੱਟੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਕਟਾਈ ਉਪਰੰਤ ਪਰਾਲੀ ਨੂੰ ਅੱਗ ਲਗਾ ਕੇ ਸਾੜਨ ਦੀ ਬਜਾਏ ਪਰਾਲੀ ਨੂੰ ਖੇਤਾਂ 'ਚ ਮਿਲਾ ਕੇ ਆਪਣੇ ਖੇਤਾਂ ਦੀ ਮਿੱਟੀ ਦੀ ਸਿਹਤ ਸੁਧਾਰ ਸਕਦੇ ਹਨ ਅਤੇ ਵਾਤਾਵਰਣ ਨੂੰ ਵੀ ਸਵੱਛ ਰੱਖ ਸਕਦੇ ਹਨ। ਡਾ. ਭੱਟੀ ਨੇ ਕਿਹਾ ਕਿ ਸਾਨੂੰ ਆਪਣੇ ਬਲਾਕ ਦੇ ਪਿੰਡਾਂ ਨੂੰ ਅੱਗ ਤੋਂ ਮੁਕਤ ਕਰਨਾ ਹੈ, ਜਿਸ ਨਾਲ ਸਾਨੂੰ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣਾ ਪਵੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਫਸਲ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਅਤੇ ਕਣਕ ਦੀ ਬਿਜਾਈ ਆਪਣੇ ਫਸਲੀ ਚੱਕਰ ਅਨੁਸਾਰ ਸੁਪਰ ਸੀਡਰ, ਸਰਫੇਸ ਸੀਡਰ, ਸਮਾਰਟ ਸੀਡਰ, ਹੈਪੀ ਸੀਡਰ ਆਦਿ ਦੀ ਵਰਤੋਂ ਕਰਕੇ ਕਣਕ ਦੀ ਬਿਜਾਈ ਕਰਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਪਿੰਡਾਂ ਵਿੱਚ ਵੱਖ-ਵੱਖ ਵਿਭਾਗਾਂ ਦੇ ਕਲੱਸਟਰ ਕੋਆਰਡੀਨੇਟਰ ਤੇ ਨੋਡਲ ਅਫਸਰ ਨਿਯੁਕਤ ਕੀਤੇ ਗਏ ਹਨ ਜੋ ਕਿ ਪਿੰਡਾਂ 'ਚ ਜਾ ਕੇ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨਗੇ ਅਤੇ ਨਾਲ ਹੀ ਇਨ੍ਹਾਂ ਅਫਸਰਾਂ ਵੱਲੋਂ ਪਿੰਡਾਂ 'ਚ ਫਸਲੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਵਾਲੇ ਕਿਸਾਨਾਂ ਤੇ ਮੁਕੰਮਲ ਨਿਗਰਾਨੀ ਵੀ ਰਹੇਗੀ। ਅਖੀਰ ਡਾ. ਭੱਟੀ ਨੇ ਇਹ ਵੀ ਕਿਹਾ ਕਿ ਜੇਕਰ ਕਿਸੇ ਵੀ ਕਿਸਾਨ ਵੱਲੋ ਅਪਣੇ ਖੇਤਾਂ ਵਿੱਚ ਪਰਾਲੀ ਨੂੰ ਅੱਗ ਲਗਾਈ ਗਈ ਤਾਂ ਉਸ ਖਿਲਾਫ ਨੈਸ਼ਨਲ ਗਰੀਨ ਟ੍ਰਿਬਿਊਨਲ ਦੇ ਐਕਟ ਅਨੁਸਾਰ ਬਣਦੀ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਰਾਲੀ ਦੇ ਨਿਪਟਾਰੇ ਲਈ ਕਿਸੇ ਤਰ੍ਹਾਂ ਦੀ ਵੀ ਤਕਨੀਕੀ ਜਾਣਕਾਰੀ ਲਈ ਕਿਸਾਨ ਖੇਤੀਬਾੜੀ ਵਿਭਾਗ ਕਾਹਨੂੰਵਾਨ ਦੇ ਦਫਤਰ ਵਿੱਚ ਸੰਪਰਕ ਕਰ ਸਕਦੇ ਹਨ।

# ਸ਼ਮਸ਼ੇਰ ਸਿੰਘ ਨੇ ਦੀਨਾਨਗਰ ਅਨਾਜ ਮੰਡੀ 'ਚ ਝੋਨੇ ਦੀ ਖਰੀਦ ਸ਼ੁਰੂ ਕਰਵਾਈ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਅਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਦੀਨਾਨਗਰ ਦੀਆਂ ਵੱਖ-ਵੱਖ ਅਨਾਜ ਮੰਡੀਆਂ ਬਹਿਰਾਮਪੁਰ, ਪਨਿਆੜ ਅਤੇ ਅਵਾਂਖਾ ਵਿਖੇ ਝੋਨੇ ਦੀ ਸਰਕਾਰੀ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ। ਅਵਾਂਖਾ ਅਨਾਜ ਮੰਡੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਕਾਰ ਵੱਲੋਂ ਮੰਡੀਆਂ ਅੰਦਰ ਝੋਨੇ ਦੀ ਖਰੀਦ ਲਈ ਕੀਤੇ ਗਏ ਪ੍ਰਬੰਧਾਂ ਉੱਤੇ ਸੰਤੁਸ਼ਟੀ ਦਾ ਪ੍ਰਗਟਾਵਾ ਕਰਦਿਆਂ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਝੋਨੇ ਦਾ ਇਕ ਇਕ ਦਾਣਾ ਖਰੀਦਣ ਲਈ ਵਚਨਬੱਧ ਹੈ ਜਿਸ ਲਈ ਮੰਡੀਆਂ ਅੰਦਰ ਸਰਕਾਰ ਵੱਲੋਂ ਝੋਨੇ ਦੀ ਖਰੀਦ ਦੇ ਚਾਲੂ ਸੀਜ਼ਨ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਮੰਡੀਆਂ ਅੰਦਰ ਕਿਸਾਨਾਂ ਨੂੰ ਕਿਸੇ ਵੀ ਕਿਸਮ ਦੀ ਔਕੜ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਕਿਸਾਨਾਂ ਦੀ ਖਰੀਦੀ ਗਈ ਫਸਲ ਦੀ ਨਾਲੋ ਨਾਲ ਅਦਾਇਗੀ ਤੇ ਪੰਜਾਬ ਸਰਕਾਰ ਵੱਲੋਂ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਨੇ ਕਿਸਾਨਾਂ ਨੂੰ ਮੰਡੀਆਂ ਵਿੱਚ ਸੁੱਕਾ ਝੋਨਾ ਲਿਆਉਣ ਦੀ ਅਪੀਲ ਕਰਦਿਆਂ ਕਿਹਾ ਕਿ ਕਿਸਾਨ ਭਰਾ ਕਾਹਲੀ ਨਾਲ ਕਰਨ ਅਤੇ ਪੂਰੀ ਤਰ੍ਹਾਂ ਪੱਕਣ ਤੇ ਹੀ ਝੋਨੇ ਦੀ ਫਸਲ ਦੀ ਕਟਾਈ ਕਰਨ ਤਾਂ ਕਿ ਉਨ੍ਹਾਂ ਨੂੰ ਮੰਡੀਆਂ ਵਿੱਚ ਕਿਸੇ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਉਨ੍ਹਾਂ ਨੇ ਨਾਲ ਏਐੱਸਐੱਸਓ ਰਣਜੀਤ ਸਿੰਘ, ਇੰਸਪੈਕਟਰ ਵਰਿੰਦਰ ਕੁਮਾਰ, ਮਾਰਕੀਟ ਕਮੇਟੀ ਦੀਨਾਨਗਰ ਦੇ ਸਕੱਤਰ ਬਲਬੀਰ ਸਿੰਘ ਬਾਜਵਾ, ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਸ਼ਮਿੰਦਰ ਪਾਲ ਸੈਣੀ, ਗੁਰਨਾਮ ਸਿੰਘ ਮੱਲ੍ਹੀਆਂ, ਸ਼ਾਮ ਲਾਲ, ਵਿਜੇ ਓਹਰੀ, ਕੁਲਤਾਰ ਸਿੰਘ ਸੋਨੂੰ, ਉਮੇਸ਼ ਮਰਵਾਹਾ, ਬਿੰਦੂ ਸੈਣੀ, ਰੋਹਿਤ ਮਹਾਜਨ, ਮੰਨੂ ਠਾਕੁਰ, ਮਨਮੋਹਨ ਸਿੰਘ ਧਮਰਾਈ, ਠਾਕੁਰ ਪ੍ਰਦੀਪ ਸਿੰਘ, ਗੁਰਨਾਮ ਸਿੰਘ ਕੰਗ, ਅੰਗਰੇਜ਼ ਸਿੰਘ ਅਤੇ ਗੁਰਨਾਮ ਸਿੰਘ ਸਿੰਗੋਵਾਲ ਵੀ ਹਾਜ਼ਰ ਸਨ।

# ਪੰਜਾਬ 'ਚ ਮਜ਼ਦੂਰ ਅੱਜ ਅਣਮਿੱਥੇ ਸਮੇਂ ਲਈ ਅਨਾਜ ਮੰਡੀਆਂ ਬੰਦ ਕਰਨਗੇ: ਰਾਕੇਸ਼ ਤੁਲੀ



ਝਬਾਲ (ਹਰਜਿੰਦਰ ਸਿੰਘ ਸੋਨੀ)-ਪੰਜਾਬ ਭਰ ਦੀਆਂ ਅਨਾਜ ਮੰਡੀਆਂ 'ਚ ਕੰਮ ਕਰਦੇ ਮਜ਼ਦੂਰ 7 ਅਕਤੂਬਰ ਤੋਂ ਪੰਜਾਬ ਦੀਆਂ ਸਾਰੀਆਂ ਮੰਡੀਆਂ ਅਣਮਿਥੇ ਸਮੇਂ ਲਈ ਮੁਕੰਮਲ ਬੰਦ ਕਰਨਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਰਾਕੇਸ਼ ਕੁਮਾਰ ਤੁਲੀ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਮੰਡੀਆ 'ਚ 24 ਘੰਟੇ ਕੰਮ ਕਰਦੇ ਮਜ਼ਦੂਰਾਂ ਦੀ ਮਜ਼ਦੂਰੀ 'ਚ ਵਾਧੇ ਸਮੇਤ ਹੋਰ ਹੱਕੀ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਤੇ ਬੀਤੇ 29 ਸਤੰਬਰ ਨੂੰ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਕਿਸਾਨ ਭਵਨ ਵਿਖੇ ਮਿਲਿਆ ਗਿਆ ਸੀ। ਖੁੱਡੀਆ ਵੱਲੋਂ ਉਨ੍ਹਾਂ ਨੂੰ 5 ਅਕਤੂਬਰ ਤੱਕ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਗਿਆ ਸੀ ਪਰ ਪੰਜ ਤਰੀਕ ਲੰਘ ਜਾਣ 'ਤੇ ਵੀ ਉਨ੍ਹਾਂ ਸਾਡੀਆਂ ਮੰਗਾਂ ਨਹੀਂ ਮੰਨੀਆਂ ਜਿਸ ਦੇ ਰੋਸ ਵਜੋਂ ਸੱਤ ਅਕਤੂਬਰ ਨੂੰ ਮੰਡੀਆਂ ਬੰਦ ਕਰਨ ਦਾ ਫੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪਹਿਲੀ ਮੰਗ ਇਹ ਹੈ ਕਿ ਮਜ਼ਦੂਰੀ 'ਚ 25 ਪ੍ਰਤੀਸ਼ਤ ਵਾਧਾ ਕੀਤਾ ਜਾਵੇ, ਲੋਡਿੰਗ ਮਜ਼ਦੂਰੀ 'ਚ 1 ਰੁਪਏ 73 ਪੈਸੇ,1 ਰੁਪਏ 86 ਪੈਸੇ ਤੋਂ ਵਾਧਾ ਕਰਕੇ 5 ਰੁਪਏ ਕੀਤਾ ਜਾਵੇ ਜਦਕਿ ਇਹੀ ਮਜ਼ਦੂਰੀ ਹਰਿਆਣਾ ਵਿਖੇ ਮੰਡੀਆਂ 'ਚ 3 ਰੁਪਏ 27 ਪੈਸੇ ਹੈ। ਪੰਜਾਬ ਸਰਕਾਰ ਵੱਲੋਂ ਜਿਵੇਂ ਕਿਸਾਨਾਂ ਦੇ ਖਾਤਿਆਂ 'ਚ ਸਿੱਧੀ ਰਕਮ ਪਾਈ ਜਾ ਰਹੀ ਇਵੇਂ ਹੀ ਪੰਜਾਬ ਮੰਡੀ ਦੇ ਰੂਲ ਅਨੁਸਾਰ ਕਿਸਾਨਾਂ ਕੋਲੋਂ ਸਾਡੀ ਲੁਹਾਈ, ਸਾਫ-ਸਫਾਈ ਦੀ ਮਜ਼ਦੂਰੀ ਕੱਟ ਕੇ ਆੜ੍ਹਤੀਆਂ ਨੂੰ ਦਿੱਤੀ ਜਾਵੇ ਤਾਂ ਜੋ ਅਸੀਂ ਸਿੱਧੇ ਆੜ੍ਹਤੀਆਂ ਕੋਲੋਂ ਲੈ ਸਕੀਏ। ਮੰਤਰੀਆਂ ਨੇ ਗਰੀਬ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ। ਇਸ ਮੌਕੇ ਉਨ੍ਹਾਂ ਨਾਲ ਵੱਖ-ਵੱਖ ਮੰਡੀਆਂ ਦੇ ਪ੍ਰਧਾਨਾਂ ਸਮੇਤ ਝਬਾਲ ਮੰਡੀ ਮਜ਼ਦੂਰ ਯੂਨੀਅਨ ਪ੍ਰਧਾਨ ਜੋਗਾ ਸਿੰਘ ਚੀਮਾ ਆਦਿ ਵੀ ਹਾਜ਼ਰ ਸਨ।

# ਮਾਊਂਟ ਲਿਟਰਾ ਜ਼ੀ ਸਕੂਲ ਨੇ ਬਾਕਸਿੰਗ ਮੁਕਾਬਲੇ 'ਚ ਮਾਰੀਆਂ ਮੱਲਾਂ



ਤਰਨ ਤਾਰਨ (ਪ੍ਰਿਤਪਾਲ ਸਿੰਘ)- ਮਾਊਂਟ ਲਿਟਰਾ ਜ਼ੀ ਸਕੂਲ ਤਰਨ ਤਾਰਨ ਵਿਖੇ ਜ਼ਿਲ੍ਹਾ ਪੱਧਰੀ ਸਕੂਲੀ ਖੇਡਾਂ ਅਧੀਨ ਬਾਕਸਿੰਗ ਦਾ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਵਿਦਿਆਥੀਆਂ ਨੇ ਤਮੇਗ ਜਿੱਤੇ। ਇਸ ਮੁਕਾਬਲੇ ਵਿੱਚ 6 ਸਕੂਲਾਂ ਨੇ ਭਾਗ ਲਿਆ। ਮਾਊਂਟ ਲਿਟਰਾ ਜ਼ੀ ਸਕੂਲ ਦੇ ਵਿਦਿਆਰਥੀਆਂ ਨੇ ਬਾਕਸਿੰਗ ਮੁਕਾਬਲੇ ਵਿੱਚ ਮੱਲਾਂ ਮਾਰੀਆਂ ਅਤੇ ਕੁੱਲ 24 ਮੈਡਲ ਸਕੂਲ ਦੀ ਝੋਲੀ ਵਿੱਚ ਆਏ, ਜਿਸ ਵਿਚ 13 ਗੋਲਡ 8 ਸਿਲਵਰ ਅਤੇ 3 ਬਰੌਂਜ਼ ਮੈਡਲ ਹਨ। ਇਸ ਮੁਕਾਬਲੇ ਵਿੱਚ ਅੰਡਰ -17 ਲੜਕਿਆਂ ਨੇ ਗੋਲਡ ਮੈਡਲ ਅਤੇ ਅੰਡਰ -14 ਲੜਕਿਆਂ ਨੇ ਸਿਲਵਰ ਮੈਡਲ ਹਾਸਲ ਕੀਤੇ। ਇਸ ਮੁਕਾਬਲੇ ਵਿੱਚ ਅੰਡਰ-19 ਟੀਮ ਦੇ ਵਿਦਿਆਰਥੀਆਂ ਨੇ ਪਹਿਲੇ ਦਰਜੇ ਦਾ ਮੈਡਲ (ਗੋਲਡ) ਅਤੇ ਇੱਕ ਹੋਰ ਵਿਦਿਆਰਥੀ ਦੁਆਰਾ ਦੂਜੇ ਦਰਜੇ ਦਾ ਮੈਡਲ (ਸਿਲਵਰ) ਜਿੱਤਿਆ ਗਿਆ । ਅੰਡਰ -17 ਲੜਕੀਆਂ ਨੇ ਬਾਕਸਿੰਗ ਮੁਕਾਬਲੇ ਵਿਚ ਗੋਲਡ ਮੈਡਲ ਹਾਸਲ ਕੀਤਾ। ਇਨ੍ਹਾਂ ਜੇਤੂ ਵਿਦਿਆਰਥੀਆਂ ਵਿੱਚੋਂ 5 ਖਿਡਾਰੀ 'ਖੇਡਾਂ ਵਤਨ ਪੰਜਾਬ ਦੀਆਂ' ਲਈ ਚੁਣੇ ਗਏ। ਲੜਕਿਆਂ ਵਿਚੋਂ 'ਖੇਡਾਂ ਵਤਨ ਪੰਜਾਬ ਦੀਆਂ' ਲਈ ਅਭੈਦੀਪ ਸਿੰਘ, ਤਰਨਦੀਪ ਸਿੰਘ, ਹੁਸਨਪ੍ਰੀਤ ਸਿੰਘ ਅਤੇ ਲੜਕੀਆਂ ਵਿੱਚੋਂ ਅੰਮ੍ਰਿਤ ਕੁਲਾਰ ਅਤੇ ਨਿਮਰਤਦੀਪ ਕੌਰ ਨੂੰ ਚੁਣਿਆ ਗਿਆ। ਇਸ ਮੌਕੇ ਪ੍ਰਿੰ. ਗਗਨ ਸ਼ਰਮਾ, ਚੇਅਰਮੈਨ ਗੁਰਵੰਤ ਸਿੰਘ ਅਤੇ ਡਾਇਰੈਕਟਰ ਕੁਲਦੀਪ ਸਿੰਘ ਦੁਆਰਾ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਵੱਧ-ਚੜ੍ਹ ਕੇ ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

# ਬਸਪਾ ਵੱਲੋਂ ਕਾਂਸ਼ੀ ਰਾਮ ਦੀ ਬਰਸੀ 'ਤੇ ਸੰਵਿਧਾਨ ਬਚਾਓ ਮਹਾਂ-ਪੰਚਾਇਤ 9 ਨੂੰ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਬਸਪਾ ਨੇ ਪੰਜਾਬ ਸਰਕਾਰ ਤੋਂ ਵੀ ਬਿਹਾਰ ਦੀ ਤਰਜ 'ਤੇ ਜਾਤੀ ਅਧਾਰਿਤ ਜਨਗਣਨਾ ਕਰਵਾਉਣ ਦੀ ਮੰਗ ਕੀਤੀ ਹੈ। ਬਿਹਾਰ ਸਰਕਾਰ ਵੱਲੋਂ ਨਸ਼ਰ ਕੀਤੇ ਜਾਤੀ ਜਨਗਣਨਾ ਦੇ ਅੰਕੜੇ ਅਗਾਮੀ ਚੋਣਾਂ 'ਚ ਅਸਰ ਪਾਉਣਗੇ। ਇਹ ਦਾਅਵਾ ਬਸਪਾ ਪੰਜਾਬ ਪ੍ਰਧਾਨ ਜਸਵੀਰ ਸਿੰਘ ਗੜੀ ਨੇ ਇੱਥੇ ਮੀਡੀਆ ਨਾਲ ਮੁਖਾਤਿਬ ਹੁੰਦਿਆਂ ਕੀਤਾ। ਉਹ ਇੱਥੇ 9 ਤਾਰੀਕ ਨੂੰ ਬਸਪਾ ਦੇ ਬਾਨੀ ਕਾਂਸ਼ੀ ਰਾਮ ਦੀ ਬਰਸੀ 'ਤੇ ਹੁਸ਼ਿਆਰਪੁਰ ਵਿਖੇ ਕੀਤੀ ਜਾ ਰਹੀ ਸਵਿੰਧਾਨ ਬਚਾਓ ਮਹਾਂਪੰਚਾਇਤ ਤਹਿਤ ਬਲਾਕ ਪਧਰ 'ਤੇ ਤਿਆਰੀਆਂ ਦੀ ਜਾਇਜ਼ਾ ਲੈਣ ਆਏ ਸਨ। ਉਨ੍ਹਾਂ ਕਿਹਾ ਕਿ ਬਸਪਾ ਸ਼ੁਰੂ ਤੋਂ ਹੀ ਜਾਤੀ ਅਧਾਰਿਤ ਜਨਗਣਨਾ ਦੀ ਮੰਗ ਕਰਦੀ ਆ ਰਹੀ ਹੈ। ਸ੍ਰੀ ਗੜ੍ਹੀ ਨੇ ਕਿਹਾ ਕਿ ਮੰਡਲ ਕਮੀਸ਼ਨ ਦੀ ਰਿਪੋਰਟ ਮੁਤਾਬਕ ਦੇਸ਼ 'ਚ ਓ ਬੀ ਸੀ ਭਾਈਚਾਰਾ 52 ਫੀਸਦੀ ਗਿਣਿਆ ਜਾਂਦਾ ਸੀ, ਪਰ ਬਿਹਾਰ 'ਚ ਇਸਦੀ ਗਿਣਤੀ 63 ਫੀਸਦੀ ਸਾਹਮਣੇ ਆਈ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਓ ਬੀ ਸੀ ਵਿਰੋਧੀ ਨੀਤੀਆਂ ਕਾਰਨ ਇਹ ਭਾਈਚਾਰਾ ਆਜ਼ਾਦੀ ਦੇ 75 ਵਰ੍ਹੇ ਬੀਤ ਜਾਣ ਬਾਅਦ ਵੀ ਸਮਾਜਿਕ, ਆਰਥਿਕ ਅਤੇ ਵਿਦਿਅਕ ਪੱਖੋਂ ਪੱਛੜਿਆ ਹੋਇਆ ਹੈ। ਪਰ ਬਸਪਾ ਸੁਪਰੀਮੋ ਮਾਈਆਵਤੀ ਜਦੋਂ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਬਣੇ ਸਨ, ਤਾਂ ਉਨ੍ਹਾਂ ਮੰਡਲ ਕਮੀਸ਼ਨ ਦੀ ਰਿਪੋਰਟ ਦੇ ਅਧਾਰ 'ਤੇ ਓ ਬੀ ਸੀ ਭਾਈਚਾਰੇ ਨੂੰ 27 ਫੀਸਦੀ ਰਾਖਵਾਂਕਰਨ ਦਿੱਤਾ ਸੀ। ਸ੍ਰੀ ਗੜ੍ਹੀ ਨੇ ਓ ਬੀ ਸੀ ਮੁੱਦੇ 'ਤੇ ਕਾਂਗਰਸ ਅਤੇ ਭਾਜਪਾ 'ਤੇ ਗੰਧਲੀ ਰਾਜਨੀਤੀ ਕਰਨ ਦੇ ਦੋਸ਼ ਲਗਾਏ। ਮਹਾਂਪੰਚਾਇਤ ਦੀ ਕਾਮਯਾਬੀ ਲਈ ਬਸਪਾ ਪੰਜਾਬ ਵੱਲੋਂ ਉਚ ਖੁਦ ਬਲਾਕ ਪੱਧਰ 'ਤੇ ਲਾਮਬੰਦੀ ਮੀਟਿੰਗਾਂ ਕਰਕੇ ਤਿਆਰੀਆਂ ਦਾ ਜਾਇਜ਼ਾ ਲੈ ਰਹੇ ਹਨ। ਉਨ੍ਹਾਂ ਨਾਲ ਇਸ ਮੌਕੇ ਬਸਪਾ ਪੰਜਾਬ ਇਕਾਈ ਦੇ ਜਨਰਲ ਸਕੱਤਰ ਗੁਰਲਾਲ ਸੈਲਾ, ਸੂਬਾ ਕਮੇਟੀ ਮੈਂਬਰ ਸੁਰਿੰਦਰ ਬਿੱਟਾ, ਜ਼ਿਲ੍ਹਾ ਜਨਰਲ ਸਕੱਤਰ ਰਮੇਸ਼ ਭਗਤ, ਹਲਕਾ ਦਸੂਹਾ ਇੰਚਾਰਜ ਅਮਨਦੀਪ ਹੈਪੀ ਆਦਿ ਹਾਜ਼ਰ ਸਨ।

# ਪੀ ਟੀ ਐੱਮ ਆਰੀਆ ਕਾਲਜ 'ਚ ਸਵਾਲ-ਜਵਾਬ ਮੁਕਾਬਲੇ ਕਰਵਾਏ

ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)-ਸਥਾਨਕ ਪੀ ਟੀ ਐੱਮ ਆਰੀਆ ਕਾਲਜ ਨੂਰਮਹਿਲ ਨੂੰ ਰਾਜਨੀਤੀ ਸ਼ਾਸਤਰ ਵਿਭਾਗ ਦੀ ਮੁਖੀ ਪ੍ਰੋ. ਇੰਦਰਜੀਤ ਕੌਰ ਵੱਲੋਂ ਵਿਦਿਆਰਥੀਆਂ ਦੀ ਵਿਸ਼ੇ ਸੰਬੰਧਿਤ ਜਾਣਕਾਰੀ ਵਧਾਉਣ ਲਈ ਸਵਾਲ- ਜਵਾਬ ਪ੍ਰਤੀਯੋਗਤਾ ਕਰਵਾਈ ਗਈ। ਜਿਸ 'ਚ ਵੱਖ ਵੱਖ ਕਲਾਸਾਂ ਦੇ ਵਿਦਿਆਰਥੀਆਂ ਨੇ ਟੀਮਾਂ ਬਣਾ ਕੇ ਹਿੱਸਾ ਲਿਆ। ਇਸ ਪ੍ਰਤਿਯੋਗਤਾ 'ਚ ਵਿਸ਼ੇ ਨਾਲ ਸੰਬੰਧਿਤ ਸਵਾਲ ਜਵਾਬ ਦਾ ਸਿਲਿਸਿਲਾ ਤਿੰਨ ਰਾਊਂਡ ਤੱਕ ਚੱਲਿਆ। ਜਿਸ ਵਿੱਚ ਜੱਜਾਂ ਦੀ ਭੂਮਿਕਾ ਪ੍ਰੋ ਸਰਿਤਾ ਅਸਥਾਨਾ ਤੇ ਪ੍ਰੋ ਪ੍ਰਤਿਗਿਆ ਵੱਲੋਂ ਨਿਭਾਈ ਗਈ। ਜਿਸ ਵਿੱਚ ਟੀਮ (ਏ) ਵਿੱਚੋਂ ਅਵਿਨਾਸ਼, ਜਸਵੀਰ, ਮਨਪ੍ਰੀਤ ਜੇਤੂ ਰਹੇ। ਇਸ ਮੌਕੇ ਕਾਲਜ ਦਾ ਸਮੂਹ ਸਟਾਫ ਹਾਜ਼ਰ ਸਨ।




# ਪਰਾਲੀ ਦੀ ਸਾਂਭ-ਸੰਭਾਲ ਸੰਬੰਧੀ ਵੜੈਚ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪਰਾਲੀ ਨੂੰ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਮਾਣਯੋਗ ਡਿਪਟੀ ਕਮਿ$ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅਤੇ ਮੁੱਖ ਖੇਤੀਬਾੜੀ ਅਫਸਰ ਡਾ. ਕਿਰਪਾਲ ਸਿੰਘ ਢਿੱਲੋਂ ਦੀ ਯੋਗ ਅਗਵਾਈ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡਾਂ ਵਿੱਚ ਕਿਸਾਨ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਇਸ ਲੜੀ ਤਹਿਤ ਬਲਾਕ ਕਾਹਨੂੰਵਾਨ ਦੀ ਟੀਮ ਵੱਲੋਂ ਸਰਕਲ ਸੇਖਵਾਂ ਦੇ ਪਿੰਡ ਵੜੈਚ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਬਲਾਕ ਖੇਤੀਬਾੜੀ ਅਫਸਰ ਡਾ. ਦਿਲਬਾਗ ਸਿੰਘ ਭੱਟੀ ਦੀ ਯੋਗ ਅਗਵਾਈ ਸਦਕਾ ਕੈਂਪ ਨੂੰ ਸੰਬੋਧਨ ਕਰਦਿਆਂ ਇੰਦਰਜੋਤ ਸਿੰਘ ਖੇਤੀਬਾੜੀ ਸਬ ਇੰਸਪੈਕਟਰ ਨੇ ਕਿਹਾ ਕਿ ਅਸੀਂ ਆਪਣੇ ਬਲਾਕ ਕਾਹਨੂੰਵਾਨ ਅਤੇ ਜ਼ਿਲ੍ਹੇ ਨੂੰ ਅੱਗ ਤੋਂ ਮੁਕਤ ਕਰਨਾ ਹੈ ਜਿਸ ਨਾਲ ਸਾਨੂੰ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣਾ ਪਵੇਗਾ। ਪਰਾਲੀ ਨੂੰ ਅੱਗ ਨਾ ਲਾਉਣ ਸਬੰਧੀ ਕਿਸਾਨਾਂ ਨੂੰ ਜਾਗਰੂਕ ਕਰਨਾ ਜ਼ਰੂਰੀ ਹੈ ਕਿ ਉਹ ਆਪਣੀ ਫਸਲ ਦੀ ਰਹਿੰਦ-ਖੂੰਹਦ ਨੂੰ ਨਾ ਸਾੜਨ ਅਤੇ ਕਣਕ ਦੀ ਬਿਜਾਈ ਆਪਣੇ ਫਸਲੀ ਚੱਕਰ ਅਨੁਸਾਰ ਹੈਪੀ ਸੀਡਰ, ਸੁਪਰ ਸੀਡਰ, ਸਮਾਰਟ ਸੀਡਰ, ਸਰਫੇਸ ਸੀਡਰ ਆਦਿ ਦੀ ਵਰਤੋਂ ਕਰਕੇ ਕਣਕ ਦੀ ਬਿਜਾਈ ਕਰਨ। ਇਸ ਮੌਕੇ ਅਮਨਦੀਪ ਕੌਰ ਖੇਤੀਬਾੜੀ ਵਿਸਥਾਰ ਅਫਸਰ ਵੱਲੋਂ ਕਿਸਾਨਾਂ ਨੂੰ ਕਣਕ ਦੀਆਂ ਨਵੀਆਂ ਕਿਸਮਾਂ ਬਾਰੇ ਜਾਣੂ ਕਰਾਇਆ ਅਤੇ ਕਿਸਾਨਾਂ ਨੂੰ ਸਬਸੀਡੀ 'ਤੇ ਕਣਕ ਦੇ ਤਸਦੀਕਸ਼ੁਦਾ ਬੀਜ ਪ੍ਰਾਪਤ ਕਰਨ ਲਈ ਖੇਤੀਬਾੜੀ ਵਿਭਾਗ ਦੇ ਆਨਲਾਇਨ ਪੋਰਟਲ ਦੇ ਅਪਲਾਈ ਕਰਨ ਲਈ ਜਾਣੂ ਕਰਾਇਆ।

ਇਸ ਮੌਕੇ ਜਗਦੀਪ ਸਿੰਘ ਏਟੀਐੱਮ ਵੱਲੋਂ ਕਿਸਾਨਾਂ ਨੂੰ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਵਿੱਚ ਦਰਪੇਸ਼ ਮੁਸ਼ਕਲਾਂ ਬਾਰੇ ਜਾਣੂ ਕਰਾਇਆ। ਇਸ ਮੌਕੇ ਇਕਬਾਲ ਸਿੰਘ ਖੇਤੀਬਾੜੀ ਵਿਸਥਾਰ ਅਫਸਰ, ਦਰਸ਼ਨ ਸਿੰਘ ਖੇਤੀਬਾੜੀ ਸਬ ਇੰਸਪੈਕਟਰ, ਮਨਜੋਤ ਸਿੰਘ ਏਟੀਐੱਮ, ਇਕਬਾਲ ਸਿੰਘ ਏਟੀਐੱਮ, ਜਸਵਿੰਦਰ ਸਿੰਘ ਫੀਲਡ ਵਰਕਰ ਅਤੇ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਆਰਮਜ਼ ਐਕਟ ਤਹਿਤ ਦੋ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ, 6 ਅਕਤੂਬਰ (ਜਨਕ ਮਹਾਜਨ)- ਥਾਣਾ ਸਿਟੀ ਗੁਰਦਾਸਪੁਰ ਦੇ ਏਐੱਸਆਈ ਜੈ ਸਿੰਘ ਨੇ ਸਮੇਤ ਪੁਲਸ ਪਾਰਟੀ ਦੌਰਾਨੇ ਗਸ਼ਤ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਮੁੱਖਬਰ ਖਾਸ ਦੀ ਇਤਲਾਹ 'ਤੇ ਘੁਰਾਲਾ ਬਾਈਪਾਸ ਵਿਖੇ ਨਾਕਾਬੰਦੀ ਕਰਕੇ ਧਰਮਵੀਰ ਸਿੰਘ ਪੁੱਤਰ ਲਖਵਿੰਦਰ ਸਿੰਘ, ਮਨਪ੍ਰੀਤ ਸਿੰਘ ਪੁੱਤਰ ਸੇਵਾਮਾਨ ਸਿੰਘ ਵਾਸੀਆਨ ਚੰਦਰਭਾਨ ਥਾਣਾ ਪੁਰਾਣਾ ਸ਼ਾਲਾ ਨੂੰ ਮੋਟਰਸਾਇਕਲ ਸਮੇਤ ਕਾਬੂ ਕਰਕੇ ਉਨ੍ਹਾਂ ਦੀ ਤਲਾਸ਼ੀ ਲਈ ਤਾਂ ਧਰਮਜੀਤ ਸਿੰਘ ਦੀ ਖੱਬੀ ਡੱਬ ਵਿਚੋਂ ਇੱਕ ਪਿਸਟਲ, 03 ਜ਼ਿੰਦਾ ਰੌਂਦ ਅਤੇ 02 ਮੈਗਜ਼ੀਨ ਬ੍ਰਾਮਦ ਹੋਏ। ਇਨ੍ਹਾਂ ਕਥਿਤ ਦੋਸ਼ੀਆਂ ਖ਼ਿਲਾਫ਼ ਪੁਲਸ ਨੇ ਆਰਮਜ਼ ਐਕਟ ਅਧੀਨ ਮਾਮਲਾ ਦਰਜ ਕਰਕੇ ਅਗੇਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਦਰਿਆ ਬਿਆਸ 'ਚ ਆਏ ਹੜ੍ਹ ਕਾਰਨ ਗੰਨੇ ਦੇ ਖੇਤਾਂ 'ਚ ਅਜੇ ਤੱਕ ਪਾਣੀ ਖੜ੍ਹਾ



ਗੁਰਦਾਸਪੁਰ, (ਜਨਕ ਮਹਾਜਨ)- ਪਿਛਲੇ ਦਿਨੀਂ ਦਰਿਆ ਬਿਆਸ ਵਿਚ ਆਏ ਹੜ੍ਹ ਅਤੇ ਤੇਜ਼ ਵਰਖਾ ਕਾਰਨ ਬਣੇ ਖੇਤਰ ਦੇ ਪਿੱਛੇ ਜਗਤਪੁਰ ਅਤੇ ਕਈ ਹੋਰ ਪਿੰਡਾਂ ਦੇ ਗੰਨੇ ਦੇ ਖੇਤਾਂ ਵਿਚ ਅਜੇ ਤੱਕ ਪਾਣੀ ਖੜ੍ਹਾ ਜਿਸ ਨਾਲ ਗੰਨੇ ਦੀ ਫ਼ਸਲ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਬੇਟ ਖੇਤਰ ਦੇ ਪਿੰਡ ਜਗਤਪੁਰ ਨੇੜਿਓਂ ਲੰਘਦੇ ਮੁਕੇਰੀਆਂ ਰੋਡ ਕੰਢੇ ਪੈਂਦੇ ਗੰਨੇ ਦੇ ਖੇਤਾਂ ਵਿਚ ਅਜੇ ਵੀ 2-3 ਫੁੱਟ ਪਾਣੀ ਖੜਾ ਹੈ ਜਿਸ ਦਾ ਕੋਈ ਨਿਕਾਸ ਨਹੀਂ ਹੋ ਰਿਹਾ ਅਤੇ ਨਾ ਹੀ ਸਰਕਾਰ ਵਲੋਂ ਕੋਈ ਪਾਣੀ ਨੂੰ ਖੇਤਾਂ ਵਿਚੋਂ ਕੱਢਣ ਵਾਸਤੇ ਕੋਈ ਪਲਾਨ ਬਣਾਇਆ ਗਿਆ ਹੈ। ਲੋਕਾਂ ਦੱਸਿਆ ਕਿ ਕਈ ਕਿਸਾਨਾਂ ਦਾ ਤਾਂ ਗੰਨੇ ਦੇ ਖੇਤਾਂ 'ਤੇ ਹੀ ਗੁਜ਼ਾਰਾ ਹੈ ਅਤੇ ਜੇਕਰ ਉਹ ਖੇਤੀ ਬਰਬਾਦ ਹੋ ਗਈ ਤਾਂ ਕਿਸਾਨਾਂ ਦਾ ਰੋਟੀ ਚਲਾਉਣ ਵੀ ਮੁਸ਼ਕਿਲ ਹੋ ਜਾਵੇਗਾ। ਕਿਸਾਨਾਂ ਦੀ ਪੰਜਾਬ ਸਰਕਾਰ ਅਤੇ ਖੇਤੀਬਾੜੀ ਵਿਭਾਗ ਪਾਸੋਂ ਮੰਗ ਕੀਤੀ ਹੈ ਕਿ ਗੰਨੇ ਦੇ ਖੇਤਾਂ ਵਿਚ ਧਿਆਨ ਦਿੱਤਾ ਜਾਵੇ।

# ਚਾਰ ਸਾਲਾ ਰਵੀ ਰਾਜ ਦੀ ਹੱਤਿਆ ਲਈ ਜ਼ਿੰਮੇਵਾਰ ਤਾਂਤਰਿਕ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ

## * ਦੋਸ਼ੀਆਂ ਨੂੰ ਸਜ਼ਾ ਦੇਣ ਤੇ ਪੰਜਾਬ 'ਚ ਅੰਧ-ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨ ਦੀ ਸਖਤ ਜ਼ਰੂਰਤ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)—ਤਰਕਸ਼ੀਲ ਸੁਸਾਇਟੀ ਪੰਜਾਬ ਨੇ ਖੰਨਾ ਨੇੜਲੇ ਪਿੰਡ ਅਲੌੜ ਵਿਖੇ ਇਕ ਵਿਅਕਤੀ ਵੱਲੋਂ ਕਿਸੇ ਦੇਵੀ-ਦੇਵਤੇ ਦੀ ਪੂਜਾ ਤਹਿਤ ਤਾਂਤਰਿਕ ਦੇ ਕਹਿਣ 'ਤੇ ਚਾਰ ਸਾਲਾ ਮਾਸੂਮ ਲੜਕੇ ਰਵੀ ਰਾਜ ਦੀ ਬੜੀ ਬੇਰਹਿਮੀ ਨਾਲ ਹੱਤਿਆ ਕਰਕੇ ਬਲੀ ਦਿੱਤੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਗ੍ਰਿਫਤਾਰ ਮੁਲਜ਼ਮ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਅਤੇ ਇਸ ਵਹਿਸ਼ੀ ਹੱਤਿਆ ਕਾਂਡ ਲਈ ਉਕਸਾਉਣ ਵਾਲੇ ਤਾਂਤਰਿਕ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ। ਇਸਦੇ ਨਾਲ ਹੀ ਸੁਸਾਇਟੀ ਨੇ ਪੰਜਾਬ ਵਿਚ ਪਾਖੰਡੀ ਤਾਂਤਰਿਕਾਂ ਦੇ ਬਹਿਕਾਵੇ ਹੇਠ ਮਾਸੂਮ ਬੱਚਿਆਂ ਦੀ ਬਲੀ ਦੇਣ ਦੀਆਂ ਘਟਨਾਵਾਂ ਉਤੇ ਸਖਤ ਪਾਬੰਦੀ ਲਾਉਣ ਲਈ ਪੰਜਾਬ ਸਰਕਾਰ ਤੋਂ ਪੰਜਾਬ ਵਿਚ ਅੰਧ-ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨ ਦੀ ਵੀ ਜ਼ੋਰਦਾਰ ਮੰਗ ਕੀਤੀ ਹੈ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋ, ਜਸਵਿੰਦਰ ਫਗਵਾੜਾ ਅਤੇ ਸੁਮੀਤ ਸਿੰਘ ਨੇ ਇਕ ਵਿਸ਼ੇਸ਼ ਮੀਟਿੰਗ ਉਪਰੰਤ ਜਾਰੀ ਪ੍ਰੈੱਸ ਬਿਆਨ ਰਾਹੀਂ ਕਿਹਾ ਕਿ ਮੌਜੂਦਾ ਵਿਗਿਆਨ ਦੇ ਯੁੱਗ ਵਿਚ ਧਾਰਮਿਕ ਆਸਥਾ ਦੀ ਆੜ ਹੇਠ ਮਨੁੱਖੀ ਬਲੀ ਦੇਣ ਦੀਆਂ ਅਜਿਹੀਆਂ ਵਹਿਸ਼ੀ ਹੱਤਿਆਵਾਂ ਜਿੱਥੇ ਭਾਰਤੀ ਸਮਾਜ ਦੇ ਮੱਥੇ ਤੇ ਸ਼ਰਮਨਾਕ ਕਲੰਕ ਹਨ ਉੱਥੇ ਹੀ ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਦੀਆਂ ਬੇਹੱਦ ਗੈਰ-ਜ਼ਿੰਮੇਵਾਰਾਨਾ, ਗੈਰ-ਵਿਗਿਆਨਕ ਅਤੇ ਲੋਕ ਵਿਰੋਧੀ ਨੀਤੀਆਂ ਦਾ ਸਬੂਤ ਵੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿਚ ਪਾਖੰਡੀ ਬਾਬਿਆਂ, ਤਾਂਤਰਿਕਾਂ, ਸਿਆਣਿਆਂ ਦੇ ਬਹਿਕਾਵੇ ਹੇਠ ਪਿੰਡ ਭਿੰਡਰ ਕਲਾਂ (ਮੋਗਾ), ਪਿੰਡ ਕੋਟ ਫੱਤਾ (ਬਠਿੰਡਾ) ਅਤੇ ਪਿੰਡ ਮੂਧਲ (ਅੰਮ੍ਰਿਤਸਰ) ਵਿਖੇ ਮਾਸੂਮ ਬੱਚਿਆਂ ਦੀ ਬਲੀ ਦੇਣ ਅਤੇ ਅਖੌਤੀ ਭੂਤ ਪ੍ਰੇਤ ਕੱਢਣ ਦੇ ਬਹਾਨੇ ਹੋਰ ਕਈ ਤਰ੍ਹਾਂ ਦੀਆਂ ਦਿਲ ਕੰਬਾਊ ਅਪਰਾਧਿਕ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ ਹੈ ਪਰ ਕਿਸੇ ਵੀ ਸਿਆਸੀ ਪਾਰਟੀ ਦੀ ਸਰਕਾਰ ਨੇ ਅਜਿਹੇ ਅਣਮਨੁੱਖੀ ਅਤੇ ਗੈਰ-ਕਾਨੂੰਨੀ ਧੰਦੇ ਨੂੰ ਬੰਦ ਕਰਵਾਉਣ ਲਈ ਕੋਈ ਠੋਸ ਅੰਧ-ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨ ਦੀ ਸਵਿੰਧਾਨਕ ਜ਼ਿੰਮੇਵਾਰੀ ਨਹੀਂ ਨਿਭਾਈ। ਇਸ ਮੌਕੇ ਤਰਕਸ਼ੀਲ ਆਗੂਆਂ ਰਾਜੇਸ ਅਕਲੀਆ, ਜੋਗਿੰਦਰ ਕੁੱਲੇਵਾਲ, ਗੁਰਪ੍ਰੀਤ ਸ਼ਹਿਣਾ ਅਤੇ ਅਜੀਤ ਪਰਦੇਸੀ ਨੇ ਦੋਸ਼ ਲਾਇਆ ਕਿ ਅਜਿਹੇ ਪਾਖੰਡੀਆਂ ਦੀਆਂ ਗੈਰ-ਸਮਾਜੀ ਗਤੀਵਿਧੀਆਂ ਅਤੇ ਝੂਠੀ ਤੇ ਗੈਰ-ਕਾਨੂੰਨੀ ਇਸ਼ਤਿਹਾਰਬਾਜ਼ੀ ਡਰੱਗਜ਼ ਤੇ ਮੈਜਿਕ ਰੈਮਡੀਜ਼ ਇਤਰਾਜ਼ਯੋਗ ਇਸ਼ਤਿਹਾਰਬਾਜ਼ੀ ਐਕਟ 1954, ਕੇਬਲ ਟੈਲੀਵਿਜ਼ਨ ਰੈਗੂਲੇਸ਼ਨ ਐਕਟ 1994 ਅਤੇ ਖਾਸ ਕਰਕੇ ਮੈਡੀਕਲ ਰਜਿਸਟ੍ਰੇਸ਼ਨ ਐਕਟ ਦੀ ਸਖਤ ਉਲੰਘਣਾ ਹੈ ਪਰ ਪੁਲਸ ਅਤੇ ਸਿਵਲ ਪ੍ਰਸ਼ਾਸਨ ਵਲੋਂ ਇਨ੍ਹਾਂ ਬਾਬਿਆਂ ਅਤੇ ਮੀਡੀਏ ਦੇ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।

ਤਰਕਸ਼ੀਲ ਸੁਸਾਇਟੀ ਨੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਭੋਲੇ-ਭਾਲੇ ਲੋਕਾਂ ਨੂੰ ਅੰਧ-ਵਿਸ਼ਵਾਸਾਂ, ਵਹਿਮਾਂ ਵਿਚ ਫਸਾ ਕੇ ਉਨ੍ਹਾਂ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਕਰਨ, ਬਲਾਤਕਾਰ ਅਤੇ ਮਨੁੱਖੀ ਬਲੀ ਦੇਣ ਵਰਗੇ ਵਹਿਸ਼ੀ ਅਪਰਾਧ ਕਰਨ ਵਾਲੇ ਪਾਖੰਡੀ ਬਾਬਿਆਂ, ਤਾਂਤਰਿਕਾਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ ਉੱਤੇ ਰੋਕ ਲਾਉਣ ਲਈ ਬਿਨਾਂ ਕਿਸੇ ਦੇਰੀ ਦੇ ਪੰਜਾਬ ਵਿੱਚ ਅੰਧ-ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕੀਤਾ ਜਾਵੇ।

# ਗੰਦੀ ਨਾਲੇ 'ਤੇ ਬਣੀ ਰੇਲਿੰਗ ਟੁੱਟਣ ਕਾਰਨ ਹਾਦਸੇ ਵਾਪਰਨ ਦਾ ਡਰ



ਗੁਰਦਾਸਪੁਰ (ਜਨਕ ਮਹਾਜਨ)- ਗੁਰਦਾਸਪੁਰ-ਮੁਕੇਰੀਆਂ ਸੜਕ 'ਤੇ ਪੈਂਦੇ ਕਸਬਾ ਸ਼ਾਲਾ ਤੇ ਜਗਤਪੁਰ ਵਿਚਕਾਰੋਂ ਲੰਘਦੇ ਗੰਦੀ ਨਾਲੇ ਦੀ ਰੇਲਿੰਗ ਟੁੱਟ ਜਾਣ ਕਾਰਨ ਹਰ ਵੇਲੇ ਕਿਸੇ ਵਹੀਕਲ ਦਾ ਨਾਲੇ ਵਿਚ ਡਿਗਣ ਦਾ ਡਰ ਬਣਿਆ ਰਹਿੰਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਦਾਸਪੁਰ ਤੋਂ ਲਗਭਗ 15 ਕਿੱਲੋਮੀਟਰ ਦੂਰ ਪੈਂਦੇ ਇਸ ਗੰਦੀ ਨਾਲੇ ਤੋਂ ਵੱਡੀ ਗਿਣਤੀ ਵਿਚ ਬੱਸਾਂ, ਟਰੱਕ ਅਤੇ ਹੋਰ ਵਾਹਨ ਦਿਨ ਰਾਤ ਗੁਜ਼ਰਦੇ ਹਨ ਅਤੇ ਗੰਦੀ ਨਾਲੇ 'ਤੇ ਬਣੀ ਪੁਲੀ ਦੀ ਚੌੜਾਈ ਘੱਟ ਹੋਣ ਕਾਰਨ ਦੋ ਵਾਹਨਾਂ ਦੇ ਆਹਮਣੇ ਸਾਹਮਣੇ ਤੋਂ ਆਉਂਦੇ ਜਾਂਦੇ ਸਮੇਂ ਗੁਜ਼ਰਨ ਵੇਲੇ ਬੜੀ ਸਾਵਧਾਨੀ ਵਰਤਣੀ ਪੈਂਦੀ ਹੈ। ਇਸ ਪੁਲ ਦੀ ਰੇਲਿੰਗ ਨੂੰ ਤੋੜ ਕੇ ਕਈ ਵਾਰ ਵਾਹਨ ਨਾਲੇ ਵਿਚ ਡਿੱਗ ਜਾਂਦੇ ਹਨ। ਕੁਝ ਸਾਲ ਪਹਿਲਾਂ ਇਕ ਸਵਾਰੀਆਂ ਨਾਲ ਭਰੀ ਬੱਸ ਇਸ ਗੰਦੀ ਨਾਲੇ ਵਿਚ ਡਿਗ ਪਈ ਸੀ ਅਤੇ ਕਾਫ਼ੀ ਨੁਕਸਾਨ ਹੋਇਆ ਸੀ। ਇਲਾਕਾ ਵਾਸੀਆਂ ਨੇ ਦੱਸਿਆ ਕਿ ਇਸ ਸੜਕ 'ਤੇ ਇਸ ਤੋਂ ਇਲਾਵਾ ਕੁਝ ਹੋਰ ਵੀ ਛੋਟੀਆਂ-ਛੋਟੀਆਂ ਪੁਲੀਆਂ ਹਨ ਜਿਨ੍ਹਾਂ ਨੂੰ ਚੌੜਾ ਕਰਨ ਦੀ ਲੋੜ ਹੈ ਅਤੇ ਉਨ੍ਹਾਂ 'ਤੇ ਵੀ ਰੇਲਿੰਗ ਲਗਾਉਣੀ ਚਾਹੀਦੀ ਹੈ। ਲੋਕਾਂ ਦੀ ਪੰਜਾਬ ਸਰਕਾਰ ਅਤੇ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਹੈ ਕਿ ਇਸ ਗੰਦੀ ਨਾਲੇ ਦੀ ਟੁੱਟੀ ਰੇਲਿੰਗ ਦੀ ਜਲਦੀ ਤੋਂ ਜਲਦੀ ਮੁਰੰਮਤ ਕਰਵਾਈ ਜਾਵੇ ਤਾਂ ਜੋ ਹਨੇਰੇ-ਸਵੇਰੇ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

7-oct-PAGE-4-2.qxd 10/6/2023 9:58 PM Page 1

ਨਵਾਂ ਜ਼ਮਾਨਾ

ਸ਼ਨੀਵਾਰ, 7 ਅਕਤੂਬਰ 2023

# ਕਿਸਾਨ ਦੀ ਬਦਨਾਮੀ

*ਅਸੰਬਲੀ ਚੋਣਾਂ ਲਈ ਭਾਜਪਾ ਨੇ ਆਪਣੀ ਰਣਨੀਤੀ ਤਹਿਤ 'ਨਹੀਂ ਸਹੇਗਾ ਰਾਜਸਥਾਨ' ਨਾਂਅ ਦੀ ਮੁਹਿੰਮ ਚਲਾਈ ਹੋਈ ਹੈ। ਇਸ ਦਾ ਉਦਘਾਟਨ ਪਾਰਟੀ ਦੇ ਕੌਮੀ ਪ੍ਰਧਾਨ ਜੇ ਪੀ ਨੱਢਾ ਨੇ 16 ਜੁਲਾਈ ਨੂੰ ਜੈਪੁਰ ਵਿਚ ਕੀਤਾ ਸੀ। ਇਸ ਮੁਹਿੰਮ ਤਹਿਤ ਪਾਰਟੀ ਕਾਂਗਰਸ ਦੀ ਗਹਿਲੋਤ ਸਰਕਾਰ ਦਾ ਵਿਰੋਧ ਕਰਨ ਤੇ ਆਮ ਲੋਕਾਂ ਨੂੰ ਆਪਣੇ ਨਾਲ ਜੋੜਨ ਲਈ ਥਾਂ-ਥਾਂ ਰੈਲੀਆਂ ਕਰ ਰਹੀ ਹੈ। ਇਕ ਅਗਸਤ ਨੂੰ ਜੈਪੁਰ ਵਿਚ ਸਰਕਾਰ ਦਾ ਮਹਾਘਿਰਾਓ ਕੀਤਾ ਗਿਆ। ਜਿਸ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਹੋਕਾ ਦਿੱਤਾ ਸੀ। ਇਸ ਮੁਹਿੰਮ ਨੂੰ ਕਾਮਯਾਬ ਕਰਨ ਲਈ ਭਾਜਪਾ ਨੇ ਕਈ ਨਾਅਰੇ ਘੜੇ ਹਨ-ਮਹਿਲਾਵਾਂ 'ਤੇ ਅੱਤਿਆਚਾਰ ਨਹੀਂ ਸਹੇਗਾ ਰਾਜਸਥਾਨ, ਪੇਪਰ ਲੀਕ ਯੁਵਾ ਪ੍ਰੇਸ਼ਾਨ ਨਹੀਂ ਸਹੇਗਾ ਰਾਜਸਥਾਨ, ਕਿਸਾਨ ਬੇਹਾਲ ਨਹੀਂ ਸਹੇਗਾ ਰਾਜਸਥਾਨ ਅਦਿ-ਆਦਿ। ਕਿਸਾਨ ਵਾਲੇ ਨਾਅਰੇ ਨਾਲ ਇਸ ਨੇ ਕੁਝ ਦਿਨ ਪਹਿਲਾਂ ਕਿਸਾਨਾਂ ਨਾਲ ਜੁੜਿਆ ਇਕ ਪੋਸਟਰ ਜਾਰੀ ਕੀਤਾ, ਜਿਸ 'ਤੇ ਲਿਖਿਆ ਸੀ-19 ਹਜ਼ਾਰ ਤੋਂ ਵੱਧ ਕਿਸਾਨਾਂ ਦੀਆਂ ਜ਼ਮੀਨਾਂ ਨਿਲਾਮ ਨਹੀਂ ਸਹੇਗਾ ਰਾਜਸਥਾਨ। ਇਸ ਪੋਸਟਰ 'ਤੇ ਜੈਸਲਮੇਰ ਜ਼ਿਲ੍ਹੇ ਦੇ ਰਾਮਦੇਵਰਾ ਦੇ ਜਿਸ ਕਿਸਾਨ ਮਾਬੂ ਰਾਮ ਜੈਪਾਲ (70) ਦੀ ਤਸਵੀਰ ਲਾਈ ਸੀ, ਉਸ ਨੇ ਕਿਹਾ ਹੈ ਕਿ ਉਸ ਦੀ ਤਾਂ ਕੋਈ ਜ਼ਮੀਨ ਨਿਲਾਮ ਨਹੀਂ ਹੋਈ, ਭਾਜਪਾ ਨੇ ਉਸ ਨੂੰ ਬਦਨਾਮ ਕਰਕੇ ਰੱਖ ਦਿੱਤਾ ਹੈ। ਉਸ 'ਤੇ ਨਾ ਕੋਈ ਕਰਜ਼ਾ ਹੈ ਤੇ ਨਾ ਉਸ ਦੀ ਜ਼ਮੀਨ ਨਿਲਾਮ ਹੋਈ, ਉਹ 200 ਵਿਘੇ ਦਾ ਮਾਲਕ ਹੈ। ਮਾਬੂ ਰਾਮ ਨੇ ਦੱਸਿਆ ਕਿ ਜੈਪੁਰ ਗਏ ਪਿੰਡ ਦੇ ਨੌਜਵਾਨ ਨੇ ਵੱਟਸਐਪ 'ਤੇ ਉਥੇ ਲੱਗੇ ਉਸ ਦੇ ਪੋਸਟਰਾਂ ਦੀ ਤਸਵੀਰ ਉਸ ਦੇ ਮੁੰਡੇ ਨੂੰ ਘੱਲੀ। ਮਾਬੂ ਰਾਮ ਨੇ ਦੱਸਿਆ ਕਿ ਦੋ ਕੁ ਮਹੀਨੇ ਪਹਿਲਾਂ ਦੋ ਮੁੰਡੇ ਪਿੰਡ ਆਏ ਸੀ। ਉਨ੍ਹਾਂ ਕੋਲ ਵੱਡੇ-ਵੱਡੇ ਕੈਮਰੇ ਸਨ। ਉਨ੍ਹਾਂ ਕਿਹਾ ਸੀ ਕਿ ਉਹ ਖਰਾਬ ਫਸਲਾਂ ਦੀ ਰਿਪੋਰਟ ਬਣਾਉਣ ਆਏ ਹਨ, ਜਿਸ ਤੋਂ ਬਾਅਦ ਸਰਕਾਰ ਮੁਆਵਜ਼ਾ ਦੇਵੇਗੀ। ਉਹ ਉਸ ਦੀ ਫੋਟੋ ਲੈ ਗਏ। ਮਾਬੂ ਰਾਮ ਦੇ ਤਿੰਨ ਬੇਟੇ ਹਨ। ਨਾਲ ਰਹਿੰਦੇ ਛੋਟੇ ਬੇਟੇ ਜੁਗਤਾ ਰਾਮ ਦਾ ਕਹਿਣਾ ਹੈ ਕਿ ਪਿਤਾ ਰੋਜ਼ ਪੁੱਛਦੇ ਹਨ ਕਿ ਪੋਸਟਰ ਵਿੱਚੋਂ ਫੋਟੋ ਹਟੀ ਕਿ ਨਹੀਂ। ਉਹ ਕਾਫੀ ਟੈਂਸ਼ਨ ਵਿਚ ਰਹਿੰਦੇ ਹਨ।*

*ਭਾਜਪਾ ਵੱਲੋਂ ਆਪਣੇ ਪੋਸਟਰਾਂ ਵਿਚ ਕਿਸੇ ਨੂੰ ਪੁੱਛੇ ਬਿਨਾਂ ਉਸ ਦੀ ਤਸਵੀਰ ਵਰਤਣ ਦਾ ਇਹ ਪਹਿਲਾ ਮਾਮਲਾ ਨਹੀਂ ਹੈ। ਯੂ ਪੀ ਦੀ ਯੋਗੀ ਸਰਕਾਰ ਨੇ ਸਤੰਬਰ 2023 ਵਿਚ ਪੀ ਐੱਮ ਕਿਸਾਨ ਸੰਮਾਨ ਨਿਧੀ ਦੀ ਸਫਲਤਾ ਨਾਲ ਜੁੜਿਆ ਪੋਸਟਰ ਜਾਰੀ ਕੀਤਾ ਸੀ। ਇਸ ਵਿਚ ਵੀ ਇਕ ਕਿਸਾਨ ਦੀ ਫੋਟੋ ਲਾ ਕੇ ਲਿਖਿਆ ਸੀ-ਖਾਦ ਬੀਜ ਕੀ ਸੁਵਿਧਾ ਪਾਈ ...ਪਾਈ-ਪਾਈ ਸੇ ਗਰੀਬ ਕੀ ਭਲਾਈ। ਬਾਅਦ ਵਿਚ ਕਿਸਾਨ ਹਰਨਾਮ ਸਿੰਘ ਨੇ ਕਿਹਾ ਕਿ ਪੋਸਟਰ 'ਤੇ ਅੱਧਾ ਸੱਚ ਲਿਖਿਆ ਹੈ। ਅਜੇ ਸੂਬੇ ਵਿਚ ਕਿਸਾਨਾਂ ਦਾ ਕਾਫੀ ਕੰਮ ਹੋਣਾ ਰਹਿੰਦਾ ਹੈ। ਬਕਾਇਆ ਭੁਗਤਾਨ ਤੋਂ ਲੈ ਕੇ ਟਿਊਬਵੈੱਲਾਂ ਦੀ ਬਿਜਲੀ ਫਰੀ ਕਰਨ ਦਾ ਕੰਮ ਬਾਕੀ ਹੈ। ਉਸ ਦੀ ਫੋਟੋ ਤਾਂ ਲਾ ਦਿੱਤੀ, ਪਰ ਉਸ ਵੱਲੋਂ ਕਹੀ ਗੱਲ ਨਹੀਂ ਲਿਖੀ, ਆਪਣੀਆਂ ਤਾਰੀਫਾਂ ਦੇ ਪੁਲ ਬੰਨ੍ਹ ਦਿੱਤੇ। ਯੋਗੀ ਸਰਕਾਰ ਇਸ ਤਰ੍ਹਾਂ ਦੇ ਕੌਤਕ ਕਰਨ ਵਿਚ ਮਾਹਰ ਹੈ। ਸਤੰਬਰ 2021 ਵਿਚ ਵੀ ਇਸ ਨੇ ਇਕ ਕੌਮੀ ਅੰਗਰੇਜ਼ੀ ਅਖਬਾਰ ਵਿਚ ਇਸ਼ਤਿਹਾਰ ਛਪਵਾਇਆ ਸੀ, ਜਿਸ ਵਿਚ ਯੂ ਪੀ ਦੇ ਵਿਕਾਸ ਦੇ ਸੋਹਲੇ ਗਾਉਂਦਿਆਂ ਕੋਲਕਾਤਾ ਦੇ ਫਲਾਈਓਵਰ ਦੀ ਫੋਟੋ ਛਾਪ ਦਿੱਤੀ ਸੀ।*

# ਸੋਸ਼ਲ ਮੀਡੀਆ, ਅਜੋਕੇ ਹਾਕਮ ਤੇ ਆਮ ਲੋਕ

**ਮਹਿੰਗਾ ਰਾਮ ਐਮ ਏ**

ਅਜੋਕੇ ਦੌਰ ਵਿੱਚ ਪ੍ਰਿੰਟ ਮੀਡੀਆ, ਇਲੈਕਟ੍ਰਿਕ ਮੀਡੀਆ ਦੇ ਨਾਲ ਹੀ ਸੋਸ਼ਲ ਮੀਡੀਆ ਬਹੁਤ ਸ਼ਕਤੀਸ਼ਾਲੀ ਤੇ ਤੇਜ਼ ਸੂਚਨਾ ਦਾ ਹਥਿਆਰ ਬਣ ਚੁੱਕਾ ਹੈ। ਫਰਕ ਸਿਰਫ਼ ਇਹ ਹੈ ਕਿ ਕਈ ਵਾਰ ਮਨਘੜਤ, ਗਲਤ ਤੇ ਅਫ਼ਵਾਹਨੁਮਾ ਜਾਣਕਾਰੀਆਂ ਵੀ ਇਸ 'ਤੇ ਪਾ ਦਿੱਤੀਆਂ ਜਾਂਦੀਆਂ ਹਨ, ਪਰ ਘੋਖਵੀਂ ਨਜ਼ਰ ਨਾਲ ਦੇਖਿਆਂ ਇਸ ਰਾਹੀਂ ਦਿੱਤੀਆਂ ਜਾਣਕਾਰੀਆਂ ਬੇਹੱਦ ਬੇਬਾਕ ਹੁੰਦੀਆਂ ਹਨ ਤੇ ਹੋਰ ਸਭ ਤੋਂ ਪਹਿਲਾਂ ਸਾਡੇ ਕੋਲ ਪਹੁੰਚ ਜਾਂਦੀਆਂ ਹਨ। ਆਓ ਪਿਛਲੇ ਕੁਝ ਸਮੇਂ ਤੋਂ ਹੀ ਸੋਸ਼ਲ ਮੀਡੀਆ ਰਾਹੀਂ ਪ੍ਰਾਪਤ ਜਾਣਕਾਰੀਆਂ ਦੇ ਅਧਾਰ 'ਤੇ ਅਜੋਕੇ ਹਾਕਮਾਂ ਅਤੇ ਆਮ ਲੋਕਾਂ ਦੇ ਜੀਵਨ 'ਤੇ ਇੱਕ ਝਾਤ ਪਾਈਏ।

* ਸਾਡੇ ਦੇਸ਼ ਦੀ ਆਰਥਿਕ ਸਥਿਤੀ ਅੱਜ ਤੱਕ ਦੀ ਸਭ ਤੋਂ ਮਾੜੀ ਹਾਲਤ ਵਿੱਚ ਹੈ, ਜਿਸ ਦੀ ਵਿਕਾਸ ਦਰ 7-8% ਤੋਂ ਘਟ ਕੇ 4 ਪ੍ਰਤੀਸ਼ਤ ਤੋਂ ਵੀ ਹੇਠਾਂ ਪਹੁੰਚ ਚੁੱਕੀ ਹੈ। ਭਾਜਪਾ ਦੇ ਹੀ ਸਾਂਸਦ ਸੁਬਰਾਮਣੀਅਮ ਸੁਆਮੀ ਅਨੁਸਾਰ 1.5 ਪ੍ਰਤੀਸ਼ਤ ਹੋ ਗਈ ਹੈ।

* ਸਰਕਾਰ ਨੇ ਆਪਣੇ ਹਿੰਦੂਤਵ ਦੇ ਏਜੰਡੇ ਦੀ ਰੋਸ਼ਨੀ ਵਿੱਚ ਜੰਮੂ ਕਸ਼ਮੀਰ ਨੂੰ ਖਾਸ ਰੁਤਬਾ ਦੇਣ ਵਾਲੀ ਸੰਵਿਧਾਨ ਦੀ ਧਾਰਾ 370 ਅਤੇ 35-ਏ ਖ਼ਤਮ ਕਰ ਦਿੱਤੀ ਹੈ, ਪਰ ਅੱਤਵਾਦ ਖ਼ਤਮ ਕਰਨ ਦਾ ਉਦੇਸ਼ ਪੂਰਾ ਨਹੀਂ ਹੋਇਆ, ਬਲਕਿ ਵਧਿਆ ਹੈ।

* ਨਾਲ ਹੀ ਤਿੰਨ ਤਲਾਕ ਕਾਨੂੰਨ 2019 ਪਾਸ ਕਰਾ ਲਿਆ ਹੈ। ਰਾਮ ਮੰਦਰ ਸੰਬੰਧੀ ਸੁਪਰੀਮ ਕੋਰਟ ਦਾ ਫ਼ੈਸਲਾ ਲੋੜ ਅਨੁਸਾਰ ਕਰਾ ਲਿਆ ਗਿਆ ਹੈ।

* 44 ਕਿਰਤ ਕਾਨੂੰਨਾਂ ਨੂੰ ਮਾਲਕ ਪੱਖੀ ਸੋਧਾਂ ਨਾਲ 4 ਲੇਬਰ ਕੋਡਾਂ ਵਿੱਚ ਸਮੇਟ ਦਿੱਤਾ ਹੈ।

* ਸਿਟੀਜ਼ਨ ਅਮੈਂਡਮੈਂਟ ਐਕਟ 2019 ਪਾਸ ਕਰਾ ਲਿਆ ਹੈ ਅਤੇ ਉਸੇ ਦੇ ਅਧਾਰ 'ਤੇ ਐੱਨ ਆਰ ਸੀ ਅਤੇ ਐੱਨ ਪੀ ਆਰ ਦੀਆਂ ਤਿਆਰੀਆਂ ਹਨ, ਕਿਉਂਕਿ ਅਪ੍ਰੈਲ ਤੋਂ ਕੌਮੀ ਜਨਗਣਨਾ ਦਾ ਅਮਲ ਸ਼ੁਰੂ ਹੋਣ ਜਾ ਰਿਹਾ ਸੀ, ਜੋ ਕੋਵਿਡ ਕਾਰਣ ਲੰਬਿਤ ਹੈ।

* ਸਰਕਾਰੀ ਫਜ਼ੂਲ ਖ਼ਰਚੀਆਂ : ਮੋਦੀ ਸਰਕਾਰ ਨੇ ਆਪਣੇ ਪ੍ਰਚਾਰ-ਤੰਤਰ 'ਤੇ 5245 ਕਰੋੜ, ਦੋ ਸਾਲਾਂ ਵਿੱਚ ਵਿਦੇਸ਼ੀ ਯਾਤਰਾਵਾਂ ਤੇ 11 ਅਰਬ ਰੁਪਏ, ਮੂਰਤੀਆਂ ਬਣਾਉਣ 'ਤੇ 6489 ਕਰੋੜ ਰੁਪਏ, ਅਯੁੱਧਿਆ ਵਿੱਚ ਦੀਵੇ ਜਲਾਉਣ ਲਈ 3000 ਕਰੋੜ ਰੁਪਏ ਖ਼ਰਚੇ ਗਏ। ਪਿਛਲੀ ਭਾਜਪਾ ਸਰਕਾਰ ਸਮੇਂ ਮੱਧ ਪ੍ਰਦੇਸ਼ ਵਿੱਚ 4.5 ਲੱਖ ਸ਼ੋਚਾਲੇ ਬਣਾਉਣ ਲਈ 540 ਕਰੋੜ ਦਾ ਫਰਾਡ (18.2.20), ਪੁਲਵਾਮਾ ਹਮਲੇ ਦੇ ਸ਼ਹੀਦਾਂ ਲਈ ਇਕੱਠਾ ਹੋਇਆ 250 ਕਰੋੜ ਗਾਇਬ ਹੈ। ਹਾਲਾਂਕਿ ਹਰੇਕ ਨੂੰ 50 ਲੱਖ ਦਾ ਵਾਅਦਾ ਸੀ।

ਰਾਫ਼ੇਲ ਜਹਾਜ਼ਾਂ ਦੀ ਖਰੀਦ ਲਈ ਪਹਿਲੀ ਸਰਕਾਰ ਦੇ ਸਮਝੌਤੇ ਨਾਲੋਂ 36000 ਕਰੋੜ ਵਾਧੂ ਦੇ ਕੇ ਸਮਝੌਤਾ ਕੀਤਾ ਤੇ ਉਹ ਵੀ ਘੱਟ ਮਿਕਦਾਰ ਲਈ ਖਰੀਦ 'ਤੇ, ਇਹੋ ਹੀ ਨਹੀਂ, ਬਲਕਿ ਪਬਲਿਕ ਸੈਕਟਰ ਦੀ-'ਹਾਅਲ' ਨੂੰ ਦੇਣ ਦੀ ਬਜਾਏ ਅੰਬਾਨੀ ਦੀ ਨਵੀਂ ਬਣਾਈ ਗੈਰ ਤਜਰਬੇਕਾਰ ਕੰਪਨੀ ਨੂੰ ਠੇਕਾ ਦੇ ਦਿੱਤਾ।

* ਬੈਂਕਾਂ ਦੀ ਹਾਲਤ ਤਰਸਯੋਗ : ਸਰਕਾਰੀ ਬੈਂਕਾਂ ਦਾ ਘਾਟਾ ਵਧ ਰਿਹਾ ਹੈ, ਕਿਉਂਕਿ ਇਨ੍ਹਾਂ ਵੱਲੋਂ ਵੱਡੇ ਪੂੰਜੀਪਤੀਆਂ/ਕਾਰਪੋਰੇਟ ਘਰਾਣਿਆਂ ਨੂੰ ਦਿੱਤਾ ਅਰਬਾਂ/ਖਰਬਾਂ ਦਾ ਕਰਜ਼ਾ ਮੋੜਿਆ ਹੀ ਨਹੀਂ ਗਿਆ ਤੇ ਇਸ ਤਰ੍ਹਾਂ ਨਾ ਮੋੜਿਆ ਗਿਆ ਕਰਜ ਲਗਾਤਾਰ ਵਧਦਾ ਗਿਆ। ਅਨੇਕਾਂ ਹੀ ਸਰਕਾਰ ਦੇ ਨੇੜੇ ਪੂੰਜੀਪਤੀ ਅਰਬਾਂ ਰੁਪਏ ਕਰਜ਼ ਲੈ ਕੇ ਵਿਦੇਸ਼ਾਂ ਵਿੱਚ ਜਾ ਵਸੇ ਅਤੇ ਸਰਕਾਰ ਨੂੰ ਅੱਖਾਂ ਦਿਖਾ ਰਹੇ ਹਨ, ਜਿਵੇਂ ਕਿ ਵਿਜੈ ਮਾਲੀਆ, ਨੀਰਵ ਮੋਦੀ, ਚੌਕਸੀ, ਨਿੱਤਿਆ ਨੰਦ ਆਦਿ, ਤਾਂ ਵੀ ਇਨ੍ਹਾਂ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਟੈਕਸ ਰਾਹਤਾਂ ਦੇ ਗੱਫੇ ਦਿੱਤੇ ਜਾ ਰਹੇ ਹਨ। ਪਿਛਲੇ ਸਮੇਂ ਵਿੱਚ 11 ਬੈਂਕਾਂ ਦੇ 2934 ਅਰਬ ਰੁਪਏ ਮੋਦੀ ਸਰਕਾਰ ਨੇ ਮੁਆਫ਼ ਕਰ ਦਿੱਤੇ। ਇਨ੍ਹਾਂ ਵਿੱਚੋਂ ਐੱਸ ਬੀ ਆਈ ਦਾ ਹੀ 1143 ਕਰੋੜ ਸੀ।

ਮਾਨਯੋਗ ਸੁਪਰੀਮ ਕੋਰਟ ਨੇ 100 ਤੋਂ 500 ਕਰੋੜ ਤੋਂ ਵੱਧ ਲਏ ਕਰਜ਼ਿਆਂ ਦੇ ਡਿਫਾਲਟਰਾਂ ਦੀ ਲਿਸਟ ਸਰਕਾਰ ਤੋਂ ਮੰਗੀ ਸੀ। ਉਪਰੋਕਤ ਜਾਣਕਾਰੀ ਉਸੇ 'ਤੇ ਅਧਾਰਿਤ ਹੈ।

* ਸਰਕਾਰੀ ਕਰਜ਼ : ਸਰਕਾਰ ਨੇ ਬੱਜਟਾਂ ਤੋਂ ਬਾਹਰੀ ਜਾਲ੍ਹੀ/ਫਰਜ਼ੀ ਸਕੀਮਾਂ ਦੇ ਲਾਰਿਆਂ ਲਈ ਰਿਜ਼ਰਵ ਬੈਂਕ ਤੋਂ ਪਹਿਲਾਂ 1,76,000 ਕਰੋੜ ਤੇ ਮੁੜ ਫੇਰ 45000 ਕਰੋੜ ਰੁਪਏ ਰਿਜ਼ਰਵ ਬੈਂਕ ਤੋਂ ਫੰਡ ਕਢਾ ਲਿਆ ਹੈ, ਜੋ ਆਮ ਤੌਰ 'ਤੇ ਹੰਗਾਮੀ ਹਾਲਤਾਂ ਲਈ ਰੱਖਿਆ ਹੁੰਦਾ ਹੈ। ਉਧਰ ਈ ਪੀ ਐੱਫ ਖਾਤਾਧਾਰਕਾਂ ਦੀ ਵਿਆਜ ਦਰ ਘਟਾ ਦਿੱਤੀ ਹੈ।

* ਉੱਤਰ ਪ੍ਰਦੇਸ਼ ਦੇ ਬਨਾਰਸ ਤੋਂ ਗੰਗਾ ਮਈਆ ਦੀ ਸਫ਼ਾਈ ਦੇ ਨਾਂਅ 'ਤੇ ਪਿਛਲੀ ਚੋਣ ਲੜੀ ਸੀ। ਉਸ ਉਦੇਸ਼ ਲਈ ਮਰਨ ਵਰਤ 'ਤੇ ਬੈਠੇ ਇੱਕ ਪ੍ਰਸਿੱਧ ਵਿਅਕਤੀ ਦੀ ਜਾਨ ਜਾ ਚੁੱਕੀ ਹੈ। ਹੋਇਆ ਕੁਝ ਵੀ ਨਹੀਂ, ਪਰ ਹੁਣ ਪਿੱਛੇ ਹੋਈ ਚੋਣ ਤੋਂ ਐਨ ਪਹਿਲਾਂ 13 ਕਰੋੜ ਖਰਚ ਕਰ ਦਿੱਤਾ, ਤਾਂ ਵੀ ਗੰਗਾ ਮਈਆ ਮੈਲੀ ਹੀ ਹੈ।

* ਮੋਦੀ ਸਾਹਿਬ ਦੀ ਰਾਖੀ ਲਈ ਲਗਾਈ ਐੱਸ ਪੀ ਜੀ 'ਤੇ 1.62 ਕਰੋੜ ਪ੍ਰਤੀ ਦਿਨ ਖਰਚ ਹੋ ਰਿਹਾ ਹੈ। ਹੋਰ ਮੰਤਰੀਆਂ, ਲੀਡਰਾਂ ਇੱਥੋਂ ਤੱਕ ਫਸਾਦੀ ਲੀਡਰਾਂ ਅਤੇ ਬਲਾਤਕਾਰੀ ਮੰਤਰੀਆਂ, ਐੱਮ ਪੀ/ਐੱਮ ਐੱਲ ਏਜ਼ 'ਤੇ ਵੀ ਸੁਰੱਖਿਆ 'ਤੇ ਕਰੋੜਾਂ ਖ਼ਰਚੇ ਜਾ ਰਹੇ ਹਨ। ਭਲਾ ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਨੂੰ ਕਾਹਦਾ ਖ਼ਤਰਾ ਹੈ। ਉਸ ਨੂੰ ਜ਼ੈੱਡ ਪਲੱਸ ਸੁਰੱਖਿਆ ਕਿਸ ਲਈ। ਉਹ ਕਿਸੇ ਸੰਵਿਧਾਨਕ ਅਹੁਦੇ 'ਤੇ ਤਾਂ ਬਿਰਾਜਮਾਨ ਵੀ ਨਹੀਂ ਹੈ।

* ਕੇਂਦਰ ਦੀ ਤਰ੍ਹਾਂ ਹੀ ਉੱਤਰ ਪ੍ਰਦੇਸ਼ ਤੇ ਹੋਰ ਰਾਜਾਂ ਵਿੱਚ ਸਰਕਾਰੀ ਧਨ ਦਾ ਦੁਰਉਪਯੋਗ ਹੋ ਰਿਹਾ ਹੈ। ਯੂ ਪੀ ਦੇ ਮੁੱਖ ਮੰਤਰੀ ਨੇ ਤਾਜ਼ਾ ਬੱਜਟ (ਪਿਛਲੇ) ਵਿੱਚ ਅਯੁੱਧਿਆ ਆਰਤੀ ਲਈ 10 ਕਰੋੜ ਰੱਖੇ, ਜਦੋਂ ਕਿ ਮੈਡੀਕਲ ਕਾਲਜ ਲਈ 5 ਕਰੋੜ ਹੀ ਰੱਖੇ ਗਏ। (ਵਿਧਾਨ ਸਭਾ 13.2.2020)

* ਮਾਨਯੋਗ ਸੁਪਰੀਮ ਕੋਰਟ ਵੱਲੋਂ 500 ਕਰੋੜ ਤੋਂ ਉਪਰ ਕਰਜ਼ ਲੈਣ ਵਾਲੇ ਕਾਰਪੋਰੇਟ ਘਰਾਣਿਆਂ ਦੀ ਜਾਣਕਾਰੀ ਦੇ ਨਿਰਦੇਸ਼ ਤੋਂ ਪਤਾ ਲੱਗਾ ਕਿ ਦੇਸ਼ ਦੇ 87 ਲੋਕਾਂ ਕੋਲ 85000 ਕਰੋੜ ਦੀ ਦੌਲਤ ਹੈ।

* ਪਬਲਿਕ ਸੈਕਟਰ ਦਾ ਵੇਚਣਾ : 1947 ਵਿੱਚ ਦੇਸ਼ ਅਜ਼ਾਦੀ ਤੋਂ ਬਾਅਦ 1948 ਵਿੱਚ ਪੰਡਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਿੱਚ ਦੇਸ਼ ਨੂੰ ਪੈਰਾਂ 'ਤੇ ਖੜਾਉਣ ਲਈ ਇੱਕ ਸਨਅਤੀ ਪ੍ਰਸਤਾਵ ਪਾਸ ਕੀਤਾ ਗਿਆ। ਇਸ ਤੋਂ ਬਾਅਦ ਸੋਵੀਅਤ ਯੂਨੀਅਨ ਦੀ ਮਦਦ ਨਾਲ ਤੇ ਕੌਮੀ ਸਾਧਨਾਂ ਦੀ ਵਰਤੋਂ ਕਰਕੇ ਵਿਸ਼ਾਲ ਜਨਤਕ ਖੇਤਰ ਦੀ ਰੂਪ-ਰੇਖਾ ਤਿਆਰ ਕੀਤੀ ਗਈ। ਇਸ ਦੀ ਰੋਸ਼ਨੀ ਵਿੱਚ ਦਿਉ-ਕੱਦ ਸਟੀਲ ਪਲਾਂਟ, ਡਾਕ ਤਾਰ ਸਮੇਤ ਦੂਰ ਸੰਚਾਰ ਅਦਾਰੇ, ਏਅਰ ਇੰਡੀਆ, ਤੇਲ ਤੇ ਗੈਸ ਸੰਗਠਨ, ਖਾਦ ਕਾਰਖਾਨੇ, ਡੈਮ, ਏਅਰ ਪੋਰਟ, ਸਮੁੰਦਰੀ ਬੰਦਰਗਾਹਾਂ, ਬਿਜਲੀ ਪ੍ਰਾਜੈਕਟ, ਸੀਮਿੰਟ ਪਲਾਂਟ, ਕੋਲ ਪਲਾਂਟ ਆਦਿ ਦਾ ਨਿਰਮਾਣ ਕੀਤਾ ਗਿਆ। ਬੈਂਕਾਂ ਤੇ ਕੋਲਾ ਖਾਨਾਂ ਦਾ ਕੌਮੀਕਰਨ ਕੀਤਾ ਗਿਆ। ਸਾਬਕਾ ਰਾਜਿਆਂ ਦੇ ਪ੍ਰਿਵੀਪਰਸ ਖ਼ਤਮ ਕੀਤੇ ਗਏ। ਜ਼ਮੀਨੀ ਸੁਧਾਰ ਕੀਤੇ ਗਏ, ਮੈਡੀਕਲ ਤੇ ਤਕਨੀਕੀ ਸਿੱਖਿਆ ਲਈ ਅਨੇਕਾਂ ਅਦਾਰੇ ਖੋਲ੍ਹੇ ਗਏ। ਇਹੋ ਕਾਰਨ ਸੀ ਕਿ 2008 ਦੇ ਕੌਮਾਂਤਰੀ ਆਰਥਿਕ ਮੰਦੀ ਦੇ ਦੌਰ ਸਮੇਂ ਵੀ ਇਸ ਜਨਤਕ ਖੇਤਰ ਸਦਕਾ ਭਾਰਤ ਵਿੱਚ ਹੋਰ ਅਨੇਕਾਂ ਦੇਸ਼ਾਂ ਨਾਲੋਂ ਘੱਟ ਨੁਕਸਾਨ ਹੋਇਆ। ਸਰਕਾਰੀ ਜੀਵਨ ਬੀਮਾ ਲਈ ਐੱਲ ਆਈ ਸੀ ਦਾ ਗਠਨ ਕੀਤਾ ਗਿਆ, ਪਰ ਹੁਣ ਇਹ ਸਭ ਵੇਚੇ ਗਏ ਜਾਂ ਵੇਚੇ ਜਾ ਰਹੇ ਹਨ।

ਪਰ ਅੱਜ ਇਸੇ ਸਾਰੇ ਪਬਲਿਕ ਸੈਕਟਰ ਦਾ ਮੋਦੀ ਸਰਕਾਰ ਨਿੱਜੀਕਰਣ ਕਰ ਰਹੀ ਹੈ ਅਤੇ ਆਪਣੇ ਨਿੱਜੀ ਦੋਸਤ ਅੰਬਾਨੀ ਤੇ ਅਡਾਨੀ ਨੂੰ ਲੱਗਭੱਗ ਮੁਫ਼ਤ ਦੇ ਭਾਅ ਵੇਚ ਰਹੀ ਹੈ।

ਬੀ ਐੱਸ ਐੱਨ ਐੱਲ ਵਿੱਚ 93000 ਮੁਲਾਜ਼ਮਾਂ ਨੂੰ ਵਲੰਟਰੀ ਰਿਟਾਇਰਮੈਂਟ ਸਕੀਮ ਰਾਹੀਂ ਹਟਾਇਆ (15.2.2020) ਗਿਆ।

ਲਖਨਊ ਏਅਰ ਪੋਰਟ ਅਡਾਨੀ ਨੂੰ 1.4.2020 ਤੋਂ ਵੇਚਿਆ ਗਿਆ। ਏਅਰ ਇੰਡੀਆ ਵੀ ਅੰਬਾਨੀਆਂ ਸਮੇਤ ਹੋਰ ਵਿਦੇਸ਼ੀ ਕੰਪਨੀਆਂ ਨੂੰ ਵੇਚਣ ਲਈ ਕਾਰਵਾਈ ਜਾਰੀ ਹੈ। ਰੇਲਵੇ, ਡਿਫੈਂਸ ਦੇ ਅਦਾਰੇ, ਓ ਐੱਨ ਜੀ ਸੀ, ਐੱਲ ਆਈ ਸੀ, ਬੀ ਐੱਸ ਐੱਨ ਐੱਲ, ਪਾਵਰ ਸੈਕਟਰ, ਖੇਤੀਬਾੜੀ, ਪ੍ਰਚੂਨ ਵਪਾਰ, ਹਵਾਈ ਜਹਾਜ਼, ਸਮੁੰਦਰੀ ਜਹਾਜ਼, ਪਣਡੁੱਬੀਆਂ ਆਦਿ ਸਭ ਨਿੱਜੀ ਕਾਰਪੋਰੇਟ ਘਰਾਣਿਆਂ ਸਮੇਤ ਵਿਦੇਸ਼ੀ ਕੰਪਨੀਆਂ ਨੂੰ ਵੇਚੀਆਂ ਜਾ ਰਹੀਆਂ ਹਨ। ਵਿੱਦਿਆ ਤੇ ਸਿਹਤ ਦੇ ਅਦਾਰੇ ਬੜੇ ਪੈਮਾਨੇ 'ਤੇ ਨਿੱਜੀ ਹੱਥਾਂ ਵਿੱਚ ਸੌਂਪੇ ਜਾ ਰਹੇ ਹਨ। ਹੁਣ ਕੌਮੀ ਰਾਜ ਮਾਰਗ ਵੇਚ ਕੇ 40,000 ਕਰੋੜ ਕਮਾਉਣ ਦਾ ਟੀਚਾ ਪੂਰਿਆ ਹੈ। ਇਹੋ ਹੀ ਨਹੀਂ, ਬਲਕਿ ਸਰਕਾਰੀ ਤੇ ਪਬਲਿਕ ਸੈਕਟਰ ਨਾਲ ਸੰਬੰਧਤ ਜਾਇਦਾਦਾਂ, ਜ਼ਮੀਨਾਂ ਸਭ ਵੇਚਣ ਦੇ ਟੀਚੇ ਤਹਿ ਕੀਤੇ ਗਏ ਹਨ। (11.2.2020) ਰਾਫੇਲ ਜਹਾਜ਼ ਖ਼ਰੀਦ ਸਮੇਤ, ਪਿੰਡਾਂ ਵਿੱਚ ਫਲੈਸ਼ ਬਣਾਉਣ ਲਈ ਕਰੋੜਾਂ ਰੁਪਏ ਬਿਨਾਂ ਹੋਏ ਕੰਮ ਤੋਂ ਹੀ ਲੁਟਾਏ ਜਾ ਰਹੇ ਹਨ। ਦੂਰ ਸੰਚਾਰ 'ਤੇ ਨਿਗਰਾਨੀ ਰੱਖਣ ਲਈ ਚੈਨਲਾਂ 'ਤੇ ਅਖ਼ਬਾਰਾਂ ਨੂੰ ਕੰਟਰੋਲ ਕਰਨ ਲਈ ਸੈਂਕੜੇ ਸਵੈਮ ਸੇਵਕ ਲਾਏ ਗਏ ਹਨ। ਯੂਨੀਵਰਸਿਟੀਆਂ, ਕਾਲਜਾਂ ਤੇ ਹੋਰ ਅਦਾਰਿਆਂ ਵਿੱਚ ਹਿੰਦੂਤਵ ਨੂੰ ਪ੍ਰਣਾਏ ਗੈਰ ਵਿਗਿਆਨਕ ਸੋਚ ਵਾਲੇ ਆਪਣੇ ਕਾਰਜਕਰਤਾ ਲਾਏ ਜਾ ਰਹੇ ਹਨ। ਇਸ ਤਰ੍ਹਾਂ ਭ੍ਰਿਸ਼ਟਾਚਾਰ ਦਾ ਸਰਕਾਰੀਕਰਨ ਕੀਤਾ ਜਾ ਰਿਹਾ ਹੈ। ਅੰਬਾਨੀ ਦਾ ਯੈੱਸ ਬੈਂਕ ਦਾ 3.5 ਲੱਖ ਕਰੋੜ ਕਰਜ਼ ਹੈ, ਪਰ ਉਹ ਦੁਨੀਆ ਦਾ ਵੱਡਾ ਅਮੀਰ ਹੈ।

ਇਨ੍ਹਾਂ ਸਭ ਲੋਕ ਵਿਰੋਧੀ ਨੀਤੀਆਂ ਵਿਰੁੱਧ ਅਤੇ ਗੈਰ ਜਮਹੂਰੀ ਗੈਰ ਸੰਵਿਧਾਨਕ ਫੈਸਲਿਆਂ ਵਿਰੁੱਧ ਲੋਕ ਰੋਹ ਸਿਖਰਾਂ ਛੋਹ ਰਿਹਾ ਹੈ। ਸਭ ਤੋਂ ਪਹਿਲਾਂ ਮਾਨਯੋਗ ਸੁਪਰੀਮ ਕੋਰਟ ਦੇ ਪੰਜ ਸੀਨੀਅਰ ਜੱਜਾਂ ਨੇ "ਲੋਕਤੰਤਰ ਖ਼ਤਰੇ ਵਿੱਚ ਹੈ" ਦੀ ਦੁਹਾਈ ਦੇਣ ਲਈ ਖੁੱਲ੍ਹੀ ਪ੍ਰੈੱਸ ਕਾਨਫ਼ਰੰਸ ਕੀਤੀ ਅਤੇ ਸਰਬਉੱਚ ਅਦਾਲਤ 'ਤੇ ਦਬਾਅ ਵਿਰੁੱਧ ਦੁਹਾਈ ਦਿੱਤੀ। ਬਾਅਦ ਵਿੱਚ ਹੋਏ ਰਾਮ ਮੰਦਰ ਝਗੜੇ ਨਾਲ ਸੰਬੰਧਤ ਮਾਮਲੇ ਸੰਬੰਧੀ ਫੈਸਲਿਆਂ ਸੰਬੰਧੀ ਵੀ ਅਨੇਕਾਂ ਲੋਕਾਂ ਵੱਲੋਂ ਦਬਾਅ ਸੰਬੰਧੀ ਵਿਚਾਰ ਸਾਹਮਣੇ ਆਏ।

ਇਸ ਤਰ੍ਹਾਂ ਅਸਾਮ ਵਿੱਚ ਐੱਨ ਆਰ ਸੀ ਲਈ 1634 ਕਰੋੜ ਰੁਪਏ ਖ਼ਰਚ ਹੋਏ ਤੇ ਨਤੀਜਾ ਇਹ ਹੋਇਆ ਕਿ 19 ਲੱਖ ਲੋਕ ਮੰਗੇ ਜਾ ਰਹੇ ਕਾਗਜ਼ਾਤ ਨਹੀਂ ਦਿਖਾ ਸਕੇ। ਇਨ੍ਹਾਂ ਵਿੱਚੋਂ 4 ਲੱਖ ਹੀ ਗੈਰ ਹਿੰਦੂ ਮੁਸਲਿਮ ਆਦਿ ਸਨ, ਬਾਕੀ 15 ਲੱਖ ਹਿੰਦੂ ਹੀ ਸਨ। ਇਸ ਲਈ ਗੈਰ ਨਾਗਰਿਕਾਂ ਨੂੰ ਰੱਖਣ ਲਈ 4 ਡਿਟੈਨਸ਼ਨ ਸੈਂਟਰ ਅਰਥਾਤ ਜੇਲ੍ਹਾਂ ਬਣਾਈਆਂ ਸਨ, ਜਿੱਥੇ ਲੋਕ ਸੜ-ਮਰ ਰਹੇ ਹਨ, ਪਰ ਪੂਰੇ ਦੇਸ਼ ਵਿੱਚ ਇਸ ਦਾ ਵਿਰੋਧ ਹੋ ਰਿਹਾ ਹੈ। ਅਮਰੀਕਾ ਸਮੇਤ 18 ਯੂਰਪੀ ਦੇਸ਼ਾਂ ਨੇ ਵੀ ਵਿਰੋਧ ਜਤਾਇਆ ਹੈ।

ਹੁਣ ਜਦੋਂ ਮਹਿੰਗਾਈ 9 ਸਾਲਾਂ ਵਿੱਚ ਤਿੰਨ ਗੁਣਾ ਵਧ ਚੁੱਕੀ ਹੈ, ਬੇਰੁਜ਼ਗਾਰੀ 45 ਸਾਲਾਂ ਵਿੱਚ ਸਭ ਤੋਂ ਵੱਧ ਹੋ ਚੁੱਕੀ ਹੈ, ਬੈਂਕ ਡੁੱਬ ਰਹੇ ਹਨ, ਆਰਥਿਕ ਸਥਿਤੀ ਨਾਜ਼ੁਕ ਸਥਿਤੀ ਵਿੱਚ ਹੈ। ਜੀ ਡੀ ਪੀ ਭਾਜਪਾ ਸਾਂਸਦ (ਰਾਜ ਸਭਾ) ਸੁਬਰਾਮਨੀਅਮ ਸੁਆਮੀ ਅਨੁਸਾਰ ਦੱਸੀ ਜਾਂਦੀ 4.5 ਪ੍ਰਤੀਸ਼ਤ ਨਹੀਂ, ਬਲਕਿ 1.5 ਪ੍ਰਤੀਸ਼ਤ 'ਤੇ ਪੁੱਜ ਚੁੱਕੀ ਹੈ, ਸਮਾਜਿਕ ਤਾਣੇ-ਬਾਣੇ ਵਿੱਚ ਤਰੇੜਾਂ ਵਧਾਈਆਂ ਜਾ ਰਹੀਆਂ ਹਨ, ਅਸਹਿਣਸ਼ੀਲਤਾ ਸਿਖਰਾਂ 'ਤੇ ਹੈ, ਬੁੱਧੀਜੀਵੀਆਂ ਨੂੰ ਅਰਬਨ ਨਕਸਲ ਕਹਿ ਕੇ ਜੇਲ੍ਹਾਂ ਵਿੱਚ ਡੱਕਿਆ ਹੋਇਆ ਹੈ, ਵਿੱਦਿਆ ਦੇ ਚਾਨਣ-ਮੁਨਾਰੇ ਹੈਦਰਾਬਾਦ ਯੂਨੀਵਰਸਿਟੀ, ਪੱਛਮੀ ਬੰਗਾਲ ਦੀ ਯਾਦਵਪੁਰ ਯੂਨੀਵਰਸਿਟੀ, ਲਖਨਊ ਯੂਨੀਵਰਸਿਟੀ, ਇਸਲਾਮੀਆ ਮਿਲੀਆ ਯੂਨੀ. ਅਤੇ ਜਵਾਹਰ ਲਾਲ ਯੂਨੀਵਰਸਿਟੀਆਂ ਵਿੱਚ ਫੀਸਾਂ ਦੀ ਬੜੋਤਰੀ ਵਿਰੁੱਧ ਸੰਘਰਸ਼ ਕਰਨ ਵਾਲੇ ਸਕਾਲਰ ਵਿਦਿਆਰਥੀਆਂ, ਉਨ੍ਹਾਂ ਦੇ ਲੀਡਰਾਂ, ਅਧਿਆਪਕਾਂ ਵਿਰੁੱਧ ਪੁਲਸ ਦੀ ਧੱਕੇਸ਼ਾਹੀ, ਲਾਠੀਚਾਰਜ, ਕੇਸ ਅਤੇ ਭਾਜਪਾ ਸਮਰਥਕ ਏ ਬੀ ਵੀ ਪੀ ਦੇ ਗੁੰਡਿਆਂ ਵੱਲੋਂ 50-100 ਦੇ ਗਰੁੱਪਾਂ ਵਿੱਚ ਪੁਲਸ ਦੇ ਸਾਹਮਣੇ ਹੋਸਟਲਾਂ ਵਿੱਚ ਜਾ ਕੇ ਲਾਠੀਆਂ, ਲੋਹੇ ਦੇ ਰਾਡਾਂ ਨਾਲ ਹਮਲੇ ਅਤੇ ਫੇਰ ਦਿੱਲੀ ਦੇ ਹੀ ਗਾਰਗੀ ਕਾਲਜ ਵਿੱਚ ਸ਼ਰੇਆਮ ਜਾ ਕੇ ਲੜਕੀਆਂ ਨਾਲ ਅਸ਼ਲੀਲ ਹਰਕਤਾਂ ਇਹ ਸਭ ਜੈ ਸ੍ਰੀ ਰਾਮ ਦੇ ਨਾਅਰੇ ਲਾਉਂਦੇ ਗੁੰਡੇ ਪੁਲਸ ਦੀ ਰਹਿਨੁਮਾਈ ਵਿੱਚ ਕਰਦੇ ਕਿਸੇ ਨੇ ਨਹੀਂ ਰੋਕੇ।

ਇੰਤਹਾ ਉਦੋਂ ਹੋ ਗਈ, ਜਦੋਂ ਹਰ ਗੰਦਾ ਹਰਬਾ ਵਰਤ ਕੇ ਵੀ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਕਰਾਰੀ ਹਾਰ ਹੋਈ ਤਾਂ ਮੁਸਲਿਮ ਘੱਟ ਗਿਣਤੀ ਦੇ ਇਲਾਕਿਆਂ ਵਿੱਚ ਸਰੇਆਮ ਸਾੜ-ਫੂਕ ਤੇ ਮਾਰਧਾੜ ਕੀਤੀ। ਨਤੀਜਾ ਇਹ ਕਿ ਅਰਬਾਂ ਦੀ ਸੰਪਤੀ ਸੜ ਕੇ ਸੁਆਹ ਹੋ ਗਈ, 50 ਤੋਂ ਵੱਧ ਨਾਗਰਿਕਾਂ ਦੀ ਮੌਤ ਹੋ ਗਈ ਤੇ ਇਨ੍ਹਾਂ ਵਿੱਚ 20 ਤੋਂ ਵੱਧ ਹਿੰਦੂ ਵੀ ਮਾਰੇ ਗਏ, ਕਿਉਂਕਿ ਇਨ੍ਹਾਂ ਦੰਗਿਆਂ ਵਿੱਚ ਲੋਕਾਂ ਨੇ ਆਪਸੀ ਏਕਤਾ ਦਾ ਮਜ਼ਬੂਤ ਇਰਾਦਾ ਦਿਖਾ ਕੇ ਇੱਕ-ਦੂਜੇ ਦੀ ਮਦਦ ਕੀਤੀ। ਖਾਸ ਕਰ ਸਿੱਖ ਭਾਈਚਾਰੇ ਨੇ ਲੰਗਰ ਲਗਾ ਕੇ ਵੀ ਸ਼ਾਹੀਨ ਬਾਗ ਸਮੇਤ ਲੋਕਾਂ ਨੂੰ ਬਚਾ ਕੇ ਗੁਰਦੁਆਰਿਆਂ ਤੱਕ ਪਹੁੰਚਾ ਕੇ ਪਨਾਹ ਦਿੱਤੀ ਤੇ ਹਸਪਤਾਲਾਂ ਤੱਕ ਪੁਚਾ ਕੇ ਇਲਾਜ ਤੱਕ ਪਹੁੰਚ ਕਰਾਈ।

ਉੱਤਰ ਪ੍ਰਦੇਸ਼ ਵਿੱਚ ਸੀ ਏ ਏ ਦੇ ਵਿਰੋਧ ਵਿੱਚ ਲੋਕਾਂ ਤੇ ਯੋਗੀ ਸਰਕਾਰ ਦੀਆਂ ਪੁਲਸ ਦੀਆਂ ਗੋਲੀਆਂ ਨਾਲ ਜਿੱਥੇ 28 ਲੋਕਾਂ ਦੀਆਂ ਜਾਨਾਂ ਗਈਆਂ, ਉਥੇ ਦਿੱਲੀ ਵਿੱਚ ਲੋਕਾਂ ਨੇ ਆਪਸੀ ਭਾਈਚਾਰਕ ਸਾਂਝ ਨਾਲ ਬੜਾ ਨੁਕਸਾਨ ਹੋਣ ਤੋਂ ਬਚਾ ਲਿਆ। ਹਾਲਾਂਕਿ 50 ਜਾਨਾਂ ਚਲੇ ਵੀ ਗਈਆਂ।

ਪਰ ਮੋਦੀ ਸਰਕਾਰ ਦਿੱਲੀ ਦੰਗਿਆਂ ਸਮੇਂ 100 ਕਰੋੜ ਖਰਚ ਕੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਵਾਗਤ ਕਰ ਰਹੀ ਸੀ ਤੇ ਗਰੀਬੀ ਛੁਪਾਉਣ ਲਈ ਗੁਜਰਾਤ, ਅਹਿਮਦਾਬਾਦ ਦੀਆਂ ਝੁੱਗੀਆਂ-ਝੌਂਪੜੀਆਂ ਨੂੰ ਢਕ ਰਹੀ ਸੀ। ਨਾਲ ਹੀ 3.7 ਕਰੋੜ ਦੇ ਫੁੱਲਾਂ ਦੀ ਵਰਖਾ ਕਰ ਰਹੀ ਸੀ। ਉਸੇ ਸ਼ਹਿਰ ਵਿੱਚ ਜਿੱਥੇ 3 ਮਹੀਨੇ ਪਹਿਲਾਂ 253 ਬੱਚੇ ਇਲਾਜ ਖੁਣੋਂ ਮਰ ਗਏ ਸਨ। ਇਹ ਸਤਰਾਂ ਲਿਖ ਹੀ ਰਿਹਾ ਸੀ ਕਿ ਭਾਰਤ ਦੇ ਯੈੱਸ ਬੈਂਕ ਦੇ ਦਿਵਾਲੀਏ ਹੋਣ ਵਰਗੀ ਖ਼ਬਰ ਆ ਗਈ ਤੇ ਰਿਜ਼ਰਵ ਬੈਂਕ ਨੇ ਖਾਤਾਧਾਰਕਾਂ ਨੂੰ 50 ਹਜ਼ਾਰ ਤੋਂ ਵੱਧ ਅਦਾਇਗੀ 'ਤੇ ਰੋਕ ਲਗਾ ਦਿੱਤੀ। ਇਹੋ ਹੀ ਨਹੀਂ, ਇਹ ਖ਼ਬਰ ਵੀ ਆ ਗਈ ਕਿ ਇਸ ਬੈਂਕ ਤੋਂ ਇੱਕ ਦਿਨ ਪਹਿਲਾਂ ਗੁਜਰਾਤ ਦੀ ਇੱਕ ਕੰਪਨੀ ਨੇ ਕਢਾਏ ਸਨ 265 ਕਰੋੜ ਇਹ ਸੰਯੋਗ ਸੀ ਜਾਂ ਘੋਟਾਲਾ।

ਮੋਦੀ ਰਾਜ ਵਿੱਚ 71,500 ਕਰੋੜ ਦੇ ਘੋਟਾਲੇ ਬੈਂਕਾਂ 'ਚ ਹੋਏ। ਇਹ ਮਨਮੋਹਨ ਸਿੰਘ ਸਰਕਾਰ ਦੇ 1860 ਕਰੋੜ ਤੋਂ 38 ਗੁਣਾ ਵੱਧ ਹੈ। ਇਹ ਲਗਾਤਾਰ ਵਧ ਰਹੇ ਹਨ। 2018-19 ਸਾਲ ਦੌਰਾਨ ਹੀ 6800 ਕੇਸ ਹੋਏ। 17-18 ਸਾਲ ਦੌਰਾਨ 5916 ਕੇਸ 41,167 ਕਰੋੜ ਦੀ ਰਕਮ ਆਰ ਬੀ ਆਈ ਦੀ ਰਿਪੋਰਟ ਅਨੁਸਾਰ 8,801 ਕੇਸਾਂ ਵਿੱਚ 71,542.93 ਕਰੋੜ ਦੇ ਘੋਟਾਲੇ ਹੋਏ, ਜੋ ਕਿ 73 ਪ੍ਰਤੀਸ਼ਤ ਦਾ ਵਾਧਾ ਹੈ ਮਨਮੋਹਨ ਸਿੰਘ ਸਰਕਾਰ ਨਾਲੋਂ, 11 ਵਿੱਤੀ ਬੈਂਕਾਂ ਵਿੱਚੋਂ 53,334 ਕੇਸਾਂ ਵਿੱਚ 2.05 ਲੱਖ ਕਰੋੜ ਦੇ ਘੁਟਾਲੇ ਹੋਏ। 2008-09 ਵਿੱਚ ਇਹ 1860.09 ਕਰੋੜ ਸੀ। ਉਧਰ ਬੈਂਕਾਂ ਦਾ 10.5 ਲੱਖ ਕਰੋੜ ਐੱਨ ਪੀ ਏ-ਪਰ ਮੋਦੀ ਰਾਜ ਵਿੱਚ 2015-16 ਵਿੱਚ 18,698.82 ਕਰੋੜ ਤੇ 16-17 ਵਿੱਚ 23933.85 ਕਰੋੜ 4,693 ਤੇ 5,076 ਕੇਸਾਂ ਵਿੱਚ ਘੁਟਾਲੇ ਹੋਏ।

ਉਪਰੋਕਤ ਸਭ ਦੀ ਰੋਸ਼ਨੀ ਦੀ ਕਿਰਨ ਇਹ ਹੈ ਕਿ ਲੋਕਾਂ ਵਿੱਚ ਜਾਗ੍ਰਿਤੀ ਅਤੇ ਭਾਈਚਾਰੇ ਦੀ ਭਾਵਨਾ ਵਧੀ ਹੈ। ਮਹਿੰਗਾਈ, ਬੇਰੁਜ਼ਗਾਰੀ, ਖੁਸੇ 4 ਕਰੋੜ ਤੋਂ ਵੱਧ ਰੁਜ਼ਗਾਰ ਤੇ ਹੋਰ ਖੁਸ ਰਹੇ ਬੀ ਐੱਸ ਐੱਨ ਐੱਲ ਦੇ 93000, ਏਅਰ ਇੰਡੀਆ ਦੇ 1,30,000 ਤੇ 40 ਰਾਜ ਮਾਰਗਾਂ, ਰੇਲਵੇ ਅਤੇ ਅਨੇਕਾਂ ਹੋਰ ਜਨਤਕ ਖੇਤਰ ਦੇ ਅਦਾਰਿਆਂ ਦੇ ਕਰੋੜਾਂ ਲੋਕ ਬੇਰੁਜ਼ਗਾਰ ਹੋਣ ਜਾ ਰਹੇ ਹਨ। ਹੁਣੇ-ਹੁਣੇ ਆਈ ਖ਼ਬਰ ਅਨੁਸਾਰ ਸਰਕਾਰ ਨੇ 28 ਹੋਰ ਸਰਕਾਰੀ ਕੰਪਨੀਆਂ ਨੂੰ ਵੇਚਣ ਦਾ ਫ਼ੈਸਲਾ ਕਰ ਲਿਆ। ਬੈਂਕ ਐੱਸ ਬੀ ਆਈ ਦੇ ਡੁੱਬਣ ਦੀ ਵੀ ਖ਼ਬਰ ਹੈ।

ਇਹੋ ਹੀ ਕਾਰਨ ਹਨ, ਜਿਨ੍ਹਾਂ ਨੂੰ ਬਦਲਣ ਲਈ ਖੱਬੀਆਂ ਪਾਰਟੀਆਂ ਤੇ ਹੋਰ ਇਨਸਾਫ਼ ਪਸੰਦ ਜਮਹੂਰੀ ਸ਼ਕਤੀਆਂ ਇਕੱਠੀਆਂ ਹੋ ਰਹੀਆਂ ਹਨ ਅਤੇ ਲੋਕਾਂ ਦਾ ਦਬਾਅ ਵਧ ਰਿਹਾ ਹੈ।

ਆਪ-ਹੁਦਰਾ ਤੇ ਫਾਸ਼ੀਵਾਦੀ ਮੋਦੀ-ਅਮਿਤ ਸ਼ਾਹ ਦੀ ਸਰਕਾਰ ਦੇ ਹਥਕੰਡਿਆਂ ਵਿਰੁੱਧ ਆਮ ਲੋਕਾਂ, ਬੁੱਧੀਜੀਵੀਆਂ, ਬਿਊਰੋਕਰੇਸੀ ਸਮੇਤ ਮੱਧ ਵਰਗ ਵਿੱਚ ਵਧੀ ਚੇਤਨਾ ਚੰਗੇ ਭਵਿੱਖ ਦੀ ਆਸ ਵਧਾਉਂਦੇ ਹਨ, ਪਰ ਤਾਂ ਵੀ ਵਿਸ਼ਾਲ ਏਕਤਾ ਤੇ ਹਰ ਪੱਧਰ 'ਤੇ ਤਿੱਖੇ ਸੰਘਰਸ਼ਾਂ ਨਾਲ ਹੀ ਅਜਿਹੇ ਹਾਕਮਾਂ ਨੂੰ ਰੋਕਿਆ ਜਾ ਸਕਦਾ ਹੈ, ਤਾਂ ਕਿ ਲੋਕਾਂ ਦਾ ਜੀਵਨ ਸੁਖਾਲਾ ਹੋ ਸਕੇ।

**# ਸਕੱਤਰ ਪੰਜਾਬ ਏਟਕ, 94635-18137**

## ਸੈਮੀਨਾਰ ਪੇਪਰ

# ਆਮ ਚੋਣਾਂ, ਵਧਦੇ ਫ਼ਾਸ਼ੀਵਾਦੀ ਹਮਲੇ ਤੇ ਮੀਡੀਆ

**ਨਰਭਿੰਦਰ**

*ਸਾਥੀਓ,*

ਪਿਛਲੇਰੇ 10 ਸਾਲਾਂ ਤੋਂ ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਉੱਤੇ ਫਾਸ਼ੀਵਾਦੀ ਹਮਲੇ ਵਧਦੇ ਜਾ ਰਹੇ ਹਨ। ਹਿੰਦੂਵਾਦੀ ਅਪਰਾਧਿਕ ਗਰੋਹ ਮੋਦੀ ਕਾਲ ਵਿੱਚ ਸਰਕਾਰੀ ਸ਼ਹਿ ਦੀ ਮਦਦ ਨਾਲ ਘੱਟ-ਗਿਣਤੀਆਂ ਉੱਤੇ, ਵਿਸ਼ੇਸ਼ ਕਰਕੇ ਮੁਸਲਿਮ ਆਬਾਦੀ ਉੱਤੇ ਲਗਾਤਾਰ ਹਮਲੇ ਤੇਜ਼ ਕਰ ਰਹੇ ਹਨ। ਉੱਚ ਜਾਤੀ ਦੇ ਗਰੋਹਾਂ ਵੱਲੋਂ ਦਲਿਤ ਗਰੀਬ ਆਬਾਦੀ ਉੱਤੇ ਜਬਰ, ਤਸ਼ੱਦਦ, ਅਪਮਾਨਿਤ ਕਰਨਾ ਤੇ ਭੇਦਭਾਵ ਨਵੇਂ ਸਿਰੇ ਤੋਂ ਤੇਜ਼ ਗਤੀ ਨਾਲ ਵਧ ਰਿਹਾ ਹੈ। ਸਿਰਫ ਐਨਾ ਹੀ ਨਹੀਂ, ਮੌਜੂਦਾ ਨਰੇਂਦਰ ਮੋਦੀ ਦੀ ਹਕੂਮਤ ਸਮੁੱਚੀਆਂ ਸੰਸਥਾਵਾਂ, ਅਦਾਰਿਆਂ ਨੂੰ ਸੰਘੀ ਪ੍ਰਚਾਰਕਾਂ ਨਾਲ ਭਰ ਰਹੀ ਹੈ। ਸੰਵਿਧਾਨਕ ਤੌਰ 'ਤੇ ਖੁਦਮੁਖਤਿਆਰ ਕਹੀਆਂ ਜਾਣ ਵਾਲੀਆਂ ਸੰਸਥਾਵਾਂ ਨੂੰ ਉਹ ਸਿੱਧਾ ਆਪਣੇ ਅਧੀਨ ਕਰ ਰਹੀ ਹੈ। ਫਾਸ਼ੀਵਾਦੀ ਸਰਕਾਰ ਭ੍ਰਿਸ਼ਟਾਚਾਰ ਨਾਲ ਲੜਨ ਦੇ ਨਾਂਅ ਉੱਤੇ ਵਿਰੋਧੀ ਪੂੰਜੀਵਾਦੀ ਪਾਰਟੀਆਂ ਦੇ ਆਗੂਆਂ ਨੂੰ ਵੀ ਇਕਤਰਫਾ ਤੌਰ 'ਤੇ ਦਹਿਸ਼ਤਜ਼ਦਾ ਕਰਕੇ ਉਨ੍ਹਾਂ ਪਾਰਟੀਆਂ ਨੂੰ ਤੋੜਨ ਵਿੱਚ ਜੁਟੀ ਹੋਈ ਹੈ। ਇਹ ਭ੍ਰਿਸ਼ਟ ਵਿਰੋਧੀ ਧਿਰਾਂ ਦੇ ਆਗੂ ਜਦੋਂ ਸੰਘ ਭਾਜਪਾ ਦੀ ਬੁੱਕਲ ਵਿੱਚ ਆ-ਜਾ ਰਹੇ ਹਨ ਤਾਂ ਉਹਨਾਂ ਨੂੰ ਪਵਿੱਤਰ ਤੇ ਸਾਫ ਛਵੀ ਵਾਲੇ ਕਰਾਰ ਦਿੱਤਾ ਜਾ ਰਿਹਾ ਹੈ। ਹਿੰਦੂ ਰਾਸ਼ਟਰ ਬਣਾਉਣ ਦੇ ਆਪਣੇ ਫਾਸ਼ੀਵਾਦੀ ਏਜੰਡੇ ਨੂੰ ਮੋਦੀ ਹਕੂਮਤ ਤੇਜ਼ੀ ਨਾਲ ਅੱਗੇ ਵਧਾ ਰਹੀ ਹੈ। ਹਿੰਦੂ ਫਾਸ਼ੀਵਾਦੀਆਂ ਦੇ ਇਸ ਉਭਾਰ ਵਿੱਚ ਪੂੰਜੀਵਾਦੀ ਪ੍ਰਚਾਰ ਮੀਡੀਆ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ।

ਕੇਂਦਰ ਦੀ ਸੱਤਾ 'ਤੇ ਕਾਬਜ਼ ਹਿੰਦੂ ਫਾਸ਼ੀਵਾਦੀਆਂ ਨੂੰ ਮੁੱਖ ਧਾਰਾ ਦੇ ਮੀਡੀਆ ਦਾ ਸਹਿਯੋਗ ਸਮਰਥਨ ਅੱਜ ਕਿਸੇ ਤੋਂ ਗੁੱਝਾ ਨਹੀਂ ਹੈ। ਇੱਥੇ ਮੁੱਖ ਧਾਰਾ ਦੇ ਮੀਡੀਆ ਤੋਂ ਸਾਡਾ ਭਾਵ ਵੱਡੇ ਨਿਊਜ਼ ਚੈਨਲਾਂ ਅਤੇ ਵੱਡੇ ਅਖਬਾਰਾਂ ਅਤੇ ਪਰਚਿਆਂ ਨਾਲ ਹੈ। ਮੁੱਖ ਧਾਰਾ ਦਾ ਇਹ ਮੀਡੀਆ ਅਸਲ ਵਿੱਚ ਸਰਮਾਏਦਾਰਾਨਾ ਭਾਵ ਕਾਰਪੋਰੇਟ ਮੀਡੀਆ ਹੈ, ਜਿਸ ਵਿੱਚ ਇਨ੍ਹਾਂ ਸਰਮਾਏਦਾਰਾਂ ਦਾ ਕਰੋੜਾਂ-ਅਰਬਾਂ ਦਾ ਨਿਵੇਸ਼ ਹੈ ਅਤੇ ਜਿਹਨਾਂ ਦੇ ਮਾਲਕ ਵੱਡੇ ਇਜਾਰੇਦਾਰ ਪੂੰਜੀਪਤੀ ਹਨ। ਮਿਸਾਲ ਵਜੋਂ ਲਈਏ ਤਾਂ ਬਰਾਡਕਾਸਟਿੰਗ ਲਿਮਟਿਡ ਇੱਕ ਮੀਡੀਆ ਕੰਪਨੀ ਹੈ, ਜਿਸ ਦਾ ਨਿੱਕੇ ਤੋਂ ਲੈ ਕੇ ਵੱਡੇ ਅਨੇਕਾਂ ਚੈਨਲਾਂ ਵਿੱਚ ਨਿਵੇਸ਼ ਹੈ। ਇਹ ਨੈੱਟਵਰਕ 18 ਮੀਡੀਆ ਐਂਡ ਇਨਵੈਸਟਮੈਂਟ ਨਾਲ ਜੁੜੀ ਹੋਈ ਹੈ, ਜਿਹੜਾ ਕਿ ਰਿਲਾਇੰਸ ਇੰਡਸਟਰੀ ਦਾ ਇੱਕ ਅਦਾਰਾ ਹੈ ਅਤੇ ਜਿਹਦਾ ਮਾਲਕ ਮੁਕੇਸ਼ ਅੰਬਾਨੀ ਹੈ। ਇਸੇ ਤਰ੍ਹਾਂ ਇੱਕ ਪ੍ਰਮੁੱਖ ਨਿਊਜ ਚੈਨਲ © 4 " ੭ ਹੁਣ ਗੌਤਮ ਅਦਾਨੀ ਦੀ ਮਾਲਕੀ ਹੇਠ ਆ ਚੁੱਕਾ ਹੈ। ਇਸ ਤੋਂ ਬਿਨਾਂ ਬੈਨੇਟ ਕੋਲੇਮਨ ਐਂਡ ਕੰਪਨੀ ਲਿਮਟਿਡ ਦਾ ਮਾਲਕ ਸ਼ਾਹੂ ਜੈਨ ਪਰਵਾਰ ਹੈ, ਜਿਹੜਾ ਕਿ ਦੇਸ਼ ਦਾ ਸਭ ਤੋਂ ਪੁਰਾਣਾ ਮੀਡੀਆ ਬਾਦਸ਼ਾਹ ਹੈ। ਇਸ ਦੇ ਕੰਟਰੋਲ ਵਿੱਚ ਟਾਈਮਜ਼ ਆਫ ਇੰਡੀਆ, ਨਵ ਭਾਰਤ ਟਾਈਮਜ਼, ਇਕੋਨੋਮਿਕ ਟਾਈਮਜ਼ ਵਰਗੇ ਅਖ਼ਬਾਰ ਅਤੇ ਅੰਗਰੇਜ਼ੀ ਚੈਨਲ ਟਾਈਮਜ਼ ਨਊ ਆਦਿ ਹਨ, ਜਦੋਂ ਕਿ ਇੰਡੀਅਨ ਐਕਸਪ੍ਰੈੱਸ ਅਤੇ ਜਨਸੱਤਾ ਪ੍ਰਸਿੱਧ ਸਰਮਾਏਦਾਰ ਗੋਇਨਕਾ ਦੀ ਮਾਲਕੀ ਹੇਠ ਹੈ ਤਾਂ ਹਿੰਦੋਸਤਾਨ ਟਾਈਮਜ਼ ਬਿਰਲਾ ਪਰਵਾਰ ਦੀ ਸੰਪਤੀ ਹੈ। ਹਿੰਦੀ ਦੇ ਵੱਡੇ ਅਤੇ ਖੇਤਰੀ ਅਖ਼ਬਾਰਾਂ ਵਿੱਚ ਵੀ ਇਜਾਰੇਦਾਰਾ ਕਾਰੋਬਾਰ ਅਤੇ ਵੱਡੀ ਖੇਤਰੀ-ਪੂੰਜੀ ਦਾ ਨਿਵੇਸ਼ ਹੈ।

2014 ਅਤੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਹਿੰਦੂ ਫਾਸ਼ੀਵਾਦੀਆਂ ਨੂੰ ਪੂਰਨ ਬਹੁਮਤ ਨਾਲ ਕੇਂਦਰ ਦੀ ਸੱਤਾ ਤੱਕ ਪਹੁੰਚਾਉਣ ਵਿੱਚ ਇਸੇ ਪੂੰਜੀਵਾਦੀ ਭਾਵ ਕਾਰਪੋਰੇਟ ਮੀਡੀਆ ਦੀ ਬਹੁਤ ਵੱਡੀ ਭੂਮਿਕਾ ਰਹੀ ਹੈ। ਇਹਦਾ ਕਾਰਨ 2012 ਤੋਂ 2014 ਦੌਰਾਨ ਇਜਾਰੇਦਾਰ ਪੂੰਜੀਪਤੀਆਂ ਅਤੇ ਹਿੰਦੂ ਫਾਸ਼ੀਵਾਦੀ ਸੰਗਠਨ ਰਾਸ਼ਟਰੀ ਸਵੈ-ਸੇਵਕ ਸੰਘ (ਆਰ. ਐੱਸ. ਐੱਸ.) ਦੇ ਵਿਚਕਾਰ ਕਾਇਮ ਹੋਇਆ ਗੱਠਜੋੜ ਹੈ। ਇਸੇ ਗੱਠਜੋੜ ਦੇ ਤਹਿਤ ਇਜਾਰੇਦਾਰ ਪੂੰਜੀਪਤੀ ਆਪਣੀ ਇੱਛਾ ਦੇ ਅਨੁਰੂਪ ਉਦਾਰੀਕਰਨ, ਨਿੱਜੀਕਰਨ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਅਤੇ ਉਸੇ ਅਨੁਸਾਰ ਕਾਨੂੰਨਾਂ ਨੂੰ ਬਣਾਉਣ ਤੇ ਬਦਲਣ ਵਿੱਚ ਲੱਗੇ ਹੋਏ ਹਨ।

ਉਂਝ ਤਾਂ ਮੋਦੀ ਜੁੰਡਲੀ ਹਮੇਸ਼ਾ ਹੀ ਚੁਣਾਵੀ ਮੂਡ ਵਿੱਚ ਹੀ ਰਹਿੰਦੀ ਹੈ, ਪਰ ਅਗਲੇਰੀਆਂ ਆਉਣ ਵਾਲੀਆਂ 2024 ਦੀਆਂ ਲੋਕ ਸਭਾਈ ਚੋਣਾਂ ਇਹਦੇ ਲਈ ਬਹੁਤ ਜ਼ਿਆਦਾ ਮਹੱਤਵਪੂਰਨ ਹਨ, ਜਿਹਨੂੰ ਇਹ ਕਿਸੇ ਵੀ ਕੀਮਤ ਉੱਤੇ ਬਹੁਗਿਣਤੀ ਨਾਲ ਜਿੱਤਣਾ ਚਾਹੁੰਦੇ ਹਨ ਤਾਂ ਕਿ ਹਿੰਦੂ ਰਾਸ਼ਟਰ ਕਾਇਮ ਕਰਨ ਦੇ ਆਪਣੇ ਮਨਸੂਬਿਆਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾ ਸਕੇ। ਜਿਸ ਹਿੰਦੂ ਰਾਸ਼ਟਰ ਦੀ ਇਹ ਗੱਲ ਕਰਦੇ ਹਨ, ਉਹ ਅਸਲ ਵਿੱਚ ਇੱਕ ਹਿੰਦੂ ਫਾਸ਼ੀਵਾਦੀ ਨਿਜ਼ਾਮ ਹੋਵੇਗਾ।

ਇਸੇ ਕਰਕੇ ਜਿਵੇਂ-ਜਿਵੇਂ ਲੋਕ ਸਭਾ ਦੀਆਂ ਚੋਣਾਂ ਨੇੜੇ ਆ ਰਹੀਆਂ ਹਨ, ਉਵੇਂ-ਉਵੇਂ ਇਹ ਆਪਣੇ ਹਿੰਦੂਤਵੀ ਏਜੰਡੇ ਦੇ ਨਾਲ ਹਮਲਾਵਰ ਹੁੰਦੇ ਜਾ ਰਹੇ ਹਨ, ਕਿਉਂਕਿ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਇੱਕੋ-ਇੱਕ ਇਹੋ ਏਜੰਡਾ ਇਹਨਾਂ ਦੀ ਚੁਣਾਵੀ ਬੇੜੀ ਨੂੰ ਪਾਰ ਲਾ ਸਕਦਾ ਹੈ ਅਤੇ ਮੁੱਖ ਧਾਰਾ ਦਾ ਮੀਡੀਆ ਭਾਵ ਸਰਮਾਏਦਾਰਾਨਾ ਜਾਂ ਕਾਰਪੋਰੇਟ ਮੀਡੀਆ 2014 ਤੇ 2019 ਦੇ ਲੋਕ ਸਭਾਈ ਚੋਣਾਂ ਦੇ ਵਾਂਗੂੰ ਇਸ ਵਾਰ ਵੀ ਹਿੰਦੂ ਫਾਸ਼ੀਵਾਦੀਆਂ ਦੇ ਦਿਸ਼ਾ-ਨਿਰਦੇਸ਼ਨ ਵਿੱਚ ਸਮਾਜ ਵਿੱਚ ਧਾਰਮਿਕ ਫਿਰਕਾਪ੍ਰਸਤ ਕਤਾਰਬੰਦੀ ਵਧਾਉਣ ਵਿੱਚ ਜੁਟਿਆ ਹੋਇਆ ਹੈ। ਅਖ਼ਬਾਰਾਂ ਵਿੱਚ ਹੈੱਡਲਾਈਨ ਮੈਨੇਜਮੈਂਟ ਦੀ ਖੇਡ ਜ਼ੋਰਾਂ ਉੱਤੇ ਹੈ ਅਤੇ ਹਿੰਦੂ ਨਿਊਜ਼ ਚੈਨਲ ਦੇ ਐਂਕਰ ਸੰਘ ਦੇ ਪ੍ਰਚਾਰਕ ਦੀ ਭੂਮਿਕਾ ਵਿੱਚ ਉੱਭਰ ਕੇ ਸਿੱਧਮ-ਸਿੱਧੇ ਫਿਰਕੂ ਦੰਗੇ ਭੜਕਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਅਤੇ ਇਹ ਸਭ ਇਸ ਲਈ ਕਿ ਦੇਸ਼ ਦੇ ਇਜਾਰੇਦਾਰ ਪੂੰਜੀਪਤ ਅਡਾਨੀ ਅੰਬਾਨੀ, ਟਾਟਾ, ਬਿਰਲਾ ਆਦਿ ਚਾਹੁੰਦੇ ਹਨ ਕਿ ਸੰਘੀ ਨਰੇਂਦਰ ਮੋਦੀ ਮੁੜ ਕੇਂਦਰ ਦੀ ਸੱਤਾ ਉੱਤੇ ਕਾਬਜ਼ ਹੋਵੇ।

ਸਾਰਿਆਂ ਨੇ ਵੇਖਿਆ ਹੈ ਕਿ 28 ਮਈ ਨੂੰ ਸਾਵਰਕਰ ਦੇ ਜਨਮ ਦਿਨ ਉੱਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਨਵੇਂ ਸੰਸਦ ਭਵਨ ਦਾ ਉਦਘਾਟਨ ਕੀਤਾ ਗਿਆ। ਇਸੇ ਦੌਰਾਨ ਸੰਸਦ ਭਵਨ ਵਿੱਚ ਸਾਰੇ ਪੰਡਤ ਪ੍ਰੋਹਿਤਾਂ ਦੀ ਮੌਜੂਦਗੀ ਵਿੱਚ ਹਿੰਦੂ ਰੀਤੀ ਰਿਵਾਜਾਂ ਦੇ ਨਾਲ ਯੱਗ ਹਵਨ ਆਦਿ ਕਰਾਏ ਗਏ ਅਤੇ ਸੰਘੀ ਨਰੇਂਦਰ ਮੋਦੀ ਨੇ ਸੈਂਗੋਲ (ਇੱਕ ਹਿੰਦੂ ਰਾਜ ਦਾ ਰਾਜਦੰਡ) ਨੂੰ ਦੰਡ ਬੰਦਨਾ ਪ੍ਰਣਾਮ (ਲੰਮੇ ਪੈ ਕੇ ਮੱਥਾ ਟੇਕਣਾ) ਕਰਕੇ ਧਾਰਨ ਕੀਤਾ ਗਿਆ ਅਤੇ ਫਿਰ ਉਹਨੂੰ ਸਪੀਕਰ ਦੀ ਕੁਰਸੀ ਦੇ ਸਾਹਮਣੇ ਸਥਾਪਤ ਕਰ ਦਿੱਤਾ ਗਿਆ। ਹਿੰਦੂ ਫਾਸ਼ੀਵਾਦੀਆਂ ਵੱਲੋਂ ਇੱਕ ਸੋਚੀ-ਸਮਝੀ ਯੋਜਨਾ ਹੇਠ ਕੀਤੀ ਗਈ ਇਹ ਕਾਰਵਾਈ ਦਾ ਸਾਰੇ ਨਿਊਜ਼ ਚੈਨਲਾਂ ਨੇ ਸਿੱਧਾ ਪ੍ਰਸਾਰਣ ਕੀਤਾ ਅਤੇ ਇਹਨੂੰ ਇੱਕ ਹਿੰਦੂ ਫਾਸ਼ੀਵਾਦੀਆਂ ਦੇ ਮਨ ਮੁਤਾਬਿਕ ਹਿੰਦੂ ਰਾਸ਼ਟਰ ਦੇ ਉਦੈ ਦੇ ਰੂਪ ਵਿੱਚ ਪੇਸ਼ ਕੀਤਾ। ਇਸੇ ਦੌਰਾਨ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਖੁੱਲ੍ਹ ਕੇ ਮਹਿਮਾ ਗਾਈ ਅਤੇ ਉਹਨੂੰ ਅਲੌਕਿਕ ਛਵੀ (ਹਸਤੀ) ਦੇ ਰੂਪ ਵਿੱਚ ਪੇਸ਼ ਤੇ ਕਾਇਮ ਕਰਨ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ, ਜਿਵੇਂ ਉਹ ਸਾਧਾਰਨ ਇਨਸਾਨ ਨਾ ਹੋ ਕੇ ਕੋਈ ਦੇਵਪੁਰਸ਼ ਹੋਵੇ।

ਨਵੇਂ ਸੰਸਦ ਭਵਨ ਵਿੱਚ ਸਥਾਪਤ ਰਾਜਦੰਡ ਦਾ ਸੁਆਦ ਸਭ ਤੋਂ ਪਹਿਲਾਂ ਦੇਸ਼ ਦਾ ਨਾਂਅ ਉੱਚਾ ਕਰਨ ਵਾਲੇ ਪਹਿਲਵਾਨਾਂ ਨੇ ਚੱਖਿਆ, ਜਿਹੜੇ ਕਿ ਔਰਤ ਪਹਿਲਵਾਨਾਂ ਦੇ ਯੌਨ ਸ਼ੋਸ਼ਣ ਦੇ ਦੋਸ਼ੀ ਕੁਸ਼ਤੀ ਸੰਘ ਦੇ ਪ੍ਰਧਾਨ ਅਤੇ ਭਾਜਪਾ ਦੇ ਬਾਹੂਬਲੀ ਸਾਂਸਦ ਬ੍ਰਿਜਭੂਸ਼ਨ ਸਿੰਘ ਨੂੰ ਕੁਸ਼ਤੀ ਸੰਘ ਤੋਂ ਹਟਾਉਣ ਅਤੇ ਉਹਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਜੰਤਰ-ਮੰਤਰ ਉਤੇ ਕਈ ਦਿਨ-ਰਾਤ ਦਿਨ ਧਰਨੇ ਨਾਲ ਨਵੇਂ ਸੰਸਦ ਭਵਨ ਦੇ ਵੱਲ ਮਾਰਚ ਕਰ ਰਹੇ ਸਨ। ਪੁਲਸ ਨੇ ਨਾ ਸਿਰਫ ਇਨ੍ਹਾਂ ਕੌਮਾਂਤਰੀ ਪੱਧਰ ਦੇ ਸਨਮਾਨਿਤ ਪਹਿਲਵਾਨਾਂ ਨੂੰ ਸੜਕਾਂ ਉੱਤੇ ਘਸੀਟਿਆ, ਸਗੋਂ ਜੰਤਰ-ਮੰਤਰ ਉੱਤੇ ਉਹਨਾਂ ਦੇ ਟੈਂਟ ਵੀ ਉਖਾੜ ਦਿੱਤੇ। ਨਵੇਂ ਸੰਸਦ ਭਵਨ ਦੇ ਉਦਘਾਟਨ ਦੇ ਲਾਉਣ ਪਿੱਛੋਂ ਪਹਿਲਵਾਨਾਂ ਉੱਤੇ ਰਾਜਦੰਡ ਦੀ ਇਸ ਵਰਤੋਂ ਦਾ ਵੀ ਇਲੈਕਟ੍ਰਾਨਿਕ ਮੀਡੀਆ ਦੇ ਰਾਹੀਂ ਦੇਸ਼ ਦੁਨੀਆ ਵਿੱਚ ਸਿੱਧਾ ਪ੍ਰਸਾਰਣ ਹੋਇਆ।

ਅੱਜ-ਕੱਲ੍ਹ ਹਿੰਦੂ ਫਾਸ਼ੀਵਾਦੀਆਂ ਵੱਲੋਂ ਪ੍ਰਤੱਖ-ਅਪ੍ਰਤੱਖ ਰੂਪ ਵਿੱਚ ਆਯੋਜਿਤ ਧਾਰਮਿਕ ਜਲੂਸ ਲਗਾਤਾਰ ਵਧਦੇ ਜਾ ਰਹੇ ਹਨ। ਰਾਮ ਨੌਮੀ, ਹਨੂੰਮਾਨ ਜਯੰਤੀ ਜਾਂ ਫਿਰ ਕੋਈ ਜਲ-ਅਭਿਸ਼ੇਕ ਯਾਤਰਾ ਦੇ ਨਾਂਅ 'ਤੇ ਕੱਢੇ ਜਾ ਰਹੇ ਇਨ੍ਹਾਂ ਬਹੁਤ ਭੜਕਾਊ ਜਲੂਸਾਂ ਵਿੱਚ ਸ਼ਾਮਲ ਨੌਜਵਾਨਾਂ ਵੱਲੋਂ ਬੇਹੱਦ ਤੇਜ਼ ਆਵਾਜ਼ ਵਿੱਚ ਡੀ.ਜੇ. ਵਜਾਉਣਾ, ਜਲੂਸ ਨੂੰ ਜਾਣ-ਬੁੱਝ ਕੇ ਮੁਸਲਿਮ ਬਹੁਗਿਣਤੀ ਇਲਾਕਿਆਂ ਵਿੱਚੋਂ ਦੀ ਕੱਢਣਾ ਅਤੇ ਉੱਥੇ ਭੜਕਾਊ ਨਾਹਰੇ ਲਾਉਣੇ, ਕਿਸੇ ਮਸਜਿਦ ਉੱਤੇ ਭਗਵੇਂ ਝੰਡੇ ਲਹਿਰਾ ਦੇਣਾ, ਖੁੱਲ੍ਹੇਆਮ ਤਲਵਾਰਾਂ ਹੀ ਨਹੀਂ, ਪਿਸਤੌਲ ਤੱਕ ਲਹਿਰਾਉਣ ਦਾ ਵਰਤਾਰਾ ਆਮ ਹੁੰਦਾ ਜਾ ਰਿਹਾ ਹੈ। ਇਨ੍ਹਾਂ ਬੇਹੱਦ ਭੜਕਾਊ ਕਿਸਮ ਦੀਆਂ ਗਤੀਵਿਧੀਆਂ ਦੇ ਸਿੱਟੇ ਵਜੋਂ ਜੇ ਮੁਸਲਿਮ ਪੱਖ ਦੇ ਲੋਕਾਂ ਦੇ ਨਾਲ ਕਿਤੇ ਕੋਈ ਟਕਰਾਅ ਹੋ ਜਾਂਦਾ ਹੈ ਜਾਂ ਫਿਰ ਕਿਤੇ ਪਥਰਾਅ ਦੀ ਕੋਈ ਘਟਨਾ ਘਟ ਜਾਂਦੀ ਹੈ ਤਾਂ ਇਹ ਗੋਦੀ ਚੈਨਲ ਤੁਰੰਤ ਹੀ ਮੁਸਲਮਾਨਾਂ ਨੂੰ ਦੰਗਈ ਤੇ ਪੱਥਰਬਾਜ਼ ਐਲਾਨ ਦਿੰਦੇ ਹਨ। ਇਨ੍ਹਾਂ ਚੈਨਲਾਂ ਉੱਤੇ ਫਿਰ ਦੰਗਾ ਕਰਨ ਵਾਲਿਆਂ ਅਤੇ ਪੱਥਰਬਾਜ਼ਾਂ ਦਾ ਪਾਕਿਸਤਾਨੀ ਕੁਨੈਕਸ਼ਨ ਵਰਗੇ ਹੈਡਿੰਗਾਂ ਨਾਲ ਖਬਰਾਂ ਚੱਲਣ ਲੱਗਦੀਆਂ ਹਨ। ਹੁਣ ਤੱਕ ਖਾਮੋਸ਼ ਰਹਿਣ ਵਾਲਾ ਪੁਲਸ ਪ੍ਰਸ਼ਾਸਨ ਵੀ ਹੁਣ ਸਰਗਰਮ ਹੋ ਜਾਂਦਾ ਹੈ ਅਤੇ ਗ੍ਰਿਫਤਾਰੀਆਂ ਸ਼ੁਰੂ ਹੋ ਜਾਂਦੀਆਂ ਹਨ, ਜਿਸ ਵਿੱਚ ਇੱਕ-ਅੱਧੇ ਨੂੰ ਛੱਡ ਕੇ ਸਾਰੇ ਮੁਸਲਮਾਨ ਨੌਜਵਾਨ ਹੀ ਹੁੰਦੇ ਹਨ ਅਤੇ ਇਸ ਤੋਂ ਪਿੱਛੋਂ ਸਰਕਾਰ ਦਾ ਬੁਲਡੋਜ਼ਰ ਗਰਜ਼ਦਾ ਹੈ ਅਤੇ ਨਜਾਇਜ਼ ਉਸਾਰੀਆਂ ਦੇ ਨਾਂਅ ਹੇਠ ਮੁਸਲਮਾਨਾਂ ਦੀਆਂ ਦੁਕਾਨਾਂ, ਮਕਾਨਾਂ ਨੂੰ ਢਹਿਢੇਰੀ ਕਰ ਦਿੱਤਾ ਜਾਂਦਾ ਹੈ, ਜਦੋਂ ਕਿ ਇਹਦਾ ਸਿੱਧਾ ਪ੍ਰਸਾਰਣ ਕਰਦਿਆਂ ਹੋਇਆਂ ਨਿਊਜ਼ ਚੈਨਲ ਖੁੱਲ੍ਹੇਆਮ "ਦੰਗਾਈਆਂ ਅਤੇ ਧੋਖੇਬਾਜ਼ਾਂ ਨੂੰ ਮਿਲਿਆ ਸਬਕ" ਵਰਗੇ ਹੈਡਿੰਗਾਂ ਨਾਲ ਖਬਰਾਂ ਚਲਾਉਂਦੇ ਹਨ।

ਅਜਿਹੇ ਧਾਰਮਿਕ ਜਲੂਸਾਂ ਨੂੰ ਦੰਗਿਆਂ ਵਿੱਚ ਤਬਦੀਲ ਕਰਨ ਦੀ ਹਿੰਦੂ ਫਾਸ਼ੀਵਾਦੀਆਂ ਦੀ ਯੋਜਨਾ, ਉੱਤਰ ਪ੍ਰਦੇਸ਼ ਦੇ ਬਰੇਲੀ ਵਿੱਚ ਪੁਲਸ ਦੇ ਐੱਸ. ਪੀ. ਦੀ ਸੂਝ-ਬੂਝ ਨਾਲ ਫੇਲ੍ਹ ਹੋ ਗਈ। ਜਿਹਨੂੰ ਫੌਰਨ ਸਜ਼ਾ ਦਿੰਦਿਆਂ ਹੋਇਆਂ ਯੋਗੀ ਸਰਕਾਰ ਨੇ ਬਦਲੀ ਕਰ ਦਿੱਤੀ, ਪਰ ਹਰਿਆਣਾ ਦੇ ਨੂੰਹ ਵਿੱਚ ਇੱਕ ਜਲ ਅਭਿਸ਼ੇਕ ਯਾਤਰਾ ਦੇ ਦੌਰਾਨ ਇਹ ਦੰਗੇ ਭੜਕਾਉਣ ਵਿੱਚ ਸਫਲ ਹੋ ਗਏ। ਇਸ ਦੰਗੇ ਵਿੱਚ 5-6 ਲੋਕ ਮਾਰੇ ਗਏ ਅਤੇ ਵੱਡੀ ਪੱਧਰ ਉੱਤੇ ਭੰਨਤੋੜ ਹੋਈ, ਅੱਗਾਂ ਲਾਈਆਂ ਗਈਆਂ, ਨੂੰਹ ਦੰਗਿਆਂ ਦੀ ਅੱਗ ਮੁੜ ਗੁੜਗਾਵਾਂ ਤੱਕ ਫੈਲ ਗਈ। ਜਿੱਥੇ ਦੰਗਾਕਾਰੀਆਂ ਨੇ ਇੱਕ ਮਸਜਿਦ ਵਿੱਚ ਵੜ ਕੇ 22 ਸਾਲਾ ਨਾਇਬ ਇਮਾਮ ਨੂੰ ਕਤਲ ਕਰ ਦਿੱਤਾ, ਜ਼ਿਆਦਾਤਰ ਨਿਊਜ਼ ਚੈਨਲਾਂ ਨੇ ਇਨ੍ਹਾਂ ਦੰਗਿਆਂ ਦੀ ਇੱਕ ਤਰਫਾ ਰਿਪੋਰਟਿੰਗ ਕੀਤੀ। ਜਲ ਅਭਿਸ਼ੇਕ ਯਾਤਰਾ ਤੋਂ ਪਹਿਲਾਂ ਮੋਨੂੰ ਮਾਨੇਸਰ ਅਤੇ ਬਿੱਟੂ ਬਜਰੰਗੀ ਵਰਗੇ ਦੰਗਾਈਆਂ ਨੇ ਜਿਹੜੀ ਬੇਹੱਦ ਭੜਕਾਊ ਵੀਡੀਓ ਸੋਸ਼ਲ ਮੀਡੀਆ ਉੱਤੇ ਪਾਏ ਸਨ, ਪੁਲਸ ਨੇ ਜਾਣ-ਬੁੱਝ ਕੇ ਮਹੌਲ ਖਰਾਬ ਹੋਣ ਦਿੱਤਾ ਸੀ ਜਾਂ ਫਿਰ ਇਹਨਾਂ ਦੰਗਿਆਂ ਦੇ ਦੌਰਾਨ ਸੋਸ਼ਲ ਮੀਡੀਆ ਉੱਤੇ ਜਾਰੀ ਫੋਟੋ ਅਤੇ ਵੀਡੀਓ ਵਿੱਚ ਪੁਲਸ ਦੇ ਨਾਲ ਹਿੰਦੂਵਾਦੀ ਸੰਗਠਨਾਂ ਦੇ ਕਾਰਕੁੰਨ ਹਥਿਆਰਾਂ ਦੇ ਨਾਲ ਲੋਕਾਂ ਉੱਤੇ ਹਮਲਾ ਕਰਦੇ ਨਜ਼ਰ ਆ ਰਹੇ ਸਨ... ਆਦਿ ਸਭ ਕੁਝ ਨੂੰ ਇਨ੍ਹਾਂ ਨਿਊਜ਼ ਚੈਨਲਾਂ ਵੱਲੋਂ ਨਜ਼ਰ-ਅੰਦਾਜ਼ ਜਾਂ ਫਿਰ ਖਾਰਜ ਕਰ ਦਿੱਤਾ ਗਿਆ। ਇਹਦੇ ਉਲਟ ਇਹ ਨੂੰਹ ਵਿੱਚ ਹਿੰਦੂ-ਮੁਸਲਿਮ ਆਬਾਦੀ ਦੀ ਫੀਸਦੀ ਲੋਕਾਂ ਨੂੰ ਸਮਝਾਉਣ, ਮੁਸਲਮਾਨਾਂ ਨੂੰ ਅਪਰਾਧਿਕ ਕੰਮਾਂ ਵਿੱਚ ਨਿੱਬੜੇ ਦੱਸਣ ਅਤੇ ਉਹਨਾਂ ਦਾ ਪਾਕਿਸਤਾਨ ਨਾਲ ਸੰਬੰਧ ਲੱਭਣ ਵਿੱਚ ਲੱਗੇ ਰਹੇ। ਪਿੱਛੋਂ ਜਦੋਂ ਇੱਥੇ ਵੀ ਸਰਕਾਰੀ ਬਦਮਾਸ਼ੀ ਦਾ ਬੁਲਡੋਜ਼ਰ ਚੱਲਿਆ ਅਤੇ ਨਜਾਇਜ਼ ਉਸਾਰੀ ਦੇ ਨਾਂਅ ਉੱਤੇ ਮੁਸਲਮਾਨਾਂ ਦੇ ਮਕਾਨਾਂ ਅਤੇ ਦੁਕਾਨਾਂ ਨੂੰ ਢਹਿਢੇਰੀ ਕਰਨ ਲੱਗਾ ਤਾਂ ਉਹਦਾ ਵੀ ਇਹਨਾਂ ਨਿਊਜ਼ ਚੈਨਲਾਂ ਨੇ ਸਿੱਧਾ-ਸਿੱਧਾ ਇਸੇ ਰੂਪ ਵਿੱਚ ਪ੍ਰਸਾਰਣ ਕੀਤਾ ਕਿ ਦੰਗਾਈਆਂ ਨੂੰ ਸਬਕ ਮਿਲ ਰਿਹਾ ਹੈ, ਜਦੋਂ ਕਿ ਖੇਤਰ ਦੇ ਜਾਟਾਂ ਨੇ ਮੁਸਲਮਾਨਾਂ ਦਾ ਸਾਥ ਦਿੱਤਾ ਅਤੇ ਹਿੰਦੂਤਵੀ ਸੰਗਠਨਾਂ ਦਾ ਵਿਰੋਧ ਕੀਤਾ, ਪਰ ਉਸ ਦੀ ਇਨ੍ਹਾਂ ਨਿਊਜ਼ ਚੈਨਲਾਂ ਨੇ ਕੋਈ ਚਰਚਾ ਤੱਕ ਨਹੀਂ ਕੀਤੀ।

ਇਹ ਨਿਊਜ਼ ਚੈਨਲ ਪੱਤਰਕਾਰਿਤਾ ਦੀ ਆੜ ਵਿੱਚ ਦਿਨ-ਰਾਤ ਸਮਾਜ ਵਿੱਚ ਜੋ ਪਰੋਸ ਰਹੇ ਹਨ, ਉਹਦੀ ਇੱਕ ਮਿਸਾਲ ਸੁਧੀਰ ਚੌਧਰੀ ਹੈ, ਜਿਹੜੇ ਕਿ ਪਹਿਲਾਂ ਜ਼ੀ. ਟੀ.ਵੀ. ਵਿੱਚ ਸਨ, 'ਆਜ ਤੱਕ' ਵਿੱਚ ਹਨ, ਦੇ ਵੱਲੋਂ ਤਾਂ ਮਈ 2023 ਦੀ ਇੱਕ ਘਟਨਾ ਜਿਸ ਵਿੱਚ ਬੁਲੰਦ ਸ਼ਹਿਰ ਵਿੱਚ ਥਾਣਾ ਗਲਾਵਟੀ ਦੇ ਪਿੰਡ ਬਰਾਲ ਵਿੱਚ ਮੰਦਰਾਂ ਵਿੱਚ ਕੁੱਝ ਤੋੜਫੋੜ ਕੀਤੀ ਸੀ, ਪਰ 2 ਜੂਨ ਨੂੰ ਵੀ 'ਆਜ ਤੱਕ' ਉੱਤੇ ਚਲਾਈ ਗਈ ਸਟੋਰੀ ਹੈ। ਇਸ ਸਟੋਰੀ ਦੇ ਦੌਰਾਨ 'ਬੁਲੰਦ ਸ਼ਹਿਰ ਵਿੱਚ ਔਰੰਗਜ਼ੇਬੀ ਗੈਂਗ' ਵਰਗੇ ਹੈਡਿੰਗਾਂ ਦੀ ਵਰਤੋਂ ਕੀਤੀ ਗਈ ਅਤੇ ਸੁਧੀਰ ਚੌਧਰੀ ਨੇ ਆਪਣੀ ਬਕਵਾਸ ਵਿੱਚ ਕਿਹਾ ਕਿ "ਸਾਡੇ ਦੇਸ਼ ਵਿੱਚ ਮਸਜਿਦ ਅਤੇ ਚਰਚ ਉੱਤੇ ਹਮਲੇ ਦੀ ਝੂਠੀ ਖਬਰ ਵੀ ਆ ਜਾਵੇ ਤਾਂ ਦੇਸ਼ ਵਿੱਚ ਦੰਗੇ ਭੜਕ ਜਾਂਦੇ ਹਨ, ਪਰ ਮੰਦਰ ਉੱਤੇ ਹਮਲਾ ਹੋ ਜਾਵੇ ਤਾਂ ਚਰਚਾ ਤੱਕ ਨਹੀਂ ਹੁੰਦੀ। ਇਹ ਬਹੁਤ ਦੁੱਖ ਦੀ ਗੱਲ ਹੈ।" ਇਸ ਤੋਂ ਬਿਨਾਂ ਉਹਨਾਂ ਕਿਹਾ ਕਿ ਦਿੱਲੀ ਤੋਂ 110 ਕਿਲੋਮੀਟਰ ਦੂਰ ਯੂ.ਪੀ. ਦੇ ਬੁਲੰਦ ਸ਼ਹਿਰ ਵਿੱਚ 4 ਮੰਦਰਾਂ ਉੱਤੇ ਹਮਲਾ ਕੀਤਾ ਗਿਆ, ਪਰ ਕਿਤੇ ਕੋਈ ਚਰਚਾ ਨਹੀਂ ਹੋਈ। ਮੰਦਰ ਉੱਤੇ ਹਮਲੇ ਦੇ 48 ਘੰਟੇ ਪਿੱਛੋਂ ਵੀ ਪੂਰੇ ਦੇਸ਼ ਵਿੱਚ ਸੰਨਾਟਾ ਹੈ।

31 ਮਈ ਦੀ ਇਹ ਘਟਨਾ ਦੇ ਕੁੱਝ ਦਿਨ ਬੀਤਣ ਪਿੱਛੋਂ 8 ਜੂਨ ਨੂੰ ਪੁਲਸ ਨੇ ਮੰਦਰਾਂ ਦੀ ਤੋੜ-ਫੋੜ ਕਰਨ ਵਾਲੇ 4 ਲੋਕਾਂ ਨੂੰ ਗ੍ਰਿਫਤਾਰ ਕਰਕੇ ਪੂਰੇ ਮਾਮਲੇ ਦਾ ਖੁਲਾਸਾ ਕੀਤਾ ਕਿ ਹਰੀਸ਼ ਸ਼ਰਮਾ, ਸ਼ਿਵਮ, ਕੇਸ਼ਵ ਅਤੇ ਅਜੈ ਨੇ 31 ਮਈ ਦੀ ਰਾਤ ਨੂੰ ਖੇਤਾਂ ਵਿੱਚ ਸ਼ਰਾਬ ਪੀਤੀ ਅਤੇ ਫਿਰ ਨਸ਼ੇ ਵਿੱਚ ਮੰਦਰਾਂ ਵਿੱਚ ਤੋੜ-ਫੋੜ ਕੀਤੀ। ਭਾਵ ਮੰਦਰਾਂ ਵਿੱਚ ਭੰਨ-ਤੋੜ ਕਰਨ ਵਾਲਿਆਂ ਵਿੱਚ ਇੱਕ ਵੀ ਮੁਸਲਮਾਨ ਨਹੀਂ ਅਤੇ ਸਾਰੇ ਹਿੰਦੂ ਹਨ, ਪਰ ਸੁਧੀਰ ਚੌਧਰੀ ਨੇ ਔਰੰਗਜ਼ੇਬੀ ਗੈਂਗ ਤੱਕ ਦੀ ਖੋਜ ਕਰ ਦਿੱਤੀ ਅਤੇ ਆਪਣੀ ਸਟੋਰੀ ਦੇ ਰਾਹੀਂ ਸਿੱਧਮ-ਸਿੱਧਾ ਲੋਕਾਂ ਨੂੰ ਉਕਸਾਉਣ ਅਤੇ ਦੰਗਾ ਭੜਕਾਉਣ ਦੀ ਕੋਸ਼ਿਸ਼ ਕੀਤੀ। ਕਾਰਪੋਰੇਟੀ ਪੂੰਜੀ ਤੇ ਹਿੰਦੂ ਫਾਸ਼ੀਵਾਦੀ ਪੱਤਰਕਾਰਤਾ ਦਾ ਇਹ ਇੱਕ ਰੂਪ ਹੈ।

ਹਿੰਦੀ ਦੇ ਨਿਊਜ਼ ਚੈਨਲਾਂ ਉੱਤੇ ਅੱਜ ਭੜਕਾਊ ਹੈਡਿੰਗਾਂ "ਅੱਬਾ ਜਾਨ, ਤਾਲਿਬਾਨ, ਅਤੇ ਜੈ ਸ੍ਰੀ ਰਾਮ", "ਹਿੰਦੂਤਵ ਉੱਤੇ ਵਾਰ, ਮੁਗਲਾਂ ਨਾਲ ਪਿਆਰ", "ਹਿੰਦੋਸਤਾਨ ਦਾ ਅਪਮਾਨ, ਨਹੀਂ ਸਹੇਗਾ ਹਿੰਦੋਸਤਾਨ" ਦੇ ਨਾਲ ਇਸ ਤਰ੍ਹਾਂ ਦੀ ਸਟੋਰੀ ਜਾਂ ਬਹਿਸ ਚਲਾਉਂਦਿਆਂ ਹੋਇਆਂ ਕੋਈ ਸੁਧੀਰ ਚੌਧਰੀ, ਅਮੀਸ਼ ਦੇਵ ਗਣ ਜਾਂ ਕੋਈ ਅੰਜਨਾ ਓਮ ਕਸ਼ਿਅਪ ਰੋਜ਼ ਹੀ ਮਿਲ ਜਾਵੇਗੀ।

ਇਹ ਨਿਊਜ਼ ਚੈਨਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕਿਸੇ ਦੇਸ਼ ਦੇ ਅੰਦਰ ਕਿਸੇ ਟਰੇਨ ਦੇ ਉਦਘਾਟਨ ਨੂੰ ਲੈ ਕੇ ਉਹਦੇ ਵਿਦੇਸ਼ੀ ਦੌਰਿਆਂ ਤੱਕ ਦੇ ਦੌਰਾਨ ਉਹਦਾ ਵੱਡਾ ਗੁਣਗਾਨ ਕਰਦੇ ਹਨ।

(● ਬਾਕੀ ਸਫ਼ਾ 9 'ਤੇ)

7-OCT-PAGE-5.qxd 10/6/2023 9:52 PM Page 1



# ਪੰਜਾਬ ਇਸਤਰੀ ਸਭਾ ਦੀ ਜ਼ਿਲ੍ਹਾ ਕਾਨਫਰੰਸ ਸਫਲਤਾਪੂਰਵਕ ਸੰਪੰਨ

## ਸਰਬਜੀਤ ਕੌਰ ਖੋਸਾ ਪ੍ਰਧਾਨ ਤੇ ਕਰਮਵੀਰ ਕੌਰ ਬੱਧਨੀ ਸਕੱਤਰ ਚੁਣੇ



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਇਸਤਰੀ ਸਭਾ ਜ਼ਿਲ੍ਹਾ ਮੋਗਾ ਦੀ ਕਾਨਫਰੰਸ ਸਥਾਨਕ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਹੋਈ, ਜਿਸ ਵਿੱਚ ਵੱਖ ਵੱਖ ਬਲਾਕਾਂ ਤੋਂ 150 ਡੈਲੀਗੇਟਾਂ ਨੇ ਭਾਗ ਲਿਆ। ਕਾਨਫਰੰਸ ਦੀ ਸ਼ੁਰੂਆਤ ਜਥੇਬੰਦੀ ਦਾ ਝੰਡਾ ਲਹਿਰਾਉਣ ਨਾਲ ਕੀਤੀ ਗਈ, ਜਿਸ ਨੂੰ ਜ਼ਿਲ੍ਹਾ ਪ੍ਰਧਾਨ ਸਰਬਜੀਤ ਖੋਸਾ ਨੇ ਇਨਕਲਾਬੀ ਨਾਅਰਿਆਂ ਦੀ ਗੂੰਜ 'ਚ ਝੁਲਾਇਆ। ਕਾਨਫਰੰਸ ਦੀ ਪ੍ਰਧਾਨਗੀ ਸਰਬਜੀਤ ਕੌਰ ਖੋਸਾ, ਕਰਮਵੀਰ ਕੌਰ ਬੱਧਨੀ, ਕੁਲਵੰਤ ਕੌਰ, ਮਨਪ੍ਰੀਤ ਕੌਰ ਅਜੀਤਵਾਲ ਤੇ ਜਸਵਿੰਦਰ ਕੌਰ ਬੱਧਨੀ ਦੇ ਅਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ। ਸੂਬੇ ਵੱਲੋਂ ਨਿਗਰਾਨ ਦੇ ਤੌਰ 'ਤੇ ਪਹੁੰਚੇ ਸਟੇਟ ਮੀਤ ਪ੍ਰਧਾਨ ਰੁਪਿੰਦਰ ਕੌਰ ਮਾੜੀਮੇਘਾ ਤੇ ਸੀਮਾ ਸੋਹਲ ਕੇਂਦਰੀ ਕਮੇਟੀ ਮੈਂਬਰ ਐੱਨ. ਐੱਫ. ਡਬਲਯੂ. ਆਈ. ਨੇ ਕਿਹਾ ਕਿ ਔਰਤਾਂ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਜਥੇਬੰਦ ਹੋਣਾ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਵੱਖ ਵੱਖ ਖੇਤਰਾਂ ਵਿੱਚ ਔਰਤ ਨਾਲ ਹੁੰਦੀ ਬੇਇਨਸਾਫੀ, ਧੱਕੇਸ਼ਾਹੀ ਤੇ ਸ਼ੋਸ਼ਣ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਜਦੋਂ ਤੋਂ ਕੇਂਦਰ ਵਿੱਚ ਮੋਦੀ ਸਰਕਾਰ ਆਈ ਹੈ, ਔਰਤਾਂ ਨਾਲ ਹੋ ਰਹੀਆਂ ਵਧੀਕੀਆਂ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਇਸ ਸਮੇਂ ਔਰਤਾਂ ਸਭ ਤੋਂ ਵੱਧ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਹਨ। 'ਬੇਟੀ ਬਚਾਓ, ਬੇਟੀ ਪੜ੍ਹਾਓ' ਦਾ ਨਾਅਰਾ ਦੇਣ ਵਾਲੀ ਸਰਕਾਰ ਇਸ ਦੇ ਉਲਟ ਕੰਮ ਕਰ ਰਹੀ ਹੈ। ਇਸ ਲਈ ਕੇਂਦਰ ਦੀ ਭਾਜਪਾ ਸਰਕਾਰ ਨੂੰ ਚੱਲਦਾ ਕਰਨਾ ਸਮੇਂ ਦੀ ਮੁੱਖ ਲੋੜ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਇਸਤਰੀ ਸਭਾ ਆਪਣੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਔਰਤਾਂ ਦੇ ਹੱਕਾਂ ਤੇ ਬਰਾਬਰੀ ਲਈ ਸੰਘਰਸ਼ ਕਰ ਕਰ ਰਹੀ ਹੈ, ਜਿਸ ਦਾ ਸੰਘਰਸ਼ਾਂ ਤੇ ਪ੍ਰਾਪਤੀਆਂ ਦਾ ਮਾਣਮੱਤਾ ਇਤਿਹਾਸ ਹੈ। ਅੰਤ ਵਿੱਚ ਉਨ੍ਹਾਂ ਆਈਆਂ ਡੈਲੀਗੇਟ ਔਰਤਾਂ ਨੂੰ ਆਪਣੇ ਹੱਕਾਂ ਲਈ ਲਾਮਬੰਦ ਹੁੰਦਿਆਂ ਪੰਜਾਬ ਇਸਤਰੀ ਸਭਾ ਨੂੰ ਮਜ਼ਬੂਤ ਕਰਨ ਲਈ ਪ੍ਰੇਰਿਤ ਕੀਤਾ। ਇਸ ਸਮੇਂ ਵਨ ਸਟਾਪ ਸੈਂਟਰ ਮੋਗਾ ਦੇ ਇੰਚਾਰਜ ਐਡਵੋਕੇਟ ਦੀਪਿਕਾ ਕੌਸ਼ਲ ਨੇ ਵੀ ਔਰਤਾਂ ਨੂੰ ਜਿੱਥੇ ਆਪਣੇ ਹੱਕਾਂ ਬਾਰੇ ਲਾਮਬੰਦ ਹੋਣਾ ਦਾ ਸੱਦਾ ਦਿੱਤਾ, ਉਥੇ ਨਾਲ ਹੀ ਔਰਤਾਂ ਦੇ ਪੱਖ ਦੇ ਕਾਨੂੰਨਾਂ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਵਨ ਸਟਾਪ ਸੈਂਟਰ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਇਸ ਤੋਂ ਬਾਅਦ ਜ਼ਿਲ੍ਹਾ ਸਕੱਤਰ ਨਰਿੰਦਰ ਕੌਰ ਸੋਹਲ ਨੇ ਪਿਛਲੇ ਸਮੇਂ ਵਿੱਚ ਕੀਤੀਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ, ਜਿਸ ਨੂੰ ਡੈਲੀਗੇਟਾਂ ਵੱਲੋਂ ਕਰਵਾਏ ਵਾਧਿਆਂ ਸਮੇਤ ਸਰਵਸੰਮਤੀ ਨਾਲ ਪਾਸ ਕੀਤਾ ਗਿਆ। ਸੀ. ਪੀ. ਆਈ. ਦੇ ਜ਼ਿਲ੍ਹਾ ਸਕੱਤਰ ਕੁਲਦੀਪ ਭੋਲਾ ਤੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਏਟਕ) ਦੇ ਜਨਰਲ ਸਕੱਤਰ ਜਗਸੀਰ ਖੋਸਾ ਨੇ ਭਰਾਤਰੀ ਸੰਦੇਸ਼ ਦਿੰਦਿਆਂ ਪੰਜਾਬ ਇਸਤਰੀ ਸਭਾ ਨੂੰ ਹਰ ਕਿਸਮ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਤੋਂ ਬਾਅਦ ਮਨੀਸ਼ਾ ਮਹੇਸਰੀ ਨੇ ਬਨੇਗਾ (ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ) ਤੇ ਵੀਰਪਾਲ ਕੌਰ ਨੇ 'ਲੜਕੀਆਂ ਦੀ ਸਿੱਖਿਆ' ਅਤੇ ਰਾਜਦੀਪ ਕੌਰ ਦੀਨਾਂ ਨੇ 'ਮਨੀਪੁਰ ਵਿੱਚ ਹੋਏ ਤਸ਼ੱਦਦ ਬਾਰੇ' ਮਤੇ ਪੇਸ਼ ਕੀਤੇ ਗਏ, ਜਿਨ੍ਹਾਂ ਨੂੰ ਸਰਵਸੰਮਤੀ ਨਾਲ ਪਾਸ ਕੀਤਾ ਗਿਆ। ਅੰਤ ਵਿੱਚ ਪਿਛਲੀ ਜ਼ਿਲ੍ਹਾ ਕੌਂਸਲ ਨੂੰ ਭੰਗ ਕਰਕੇ ਨਵੀਂ 21 ਮੈਂਬਰੀ ਜ਼ਿਲ੍ਹਾ ਕੌਂਸਲ ਚੁਣੀ ਗਈ, ਜਿਸ ਵਿੱਚ ਸਰਵਸੰਮਤੀ ਨਾਲ ਸਰਬਜੀਤ ਕੌਰ ਖੋਸਾ ਪ੍ਰਧਾਨ, ਕਰਮਵੀਰ ਕੌਰ ਬੱਧਨੀ ਸਕੱਤਰ, ਗੁਰਚਰਨ ਕੌਰ ਮੋਗਾ, ਹਰਪ੍ਰੀਤ ਕੌਰ ਤਖਾਣਬੱਧ ਤੇ ਕੁਲਦੀਪ ਕੌਰ ਬੱਡੂਵਾਲ ਮੀਤ ਪ੍ਰਧਾਨ, ਮਨਪ੍ਰੀਤ ਕੌਰ ਅਜੀਤਵਾਲ, ਬਲਜੀਤ ਕੌਰ ਮੋਗਾ ਤੇ ਰਾਜਿੰਦਰ ਕੌਰ ਰਣਸੀਂਹ ਕਲਾਂ ਮੀਤ ਸਕੱਤਰ ਤੇ ਡਾਕਟਰ ਜਸਪ੍ਰੀਤ ਕੌਰ ਕੈਸ਼ੀਅਰ ਚੁਣੇ ਗਏ। ਇਸ ਤੋਂ ਇਲਾਵਾ 7-8 ਅਕਤੂਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋ ਰਹੀ ਸਟੇਟ ਕਾਨਫਰੰਸ ਲਈ ਡੈਲੀਗੇਟਾਂ ਦੀ ਚੋਣ ਕੀਤੀ ਗਈ। ਕਾਨਫਰੰਸ ਨੂੰ ਹੋਰਨਾਂ ਤੋਂ ਇਲਾਵਾ ਐਡਵੋਕੇਟ ਪਵਨਦੀਪ ਕੌਰ, ਜਸਪ੍ਰੀਤ ਕੌਰ ਬੱਧਨੀ, ਸਰਬਜੀਤ ਕੌਰ ਬੁੱਧ ਸਿੰਘ ਵਾਲਾ, ਦਵਿੰਦਰ ਕੌਰ ਢੁੱਡੀਕੇ, ਰਾਜਵਿੰਦਰ ਕੌਰ ਬਿਲਾਸਪੁਰ, ਅਨੀਤਾ ਮਹੇਸਰੀ, ਸੁਖਵਿੰਦਰ ਕੌਰ ਮੋਗਾ, ਨੌਜਵਾਨ ਆਗੂ ਗੁਰਦਿੱਤ ਦੀਨਾ, ਸੁੱਖਾ ਪੇਂਟਰ ਤੇ ਵਿਦਿਆਰਥੀ ਆਗੂ ਸਵਰਾਜ ਖੋਸਾ ਨੇ ਵੀ ਸੰਬੋਧਨ ਕੀਤਾ।

## ਵਿਜੀਲੈਂਸ ਵੱਲੋਂ ਐੱਸ ਐੱਚ ਓ ਰਿਸ਼ਵਤ ਲੈਂਦਾ ਕਾਬੂ

**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਪੰਜਾਬ ਸਰਕਾਰ ਦੀਆਂ ਭ੍ਰਿਸ਼ਟਾਚਾਰ ਖਿਲਾਫ ਸਖਤ ਹਦਾਇਤਾਂ ਤੇ ਵਿਜੀਲੈਂਸ ਬਿਊਰੋ ਪੰਜਾਬ ਦੇ ਮੁਖੀ ਸ੍ਰੀ ਵਰਿੰਦਰ ਕੁਮਾਰ ਅਤੇ ਐੱਸ ਐੱਸ ਪੀ ਵਿਜੀਲੈਂਸ ਬਿਊਰੋ ਫਿਰੋਜ਼ਪੁਰ ਗੁਰਮੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ 'ਤੇ ਐਕਸ਼ਨ ਲੈਂਦੇ ਹੋਏ ਡੀ ਐੱਸ ਪੀ ਰਾਜ ਕੁਮਾਰ ਸਾਮਾ ਤੇ ਇੰਸਪੈਕਟਰ ਮੋਹਿਤ ਧਵਨ ਦੀ ਟੀਮ ਨੇ ਮੁਦਈ ਸੁਖਵਿੰਦਰ ਸਿੰਘ ਵਾਸੀ ਨੂਰਪੁਰ ਹਕੀਮਾਂ, ਜ਼ਿਲ੍ਹਾ ਮੋਗਾ ਦੀ ਸ਼ਿਕਾਇਤ 'ਤੇ ਧਰਮਕੋਟ ਦੇ ਐੱਸ ਐੱਚ ਓ/ਇੰਸਪੈਕਟਰ ਗੁਰਵਿੰਦਰ ਸਿੰਘ ਭੁੱਲਰ ਨੂੰ ਥਾਣੇ ਵਿੱਚ ਹੀ 10,000 ਰੁਪਏ ਰਿਸ਼ਵਤ ਲੈਂਦੇ ਨੂੰ ਸਰਕਾਰੀ ਗਵਾਹਾਂ ਸੁਧੀਰ ਕੁਮਾਰ ਵਾਟਰ ਸਪਲਾਈ ਫਿਰੋਜ਼ਪੁਰ ਤੇ ਗੁਰਪ੍ਰੀਤ ਸੋਢੀ ਦੀ ਹਾਜ਼ਰੀ ਵਿੱਚ ਰੰਗੇ ਹੱਥੀਂ ਗ੍ਰਿਫਤਾਰ ਕੀਤਾ। ਮੁਦਈ ਨੇ ਦੱਸਿਆ ਕਿ ਉਸ ਦਾ ਘੋੜਾ/ਟਰਾਲਾ ਚੋਰੀ ਹੋ ਗਿਆ ਸੀ ਤੇ ਚੋਰਾਂ ਦੀ ਜਾਣਕਾਰੀ ਦੇਣ ਦੇ ਬਾਵਜੂਦ ਉਸ ਨੇ ਬਰਾਮਦ ਕਰਨ ਲਈ ਇੱਕ ਲੱਖ ਰੁਪਏ ਰਿਸ਼ਵਤ ਦੀ ਡਿਮਾਂਡ ਕੀਤੀ ਤੇ ਸੌਦਾ 80,000 ਰੁਪਏ 'ਚ ਤਹਿ ਹੋ ਗਿਆ, ਜਿਸ 'ਤੇ 50 ਹਜ਼ਾਰ ਪਹਿਲਾਂ ਦਿੱਤੇ ਫਿਰ 20 ਹਜ਼ਾਰ ਤੇ ਹੁਣ ਤੀਜੀ ਕਿਸ਼ਤ 10,000 ਰੁਪਏ ਦੇਣ ਸਮੇਂ ਵਿਜੀਲੈਂਸ ਫਿਰੋਜ਼ਪੁਰ ਨਾਲ ਸੰਪਰਕ ਕੀਤਾ, ਜਿਨ੍ਹਾਂ ਨੇ ਥਾਣਾ ਧਰਮਕੋਟ ਵਿੱਚ ਹੀ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ ਹੈ, ਜਿਸ ਖਿਲਾਫ ਭ੍ਰਿਸ਼ਟਾਚਾਰ ਰੋਕੂ ਐਕਟ 2018 ਤਹਿਤ ਥਾਣਾ ਵਿਜੀਲੈਂਸ ਬਿਊਰੋ ਰੇਂਜ ਫਿਰੋਜ਼ਪੁਰ ਵਿਖੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਧੋਖਾਧੜੀ ਦੇ ਮਾਮਲੇ 'ਚ ਇੱਕ ਨਾਮਜ਼ਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-12 ਲੱਖ ਰੁਪਏ ਦੀ ਧੋਖਾਧੜੀ ਦੇ ਇੱਕ ਕਥਿਤ ਮਾਮਲੇ 'ਚ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਖੰਨਾ ਦੇ ਇੱਕ ਵਿਅਕਤੀ ਵਿਰੁੱਧ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸੁਰਿੰਦਰ ਸਿੰਘ ਵਾਸੀ ਸਰਹਿੰਦ ਨੇ ਸੀਨੀਅਰ ਪੁਲਸ ਅਧਿਕਾਰੀਆਂ ਨੂੰ ਦਿੱਤੀ ਦਰਖਾਸਤ 'ਚ ਗੁਹਾਰ ਲਗਾਈ ਸੀ ਕਿ ਉਸ ਨਾਲ 12 ਲੱਖ ਰੁਪਏ ਦੀ ਠੱਗੀ ਮਾਰੀ ਗਈ ਹੈ। ਸ਼ਿਕਾਇਤ ਦੀ ਪੜਤਾਲ ਸੀ.ਆਈ.ਏ. ਸਟਾਫ ਸਰਹਿੰਦ ਦੇ ਇੰਚਾਰਜ ਵੱਲੋਂ ਕੀਤੀ ਗਈ, ਜਿਨ੍ਹਾਂ ਦੀ ਪੜਤਾਲੀਆ ਰਿਪੋਰਟ ਤੇ ਡੀ.ਏ.(ਲੀਗਲ) ਵੱਲੋਂ ਮਾਮਲੇ ਸਬੰਧੀ ਦਿੱਤੀ ਗਈ ਕਾਨੂੰਨੀ ਰਾਏ ਦੇ ਮੱਦੇਨਜ਼ਰ ਸੀਨੀਅਰ ਪੁਲਸ ਅਧਿਕਾਰੀਆਂ ਵੱਲੋਂ ਮਾਮਲੇ 'ਚ ਕਰਨ ਕਪੂਰ ਵਿਰੁੱਧ ਮੁਕੱਦਮਾ ਦਰਜ ਕਰਨ ਦੇ ਦਿੱਤੇ ਗਏ ਹੁਕਮਾਂ 'ਤੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਕਰਨ ਕਪੂਰ ਵਾਸੀ ਖੰਨਾ (ਲੁਧਿਆਣਾ) ਵਿਰੁੱਧ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

# ਮਜ਼ਦੂਰਾਂ ਦੇ ਕੰਮ ਦੇ ਘੰਟੇ 8 ਤੋਂ 12 ਕਰਨ ਵਿਰੁੱਧ ਮੁੱਖ ਮੰਤਰੀ ਦਾ ਪੁਤਲਾ ਫੂਕਿਆ



**ਧੂਰੀ (ਸੁਖਦੇਵ ਧੂਰੀ)**-ਬੀਤੀ ਰਾਤ ਪਿੰਡ ਬੇਨੜਾ ਵਿਖੇ ਕੇਂਦਰ ਸਰਕਾਰ ਦੇ ਨਕਸ਼ੇ ਕਦਮਾਂ ਉਪਰ ਚੱਲਦਿਆਂ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਮਜ਼ਦੂਰਾਂ ਦੇ ਕੰਮ ਦੇ ਘੰਟਿਆਂ ਨੂੰ 8 ਤੋਂ 12 ਕਰਨ ਦੇ ਮੱਧਯੁਗੀ ਫਰਮਾਨ ਖਿਲਾਫ਼ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਤੇ ਦਲਿਤ ਤੇ ਮਜ਼ਦੂਰ ਮੁਕਤੀ ਮੋਰਚਾ ਦੀ ਅਗਵਾਈ ਹੇਠ ਪਿੰਡ ਵਿੱਚ ਰੋਸ ਮਾਰਚ ਕੀਤਾ ਗਿਆ ਅਤੇ ਸੀ ਐੱਮ ਭਗਵੰਤ ਮਾਨ ਦਾ ਪੁਤਲਾ ਫੂਕਿਆ ਗਿਆ। ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਧਰਮਪਾਲ ਸਿੰਘ, ਬਲਜੀਤ ਨਮੋਲ ਤੇ ਦਲਿਤ ਅਤੇ ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾ ਕੋ-ਕਨਵੀਨਰ ਬਹਾਲ ਸਿੰਘ ਬੇਨੜਾ ਨੇ ਕਿਹਾ ਕਿ ਲੌਕਡਾਊਨ ਦੌਰਾਨ ਕੇਂਦਰ ਦੀ ਭਾਜਪਾ ਮੋਦੀ ਸਰਕਾਰ ਮਜ਼ਦੂਰਾਂ ਦੇ ਹੱਕ ਵਿੱਚ ਬਣੇ 44 ਕਿਰਤ ਕਾਨੂੰਨਾਂ ਨੂੰ ਵੱਢ ਟੁੱਕ ਕੇ ਚਾਰ ਕਾਨੂੰਨਾਂ ਵਿੱਚ ਬਦਲ ਦਿੱਤਾ ਸੀ, ਇਸ ਚਾਰ ਕਾਨੂੰਨਾਂ ਦੇ ਸੈਕਸ਼ਨ ਮਜ਼ਦੂਰਾਂ ਨੂੰ ਕਾਰਪੋਰੇਟ ਸਰਮਾਏਦਾਰਾਂ ਅੱਗੇ ਗੁਲਾਮ ਬਣਾਉਂਦੇ ਹਨ। ਆਗੂਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨੇ ਕੇਂਦਰ ਸਰਕਾਰ ਦੀ ਮਜ਼ਦੂਰ ਵਿਰੋਧੀ ਨੀਤੀ ਲਾਗੂ ਕਰਦਿਆਂ ਮਜ਼ਦੂਰ ਦੇ ਕੰਮ ਦੇ ਘੰਟਿਆਂ ਨੂੰ 8 ਤੋਂ 12 ਘੰਟੇ ਕਰ ਦਿੱਤਾ ਹੈ। ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਮਾਲਕ ਮਜ਼ਦੂਰ ਤੋਂ 13 ਘੰਟੇ ਕੰਮ ਲੈ ਸਕਦਾ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਦਾ ਇਹ ਫੈਸਲਾ ਅੰਤਰਰਾਸ਼ਟਰੀ ਮਜ਼ਦੂਰ ਕਨੂੰਨਾਂ ਦੀ ਉਲੰਘਣਾ ਹੈ। ਇਹ ਫੈਸਲਾ ਮਜ਼ਦੂਰਾਂ ਨੂੰ 18ਵੀਂ ਸਦੀ ਦੇ ਮੱਧਯੁੱਧ ਵਿੱਚ ਲੈ ਜਾਣ ਵਾਲਾ, ਜਦੋਂ ਮਜ਼ਦੂਰਾਂ ਤੋਂ ਗੁਲਾਮਾਂ ਵਾਂਗ ਕੰਮ ਕਰਵਾਇਆ ਜਾਂਦਾ ਸੀ। ਪੰਜਾਬ ਸਰਕਾਰ ਵੱਲੋਂ ਕੀਤਾ ਇਹ ਨੋਟੀਫਿਕੇਸ਼ਨ ਸਰਕਾਰ ਵੱਲੋਂ ਦਫ਼ਤਰਾਂ ਵਿੱਚ ਡਾ. ਅੰਬੇਡਕਰ ਤੇ ਸ਼ਹੀਦ ਭਗਤ ਸਿੰਘ ਦੀ ਫੋਟੋ ਲਗਾਉਣ ਦੇ ਢਕਵੰਜ ਦੀ ਪੋਲ ਖੋਲ੍ਹਦਾ ਹੈ। ਆਗੂਆਂ ਕਿਹਾ ਕਿ ਜਿਨ੍ਹਾਂ ਵਿਦੇਸ਼ੀ ਕੰਪਨੀਆਂ ਤੋਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਲੱਖਾਂ ਲੋਕਾਂ ਕੁਰਬਾਨੀਆਂ ਕੀਤੀਆਂ, ਪੰਜਾਬ ਸਰਕਾਰ ਉਨ੍ਹਾਂ ਕੰਪਨੀਆਂ ਤੇ ਦੇਸ਼ੀ ਸਰਮਾਏਦਾਰਾਂ ਦੇ ਮੋਟੇ ਮੁਨਾਫ਼ਿਆਂ ਲਈ ਕਰੋੜਾਂ ਮਜ਼ਦੂਰਾਂ ਦਾ ਜਿਉਣ ਦਾ ਹੱਕ ਖੋਹ ਰਹੀ ਹੈ। ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਹ ਨੋਟੀਫਿਕੇਸ਼ਨ ਵਾਪਸ ਨਾ ਲਿਆ ਤਾਂ ਸਰਕਾਰ ਖਿਲਾਫ਼ ਜ਼ੋਰਦਾਰ ਅੰਦੋਲਨ ਕੀਤਾ ਜਾਵੇਗਾ। ਹੋਰਾਂ ਤੋਂ ਇਲਾਵਾ ਅਮਰਜੀਤ ਸਿੰਘ, ਗੁਰਵਿੰਦਰ ਸਿੰਘ, ਹਰਦੀਪ ਸਿੰਘ, ਗਿੰਦਰ ਸਿੰਘ ਸ਼ਾਮਲ ਸਨ।

## ਕਾਤਰਾਂ

### ਲੁੱਟਾਂ-ਖੋਹਾਂ ਕਰਨ ਦੇ ਦੋਸ਼ 'ਚ 5 ਨਾਮਜ਼ਦ, ਇੱਕ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਰਾਹਗੀਰਾਂ ਨੂੰ ਘੇਰ ਕੇ ਲੁੱਟਾਂ-ਖੋਹਾਂ ਕਰਨ ਦੇ ਮਾਮਲੇ 'ਚ ਥਾਣਾ ਸਰਹਿੰਦ ਦੀ ਪੁਲਸ ਵੱਲੋਂ 5 ਵਿਅਕਤੀਆਂ ਨੂੰ ਨਾਮਜ਼ਦ ਕਰਦੇ ਹੋਏ ਇਨ੍ਹਾਂ ਦੇ ਇੱਕ ਸਾਥੀ ਨੂੰ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਹਰਬੰਸਪੁਰਾ ਟੀ-ਪੁਆਇੰਟ ਨਜ਼ਦੀਕ ਰਾਤ ਨੂੰ ਸਮੇਤ ਪੁਲਸ ਪਾਰਟੀ ਗਸ਼ਤ ਕਰ ਰਹੇ ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਨੂੰ ਮੁਖਬਰੀ ਮਿਲੀ ਸੀ ਕਿ ਲਵਿਸ਼, ਕਾਲੀ, ਪ੍ਰਿੰਸ, ਵਤਨਵੀਰ ਤੇ ਰਕੇਸ਼ ਨਸ਼ਾ ਕਰਕੇ ਰੋਡ ਤੋਂ ਲੰਘਣ ਵਾਲੇ ਵਾਹਨ ਚਾਲਕਾਂ ਨੂੰ ਘੇਰ ਕੇ ਉਨ੍ਹਾਂ ਤੋਂ ਨਕਦੀ ਤੇ ਹੋਰ ਕੀਮਤੀ ਸਾਮਾਨ ਖੋਹਣ ਦੇ ਆਦੀ ਹਨ ਤੇ ਜਿਨ੍ਹਾਂ ਦੇ ਕੁਝ ਵਿਅਕਤੀ ਇਸ ਸਮੇਂ ਭਾਖੜਾ ਨਹਿਰ ਦੇ ਪੁਲ ਹੇਠਾਂ ਮੌਜੂਦ ਹਨ। ਥਾਣਾ ਸਰਹਿੰਦ ਵਿਖੇ ਲਵਿਸ਼ ਵਾਸੀ ਭਾਦਸੋਂ, ਕਾਲੀ ਵਾਸੀ ਨਾਭਾ, ਪ੍ਰਿੰਸ ਵਾਸੀ ਨਾਭਾ, ਵਤਨਵੀਰ ਸਿੰਘ ਵਾਸੀ ਪਿੰਡ ਸਿੱਧਵਾਂ ਤੇ ਰਕੇਸ਼ ਕੁਮਾਰ ਵਾਸੀ ਦਗੜੌਲੀ ਜ਼ਿਲ੍ਹਾ ਸਹਾਰਨਪੁਰ (ਯੂ.ਪੀ.) ਵਿਰੁੱਧ ਮਾਮਲਾ ਦਰਜ ਕਰਵਾਉਣ ਉਪਰੰਤ ਛਾਪੇਮਾਰੀ ਕਰਦਿਆਂ ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਉਕਤ ਗਰੋਹ ਦੇ ਇੱਕ ਮੈਂਬਰ ਪ੍ਰਿੰਸ ਨੂੰ ਗ੍ਰਿਫਤਾਰ ਕਰ ਲਿਆ ਗਿਆ, ਜਿਸ ਕੋਲੋਂ ਪੁੱਛਗਿੱਛ ਜਾਰੀ ਹੈ ਤੇ ਮਾਮਲੇ 'ਚ ਜਲਦ ਹੀ ਹੋਰ ਵੀ ਗ੍ਰਿਫਤਾਰੀਆਂ ਹੋਣ ਦੀ ਸੰਭਾਵਨਾ ਹੈ।

### ਸਿੱਖਿਆਰਥੀਆਂ ਨੂੰ ਸਰਟੀਫਿਕੇਟ ਵੰਡੇ

**ਬਰਨਾਲਾ (ਰਾਜਿੰਦਰ ਬਰਾੜ)**-ਐੱਸ ਬੀ ਆਈ ਆਰਸੇਟੀ 'ਚ ਸੈਲਫ ਹੈਲਪ ਗਰੁੱਪ ਦੇ ਮੈਂਬਰਾਂ ਦੀ ਐੱਫ ਐੱਲ ਸੀ ਆਰ ਪੀ ਦੀ ਟ੍ਰੇਨਿੰਗ ਖਤਮ ਹੋਈ। ਇਸ ਵਿੱਚ ਬੈਂਕਾਂ ਦੀਆਂ ਸਕੀਮਾਂ ਦੀ ਜਾਣਕਾਰੀ ਦਿੱਤੀ ਗਈ। ਐੱਸ ਬੀ ਆਈ ਲੀਡ ਬੈਂਕ ਦੇ ਸਤੀਸ਼ ਕੁਮਾਰ ਸਿੰਗਲਾ ਵੱਲੋਂ 6 ਦਿਨਾਂ ਦੀ ਟ੍ਰੇਨਿੰਗ ਦੌਰਾਨ ਬੈਂਕਾਂ ਦੀਆਂ ਸਕੀਮਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ। ਐੱਸ ਬੀ ਆਈ ਆਰਸੇਟੀ ਦੇ ਕੋਰਸ ਕੋਆਰਡੀਨੇਟਰ ਗੁਰਅੰਮ੍ਰਿਤਪਾਲ ਕੌਰ ਤੇ ਡਾਇਰੈਕਟਰ ਵਿਸ਼ਵਜੀਤ ਮੁਖਰਜੀ ਨੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੰਡੇ।

### ਸਰਹਿੰਦ ਦੇ ਵੱਖ-ਵੱਖ ਇਲਾਕਿਆਂ 'ਚ ਬਿਜਲੀ ਬੰਦ ਰਹੇਗੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-7, 9 ਤੇ 10 ਅਕਤੂਬਰ ਨੂੰ ਸਰਹਿੰਦ ਦੇ ਵੱਖ-ਵੱਖ ਇਲਾਕਿਆਂ 'ਚ ਬਿਜਲੀ ਬੰਦ ਰਹੇਗੀ। ਸਹਾਇਕ ਇੰਜੀਨੀਅਰ ਸ਼ਹਿਰੀ ਉੱਪ ਮੰਡਲ ਪੀ.ਐੱਸ.ਪੀ.ਸੀ.ਐੱਲ. ਸਰਹਿੰਦ ਦੇ ਦਫਤਰ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਿਕ 7 ਅਕਤੂਬਰ ਨੂੰ ਸਰਹਿੰਦ ਦੇ ਸਿਟੀ-1 ਫੀਡਰ ਤੇ ਅਨਾਜ ਮੰਡੀ ਫੀਡਰ ਤੋਂ ਜੀ.ਟੀ. ਰੋਡ ਬਾੜਾ, ਰੇਲਵੇ ਰੋਡ, ਭੱਟੀ ਰੋਡ, ਅਮਨ ਕਲੋਨੀ, ਬੈਂਕ ਕਲੋਨੀ, ਗੋਲਡਨ ਸਿਟੀ, ਆਦਰਸ਼ ਨਗਰ, ਸੋਢੀ ਕਲੋਨੀ, ਸਰਾਭਾ ਨਗਰ, ਦਸਮੇਸ਼ ਨਗਰ ਤੇ ਸ਼ੇਖੂਪੁਰਾ ਆਦਿ ਇਲਾਕਿਆਂ ਨੂੰ ਜਾਂਦੀ ਬਿਜਲੀ ਸਪਲਾਈ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ। ਮਿਤੀ 9 ਅਕਤੂਬਰ ਨੂੰ ਸਰਹਿੰਦ ਸਿਟੀ-2 ਫੀਡਰ ਤੋਂ ਅਮਨ ਇਨਕਲੇਵ, ਬ੍ਰਾਹਮਣ ਮਾਜਰਾ, ਹਰਲਾਲਪੁਰਾ ਮੁਹੱਲਾ, ਪ੍ਰੋਫੈਸਰ ਕਲੋਨੀ, ਸਮਸ਼ੇਰ ਨਗਰ, ਐੱਸ. ਐੱਸ. ਸਿਟੀ, ਪੰਪ ਨਗਰ, ਪਟੇਲ ਨਗਰ, ਨਵੀਂ ਆਬਾਦੀ, ਸਰਹਿੰਦ ਮੰਡੀ ਤੇ ਰੋਪੜ ਬੱਸ ਸਟੈਂਡ ਆਦਿ ਇਲਾਕਿਆਂ ਨੂੰ ਜਾਂਦੀ ਬਿਜਲੀ ਸਪਲਾਈ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ। ਮਿਤੀ 10 ਅਕਤੂਬਰ ਨੂੰ ਸਰਹਿੰਦ ਸਿਟੀ-3 ਫੀਡਰ ਤੋਂ ਜੀ.ਟੀ. ਰੋਡ, ਚਾਵਲਾ ਚੌਕ, ਢਿੱਲੋਂ ਕਲੋਨੀ, ਮਾਸਟਰ ਕਲੋਨੀ, ਬਾਈਪਾਸ ਰੋਡ, ਬ੍ਰਾਹਮਣ ਮਾਜਰਾ, ਨਿਊ ਫਲਾਈਓਵਰ, ਪ੍ਰੋਫੈਸਰ ਕਲੋਨੀ, ਪੋਸਟ ਆਫਿਸ ਰੋਡ, ਐੱਸ.ਬੀ.ਆਈ. ਬੈਂਕ ਤੇ ਸਰਹਿੰਦ ਮੰਡੀ ਆਦਿ ਇਲਾਕਿਆਂ ਨੂੰ ਜਾਂਦੀ ਬਿਜਲੀ ਸਪਲਾਈ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਬੰਦ ਰਹੇਗੀ।

# ਸਿਟੀਜ਼ਨ ਐਕਸ਼ਨ ਫਰੰਟ ਵੱਲੋਂ ਪੱਤਰਕਾਰਾਂ ਦੀ ਗ੍ਰਿਫ਼ਤਾਰੀ ਵਿਰੁੱਧ ਰੋਸ ਪ੍ਰਦਰਸ਼ਨ

## ਆਰ ਐੱਸ ਐੱਸ-ਭਾਜਪਾ ਖਿਲਾਫ ਲਾਮਬੰਦੀ ਦਾ ਸੱਦਾ




**ਲੁਧਿਆਣਾ (ਐੱਮ ਐੱਸ ਭਾਟੀਆ)**
ਦਿੱਲੀ ਵਿਖੇ ਨਿਊਜ਼ ਕਲਿੱਕ ਪੋਰਟਲ ਨਾਲ ਜੁੜੇ ਪੱਤਰਕਾਰਾਂ ਦੀ ਵੱਡੀ ਗਿਣਤੀ ਵਿੱਚ ਗ੍ਰਿਫਤਾਰੀ ਕਰਕੇ ਉਨ੍ਹਾਂ ਦੇ ਲੈਪਟਾਪ, ਮੋਬਾਈਲ ਤੇ ਹੋਰ ਉਪਕਰਨ ਕਬਜ਼ੇ ਵਿੱਚ ਲੈਣ ਅਤੇ ਉਨ੍ਹਾਂ 'ਤੇ ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂਏਪੀਏ) ਲਗਾਉਣਾ, ਲੋਕਾਂ ਦੀ ਆਵਾਜ਼ ਨੂੰ ਦਬਾਉਣ ਦੀ ਇੱਕ ਵੱਡੀ ਸਾਜ਼ਿਸ਼ ਹੈ। ਇਹ ਵਿਚਾਰ ਸਿਟੀਜਨ ਐਕਸ਼ਨ ਫਰੰਟ ਲੁਧਿਆਣਾ ਵੱਲੋਂ ਇਨ੍ਹਾਂ ਗ੍ਰਿਫਤਾਰੀਆਂ ਦੇ ਵਿਰੋਧ ਵਿੱਚ ਇਥੇ ਆਰਤੀ ਚੌਕ ਫਿਰੋਜ਼ਪੁਰ ਰੋਡ ਵਿਖੇ ਰੋਸ ਪ੍ਰਦਰਸ਼ਨ ਵਿੱਚ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ ਬਹੁਤੇ ਕਿਸਾਨ ਮੋਰਚੇ ਵੱਲੋਂ ਤਿਨ ਖੇਤੀਬਾੜੀ ਦੇ ਕਾਲੇ ਕਾਨੂੰਨਾਂ ਦੇ ਵਿਰੋਧ ਬਾਰੇ ਤੇ ਸ਼ਾਹੀਨ ਬਾਗ ਵਿੱਚ ਨਾਗਰਿਕ ਸੋਧ ਬਿੱਲ ਕੀਤੇ ਗਏ ਵਿਰੋਧ ਦੀ ਰਿਪੋਰਟ ਕਰਨ ਲਈ ਸਵਾਲ ਖੜੇ ਕਰ ਰਹੇ ਸਨ। ਇਸ ਦੀ ਹਰ ਪਾਸਿਓਂ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਬੇਰੋਜ਼ਗਾਰੀ ਤੇ ਮਹਿਗਾਈ ਵਰਗੀਆਂ ਲੋਕਾਂ ਦੀਆਂ ਸਮੱਸਿਆਵਾਂ, ਜੋ ਆਰ ਐੱਸ ਐੱਸ ਦੀ ਸਰਪ੍ਰਸਤੀ ਵਾਲੀ ਭਾਜਪਾ ਸਰਕਾਰ ਹੱਲ ਕਰਨ ਵਿੱਚ ਅਸਫਲ ਰਹਿਣ ਤੋਂ ਬਾਅਦ, ਉਹ ਹੁਣ ਬੋਲਣ ਦੀ ਆਜ਼ਾਦੀ ਰਾਹੀਂ ਲੋਕਾਂ ਦੇ ਮੁੱਦਿਆਂ ਨੂੰ ਉਠਾਉਣ ਲਈ ਕਿਸੇ ਵੀ ਤਰ੍ਹਾਂ ਦੀ ਆਵਾਜ਼ ਨੂੰ ਰੋਕ ਰਹੇ ਹਨ।

ਇਹ ਭਾਜਪਾ ਦੇ ਮਨਾਂ ਵਿੱਚ ਅਗਲੀਆਂ ਚੋਣਾਂ ਹਾਰਨ ਦੇ ਡਰ ਦੀ ਮਾਨਸਿਕਤਾ ਦਾ ਸਪੱਸ਼ਟ ਪ੍ਰਤੀਬਿੰਬ ਹੈ। ਇਹੀ ਕਾਰਨ ਹੈ ਕਿ ਉਹ ਲਗਾਤਾਰ ਸਮਾਜ ਦਾ ਫਿਰਕੂਕਰਨ ਕਰ ਰਹੇ ਹਨ ਤੇ ਨਫਰਤ ਭਰੇ ਭਾਸ਼ਣਾਂ ਰਾਹੀਂ ਫਿਰਕੂ ਜ਼ਹਿਰ ਫੈਲਾਉਣ ਵਾਲਿਆਂ ਦੀ ਸੁਰੱਖਿਆ ਕਰ ਰਹੇ ਹਨ। ਬੁਲਾਰਿਆਂ ਨੇ ਕਿਹਾ ਕਿ ਧਰਮ ਨਿਰਪੱਖ, ਜਮਹੂਰੀ ਤੇ ਸਮਾਜਵਾਦੀ ਭਾਰਤ ਦੇ ਵਿਚਾਰ ਨੂੰ ਬਚਾਉਣ ਲਈ ਸਾਰਿਆਂ ਨੂੰ ਇਕੱਠੇ ਹੋ ਕੇ ਲੜਨਾ ਪਵੇਗਾ।

ਇਸ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਪ੍ਰੋਫੈਸਰ ਜਗਮੋਹਨ ਸਿੰਘ, ਡਾਕਟਰ ਅਰੁਣ ਮਿਤਰਾ, ਐੱਮ ਐੱਸ ਭਾਟੀਆ, ਪ੍ਰੋਫੈਸਰ ਜੈਪਾਲ ਸਿੰਘ, ਡਾਕਟਰ ਗੁਰਵਿੰਦਰ ਸਿੰਘ, ਪ੍ਰੋ. ਸੁਰਿੰਦਰ ਕੌਰ ਗਿੱਲ, ਪ੍ਰੋ ਏ. ਕੇ. ਮਲੇਰੀ, ਜਸਵੰਤ ਸਿੰਘ ਜੀਰਖ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਡ. ਹਰਬੰਸ ਸਿੰਘ, ਅਵਤਾਰ ਛਿੱਬੜ, ਵਿਜੇ ਕੁਮਾਰ, ਬਲਬੀਰ ਮਾਨ, ਮਲਕੀਤ ਮਾਲੜਾ ਆਦਿ ਹਾਜ਼ਰ ਸਨ।

# ਵਿਦਿਆਰਥੀਆਂ ਦੀਆਂ ਮੰਗਾਂ ਦੇ ਹੱਲ ਹੋਣ ਤੱਕ ਸਮੱਰਥਨ ਜਾਰੀ ਰੱਖਾਂਗੇ : ਰਾਜੂ ਖੰਨਾ, ਲਖਵੀਰ ਖਾਲਸਾ

## ਐੱਸ ਡੀ ਐੱਮ ਵੱਲੋਂ ਵਿਦਿਆਰਥੀਆਂ ਦੀਆਂ ਮੰਗਾਂ ਜਲਦ ਹੱਲ ਕਰਨ ਦਾ ਭਰੋਸਾ



ਦੇਸ਼ ਭਗਤ ਯੂਨੀਵਰਸਿਟੀ ਅੱਗੇ ਵਿਦਿਆਰਥੀ ਹੱਕਾਂ ਲਈ ਕੀਤੇ ਰੋਡ ਜਾਮ ਸਮੇਂ ਪ੍ਰਸ਼ਾਸਨਕ ਅਧਿਕਾਰੀਆਂ ਨਾਲ ਗੱਲਬਾਤ ਕਰਦੇ ਹੋਏ ਮੋਰਚੇ ਦੇ ਆਗੂ ਗੁਰਪ੍ਰੀਤ ਸਿੰਘ ਰਾਜੂ ਖੰਨਾ, ਲਖਵੀਰ ਸਿੰਘ ਖਾਲਸਾ ਤੇ ਹੋਰ ਆਗੂ।

**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**
ਪਿਛਲੇ ਦਿਨੀਂ ਦੇਸ਼ ਭਗਤ ਯੂਨੀਵਰਸਿਟੀ ਅਮਲੋਹ ਵੱਲੋਂ ਨਰਸਿੰਗ ਵਿਦਿਆਰਥੀਆਂ ਦੇ ਦਾਖਲਿਆਂ ਨੂੰ ਲੈ ਕੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਹੱਕ ਦਿਵਾਉਣ ਲਈ ਵਿਦਿਆਰਥੀ ਇਨਸਾਫ ਸਾਂਝਾ ਮੋਰਚੇ ਵੱਲੋਂ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਤੇ ਸ਼੍ਰੋਮਣੀ ਅਕਾਲੀ ਦਲ ਫਤਿਹ ਦੇ ਆਗੂ ਜਥੇਦਾਰ ਲਖਵੀਰ ਸਿੰਘ ਖਾਲਸਾ ਸੌਂਟੀ ਦੀ ਅਗਵਾਈ ਵਿੱਚ ਵੱਖ ਵੱਖ ਕਿਸਾਨ ਜਥੇਬੰਦੀਆਂ, ਸਮਾਜ ਸੇਵੀ ਸੰਸਥਾਵਾਂ ਤੇ ਵਿਦਿਆਰਥੀ ਜਥੇਬੰਦੀਆਂ ਵੱਲੋਂ ਯੂਨੀਵਰਸਿਟੀ ਗੇਟ ਅੱਗੇ ਧਰਨਾ ਲਗਾਇਆ ਗਿਆ ਸੀ, ਜਿਸ ਤਹਿਤ ਪ੍ਰਸ਼ਾਸਨਕ ਅਧਿਕਾਰੀਆਂ ਤੇ ਹਲਕਾ ਵਿਧਾਇਕ ਵੱਲੋਂ ਪੰਜਾਬ ਸਰਕਾਰ ਦੇ ਇੱਕ ਪੱਤਰ ਰਾਹੀਂ ਭਰੋਸਾ ਦਿੰਦੇ ਹੋਏ ਇਹ ਧਰਨਾ 5 ਅਕਤੂਬਰ ਤੱਕ ਅੱਗੇ ਕਰ ਦਿੱਤਾ ਗਿਆ ਸੀ, ਪਰ ਹੁਣ ਵਿਦਿਆਰਥੀਆਂ ਦੀਆਂ ਮੰਗਾਂ ਸਰਕਾਰ, ਪ੍ਰਸ਼ਾਸਨ ਤੇ ਹਲਕਾ ਵਿਧਾਇਕ ਵੱਲੋਂ ਦਿੱਤੇ ਸਮੇਂ ਤੇ ਪੂਰੀਆਂ ਨਾ ਹੋਣ ਕਾਰਨ ਨਰਸਿੰਗ ਵਿਦਿਆਰਥੀਆਂ ਵੱਲੋਂ ਰੋਡ ਜਾਮ ਕੀਤੇ ਧਰਨਾ ਦਿੱਤਾ ਜਾ ਰਿਹਾ ਸੀ। ਅੱਜ ਸਰਕਾਰ ਦੀ ਵਾਅਦਾ ਖਿਲਾਫੀ ਨੂੰ ਦੇਖਦੇ ਹੋਏ ਵਿਦਿਆਰਥੀ ਇਨਸਾਫ ਸਾਂਝਾ ਮੋਰਚੇ ਦੇ ਪ੍ਰਮੁੱਖ ਆਗੂ ਗੁਰਪ੍ਰੀਤ ਸਿੰਘ ਰਾਜੂ ਖੰਨਾ, ਜਥੇਦਾਰ ਲਖਵੀਰ ਸਿੰਘ ਖਾਲਸਾ ਸੌਂਟੀ ਤੋਂ ਇਲਾਵਾ ਵੱਡੀ ਗਿਣਤੀ 'ਚ ਵੱਖ ਵੱਖ ਜਥੇਬੰਦੀਆਂ ਦੇ ਆਗੂ ਤੇ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਵੱਡੀ ਗਿਣਤੀ 'ਚ ਵਿਦਿਆਰਥੀਆਂ ਨੂੰ ਇਨਸਾਫ ਦਿਵਾਉਣ ਲਈ ਧਰਨੇ ਵਿੱਚ ਪੁੱਜੇ। ਇਸ ਮੌਕੇ ਰੋਡ ਜਾਮ ਖੁੱਲ੍ਹਵਾਉਣ ਲਈ ਐੱਸ ਡੀ ਐੱਮ ਅਮਲੋਹ ਗੁਰਵਿੰਦਰ ਸਿੰਘ ਜੌਹਲ, ਡੀ ਐੱਸ ਪੀ ਹਰਪਿੰਦਰ ਕੌਰ ਗਿੱਲ, ਡੀ ਐੱਸ ਪੀ (ਪੀ ਵੀ ਆਈ) ਗੁਰਬੰਸ ਸਿੰਘ ਬੈਂਸ, ਤਹਿਸੀਲਦਾਰ ਮੈਡਮ ਦਿਵਿਆ ਸਿੰਗਲਾ ਅਮਲੋਹ, ਨਾਇਬ ਤਹਿਸੀਲਦਾਰ ਹਰਨੇਕ ਸਿੰਘ ਮੰਡੀ ਗੋਬਿੰਦਗੜ੍ਹ, ਰਣਦੀਪ ਕੁਮਾਰ ਸ਼ਰਮਾ ਐੱਸ ਐੱਚ ਓ ਅਮਲੋਹ, ਵਿਨੋਦ ਕੁਮਾਰ ਸਬ ਇੰਸਪੈਕਟਰ ਰੀਡਰ ਐੱਸ ਐੱਸ ਪੀ, ਸਬ ਇੰਸਪੈਕਟਰ ਮੈਡਮ ਸਿਮਰਨਜੀਤ ਕੌਰ ਸਹੋਤਾ ਵਿਸ਼ੇਸ਼ ਤੌਰ 'ਤੇ ਪੁੱਜੇ, ਜਿਨ੍ਹਾਂ ਵੱਲੋਂ ਮੋਰਚੇ ਦੇ ਪ੍ਰਮੁੱਖ ਆਗੂ ਗੁਰਪ੍ਰੀਤ ਸਿੰਘ ਰਾਜੂ ਖੰਨਾ, ਜਥੇਦਾਰ ਲਖਵੀਰ ਸਿੰਘ ਖਾਲਸਾ, ਪੀੜਤ ਵਿਦਿਆਰਥਣਾਂ ਤੇ ਹੋਰਨਾਂ ਆਗੂਆਂ ਨਾਲ ਗੱਲਬਾਤ ਕਰਕੇ ਮੰਗਾਂ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ। ਜਾਮ ਖੋਲਣ ਉਪਰੰਤ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਗੁਰਪ੍ਰੀਤ ਸਿੰਘ ਰਾਜੂ ਖੰਨਾ ਤੇ ਜਥੇਦਾਰ ਲਖਵੀਰ ਸਿੰਘ ਖਾਲਸਾ ਨੇ ਕਿਹਾ ਕਿ ਜੇਕਰ ਸਰਕਾਰ ਤੇ ਪ੍ਰਸ਼ਾਸਨ ਵੱਲੋਂ 23 ਅਕਤੂਬਰ ਤੱਕ ਵਿਦਿਆਰਥੀਆਂ ਨੂੰ ਇਨਸਾਫ ਨਾ ਦਿੱਤਾ ਗਿਆ ਤਾਂ ਵਿਦਿਆਰਥੀ ਇਨਸਾਫ ਸਾਂਝਾ ਮੋਰਚੇ ਵੱਲੋਂ ਸਮੁੱਚੀਆਂ ਕਿਸਾਨ ਯੂਨੀਅਨਾਂ, ਵੱਖ ਵੱਖ ਵਿਦਿਆਰਥੀ ਜਥੇਬੰਦੀਆਂ, ਸਮਾਜ ਸੇਵੀ ਸੰਸਥਾਵਾਂ ਤੇ ਵੱਖ ਵੱਖ ਰਾਜਨੀਤਕ ਪਾਰਟੀਆਂ ਨੂੰ ਨਾਲ ਲੈ ਕੇ ਵਿਦਿਆਰਥੀਆਂ ਦੇ ਹੱਕਾਂ ਲਈ ਦੇਸ ਭਗਤ ਯੂਨੀਵਰਸਿਟੀ, ਸਰਕਾਰ ਤੇ ਪ੍ਰਸ਼ਾਸਨ ਖਿਲਾਫ ਵੱਡਾ ਸੰਘਰਸ਼ ਵਿੱਢਿਆ ਜਾਵੇਗਾ।

ਇਸ ਸਬੰਧੀ ਗੱਲਬਾਤ ਕਰਦਿਆਂ ਐੱਸ ਡੀ ਐੱਮ ਗੁਰਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਵਿਦਿਆਰਥੀਆਂ ਦੀਆਂ ਮੰਗਾਂ ਸਰਕਾਰ ਦੇ ਧਿਆਨ 'ਚ ਲਿਆ ਕੇ ਜਲਦ ਤੋਂ ਜਲਦ ਹੱਲ ਕਰ ਦਿੱਤੀਆਂ ਜਾਣਗੀਆਂ। ਇਸ ਮੌਕੇ ਤੇ ਭਾਈ ਰਵਿੰਦਰ ਸਿੰਘ ਖਾਲਸਾ ਮੈਂਬਰ ਸ਼੍ਰੋਮਣੀ ਕਮੇਟੀ, ਜਥੇਦਾਰ ਹਰਬੰਸ ਸਿੰਘ ਬਡਾਲੀ, ਜਥੇਦਾਰ ਕੁਲਦੀਪ ਸਿੰਘ ਮਛਰਾਈ, ਜਥੇਦਾਰ ਕਰਮਜੀਤ ਸਿੰਘ ਭਗੜਾਣਾ, ਜਥੇਦਾਰ ਕੁਲਦੀਪ ਸਿੰਘ ਮੁੱਢੜੀਆਂ, ਯੂਥ ਆਗੂ ਕੰਵਲਜੀਤ ਸਿੰਘ ਗਿੱਲ, ਮਲਕੀਤ ਸਿੰਘ ਅੰਬੇਮਾਜਰਾ, ਜਥੇਦਾਰ ਪਰਮਜੀਤ ਸਿੰਘ ਖਨਿਆਣ, ਕੈਪਟਨ ਜਸਵੰਤ ਸਿੰਘ ਬਾਜਵਾ, ਸ਼ਹਿਰੀ ਪ੍ਰਧਾਨ ਰਾਕੇਸ਼ ਕੁਮਾਰ ਸਾਹੀ, ਜੁਝਾਰ ਸਿੰਘ ਮਛਰਾਏ, ਗਿਆਨ ਸਿੰਘ ਬੈਣਾ, ਸੋਨੂੰ ਰੇਤਾ ਤੋਂ ਇਲਾਵਾ ਵੱਡੀ ਗਿਣਤੀ 'ਚ ਵਿਦਿਆਰਥੀ ਤੇ ਵੱਖ ਵੱਖ ਜਥੇਬੰਦੀਆਂ ਦੇ ਆਗੂ ਮੌਜੂਦ ਸਨ।

# ਗੁਰਵਿੰਦਰ ਸਿੰਘ ਬਣੇ ਐੱਲ ਸੀ ਡੀ ਆਈ ਏ ਦੇ ਪ੍ਰਧਾਨ



**ਲੁਧਿਆਣਾ (ਪੱਤਰ ਪ੍ਰੇਰਕ)**-ਡਿਜ਼ਾਈਨ ਅਤੇ ਉਸਾਰੀ ਉਦਯੋਗ ਨਾਲ ਸਬੰਧਤ ਮੁੱਖ ਸੰਸਥਾ ਐਲ.ਸੀ.ਡੀ.ਆਈ.ਏ ਦੀ ਵਿਸ਼ੇਸ਼ ਮੀਟਿੰਗ ਚੇਅਰਮੈਨ ਮਨੋਜ ਜੱਗੀ ਦੀ ਅਗਵਾਈ ਹੇਠ ਹੋਈ। ਇਸ ਮੌਕੇ ਗੁਰਵਿੰਦਰ ਸਿੰਘ ਨੂੰ ਸਰਬਸੰਮਤੀ ਨਾਲ ਸੰਸਥਾ ਦਾ ਪ੍ਰਧਾਨ ਚੁਣਿਆ ਗਿਆ ਤੇ ਵਧਾਈ ਦਿੱਤੀ।

ਗੁਰਵਿੰਦਰ ਸਿੰਘ ਨੇ ਆਪਣੇ ਸਾਥੀ ਮੀਤ ਪ੍ਰਧਾਨ ਬਲਜਿੰਦਰ ਸਿੰਘ ਅਤੇ ਸਾਬਕਾ ਪ੍ਰਧਾਨ ਸੰਜੀਵ ਵਰਮਾ ਦੀ ਮੌਜੂਦਗੀ ਵਿੱਚ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਸੰਸਥਾ ਵਿੱਚ ਕਰੀਬ 200 ਮੈਂਬਰਾਂ ਹਿੱਸਾ ਲਿਆ, ਜੋ ਸਿਵਲ ਇੰਜੀਨੀਅਰ, ਡੀ ਆਰਕੀਟੈਕਟ ਅਤੇ ਇੰਟੀਰੀਅਰ ਡਿਜ਼ਾਈਨਰ ਹਨ ਅਤੇ ਉਹ ਸਾਰੇ ਸਰਕਾਰੀ ਸੰਸਥਾ ਜਿਵੇਂ ਗਲਾਡਾ, ਮਿਊਂਸਪਲ ਕਾਰਪੋਰੇਸ਼ਨ ਅਤੇ ਇੰਪਰੂਵਮੈਂਟ ਟਰੱਸਟ ਤੋਂ ਰਜਿਸਟਰਡ ਹਨ, ਜੋ ਕਿ ਪਿਛਲੇ ਕਈ ਸਾਲਾਂ ਤੋਂ ਸ਼ਹਿਰ ਨੂੰ ਆਪਣੀਆਂ ਸੇਵਾਵਾਂ ਦੇ ਰਹੇ ਹਨ ਅਤੇ ਅੱਗੇ ਤੋਂ ਵੀ ਜਿਵੇਂ ਹੀ ਲੁਧਿਆਣਾ ਸਮਾਰਟ ਸਿਟੀ ਬਣਨ ਜਾ ਰਿਹਾ ਹੈ, ਇਸ ਸੰਸਥਾ ਦੇ ਮੈਂਬਰ ਪਹਿਲਾਂ ਦੀ ਤਰ੍ਹਾਂ ਸ਼ਹਿਰ ਵਾਸੀਆਂ ਨੂੰ ਬਿਹਤਰ ਸੇਵਾਵਾਂ ਦੇਣ ਲਈ ਵਚਨਬੱਧ ਹਨ। ਗੁਰਵਿੰਦਰ ਸਿੰਘ ਪ੍ਰਧਾਨ ਵੱਲੋਂ ਆਏ ਅਹੁਦੇਦਾਰ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

# ਪੰਜਾਬ ਸਟੂਡੈਂਟਸ ਯੂਨੀਅਨ ਨੇ ਗੋਲੀ ਕਾਂਡ ਦੀ 51ਵੀਂ ਵਰ੍ਹੇਗੰਢ ਮਨਾਈ

## ਮੋਦੀ ਸਰਕਾਰ ਵੱਲੋਂ ਪੱਤਰਕਾਰਾਂ ਦੀ ਜ਼ੁਬਾਨਬੰਦੀ ਕਰਨ ਖਿਲਾਫ ਉੱਠੀ ਜ਼ੋਰਦਾਰ ਆਵਾਜ਼

## ਰੀਗਲ ਸਿਨੇਮਾ ਨੂੰ ਵਿਰਾਸਤੀ ਇਮਾਰਤ ਦਾ ਦਰਜਾ ਦੇਣ ਦੀ ਮੰਗ



**ਮੋਗਾ (ਅਮਰਜੀਤ ਬੱਬਰੀ)**
ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ 1972 ਵਿੱਚ ਵਾਪਰੇ ਮੋਗਾ ਰੀਗਲ ਸਿਨੇਮਾ ਗੋਲੀ ਕਾਂਡ ਦੀ 51ਵੀਂ ਵਰ੍ਹੇਗੰਢ ਦੀ ਸ਼ੁਰੂਆਤ ਪੀਐੱਸਯੂ ਦੇ ਸੂਬਾ ਪ੍ਰਧਾਨ ਰਣਵੀਰ ਰੰਧਾਵਾ ਨੇ ਰੀਗਲ ਸਿਨੇਮਾ ਵਿਖੇ ਝੰਡਾ ਝੁਲਾ ਕੇ ਕੀਤੀ ਤੇ ਸੂਬਾ ਕਮੇਟੀ ਵੱਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਸਮੇਂ ਰੀਗਲ ਸਿਨੇਮਾ, ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੇ ਗੁਪਤ ਟਿਕਾਣੇ ਨੂੰ ਵਿਰਾਸਤੀ ਇਮਾਰਤ ਦਾ ਦਰਜਾ ਦੇਣ ਦੀ ਜ਼ੋਰਦਾਰ ਮੰਗ ਕੀਤੀ।

ਇਸ ਮੌਕੇ ਮੌਕੇ ਪੀਐੱਸਯੂ ਦੇ ਸੂਬਾ ਪ੍ਰਧਾਨ ਰਣਵੀਰ ਸਿੰਘ ਨੇ ਕਿਹਾ ਕਿ 5 ਅਕਤੂਬਰ 1971 ਨੂੰ ਰੀਗਲ ਸਿਨੇਮਾ ਮਾਲਕਾਂ ਦੀ ਗੁੰਡਾਗਰਦੀ ਦੇ ਖਿਲਾਫ ਮੋਗੇ ਦੀ ਧਰਤੀ 'ਤੇ ਖੂਨ ਡੋਲ੍ਹ ਕੇ ਸ਼ਹਾਦਤਾਂ ਦੇਣ ਤੋਂ ਬਾਅਦ ਉੱਠੀ ਵਿਦਿਆਰਥੀ ਲਹਿਰ ਨੇ ਸਮੁੱਚੇ ਪੰਜਾਬ ਦੇ ਪੁਲਸ ਤਸ਼ੱਦਦ ਦਾ ਸ਼ਿਕਾਰ ਲੋਕਾਂ ਨੂੰ ਲੜਣ ਦਾ ਰਾਹ ਦਿਖਾਇਆ ਸੀ। ਗੋਲੀ ਕਾਂਡ ਤੋਂ ਬਾਅਦ ਜ਼ੁਲਮ ਦਾ ਮੂੰਹ ਮੋੜਿਆ ਗਿਆ। ਪੀਐੱਸਯੂ ਨੇ ਉਸ ਦਿਨ ਤੋਂ ਬਾਅਦ ਸਿਨੇਮਾ ਚੱਲਣ ਨਹੀਂ ਦਿੱਤਾ। ਇਹ ਵਿਦਿਆਰਥੀ ਘੋਲ ਦੀ ਸ਼ਾਨਾਮੱਤੀ ਯਾਦਗਾਰ ਰੁਲ ਰਹੀ ਹੈ। ਭਗਵੰਤ ਮਾਨ ਦੀ ਸਰਕਾਰ ਸ਼ਹੀਦਾਂ ਦੇ ਨਾਮ 'ਤੇ ਵੋਟਾਂ ਮੰਗ ਸੱਤਾ 'ਚ ਆਈ, ਪਰ ਸ਼ਹੀਦਾਂ ਦੀਆਂ ਵਿਰਾਸਤਾਂ ਨੂੰ ਬਚਾਉਣ 'ਚ ਪੂਰੀ ਗੈਰ ਗੰਭੀਰ ਰੋਲ ਅਦਾ ਕਰ ਰਹੀ ਹੈ। ਰੀਗਲ ਸਿਨੇਮਾਂ ਦੀ ਕਰੋੜਾਂ ਦੀ ਇਸ ਜਗ੍ਹਾ 'ਤੇ ਐਮ ਐਲ ਏ ਤੇ ਭੂ ਮਾਫੀਆ ਦੀ ਹਮੇਸ਼ਾ ਅੱਖ ਰਹਿੰਦੀ ਹੈ, ਤਾਂ ਕਿਸੇ ਤਰੀਕੇ ਇਸ 'ਤੇ ਕਬਜ਼ਾ ਕੀਤਾ ਜਾ ਸਕੇ, ਪਰ ਵਿਦਿਆਰਥੀ ਇਸ ਨੂੰ ਹਰਗਿਜ ਬਰਦਾਸ਼ਤ ਨਹੀਂ ਕਰਨਗੇ।

ਦੂਸਰੇ ਪਾਸੇ ਕੇਂਦਰ ਦੀ ਮੋਦੀ ਸਰਕਾਰ ਲੋਕਤੰਤਰ ਦੇ ਚੌਥੇ ਥੰਮ੍ਹ ਮੰਨੇ ਜਾਂਦੇ ਪੱਤਰਕਾਰਾਂ ਦੀ ਲਗਾਤਾਰ ਜ਼ੁਬਾਨਬੰਦੀ ਕਰਨ, ਦਿੱਲੀ ਪੁਲਸ ਵੱਲੋਂ ਨਿਊਜ਼ ਕਲਿੱਕ ਦੇ 30 ਪੱਤਰਕਾਰਾਂ ਦੇ ਘਰਾਂ ਵਿੱਚ ਛਾਪੇਮਾਰੀ ਉਨ੍ਹਾਂ ਦੇ ਲੈਪਟਾਪ, ਹਾਰਡ ਡਿਸਕ ਤੇ ਮੋਬਾਇਲ ਫੋਨਾਂ ਸਮੇਤ ਸਾਰਾ ਸਾਮਾਨ ਜ਼ਬਤ ਕਰਕੇ ਆਪਣੀ ਫਾਸ਼ੀਵਾਦੀ ਸੋਚ ਥੋਪ ਰਹੀ ਹੈ। ਆਗੂਆਂ ਨੇ ਮੰਗ ਕੀਤੀ ਨਵੀਂ ਸਿੱਖਿਆ ਨੀਤੀ ਲਾਗੂ ਕਰਕੇ ਸਿੱਖਿਆ ਦਾ ਭਗਵਾਂਕਰਨ ਕਰਨਾ ਬੰਦ ਕੀਤਾ ਜਾਵੇ ਤੇ ਨਵੀਂ ਸਿੱਖਿਆ ਨੀਤੀ ਰੱਦ ਕੀਤੀ ਜਾਵੇ। ਇਸ ਮੌਕੇ ਪੀਐੱਸਯੂ ਦੇ ਸੂਬਾ ਆਗੂ ਮੰਗਲਜੀਤ ਪੰਡੋਰੀ, ਜਨਰਲ ਸਕੱਤਰ ਅਮਨਦੀਪ ਸਿੰਘ ਖਿਓਵਾਲੀ, ਧੀਰਜ ਕੁਮਾਰ, ਅਮਰ ਕ੍ਰਾਂਤੀ, ਬਲਜੀਤ ਸਿੰਘ ਧਰਮਕੋਟ, ਰਵੀ, ਨੌਜਵਾਨ ਭਾਰਤ ਸਭਾ ਦੇ ਆਗੂ ਕਰਮਜੀਤ ਮਾਣੂੰਕੇ ਨੇ ਸੰਬੋਧਨ ਕੀਤਾ।

# ਨੈਸ਼ਨਲ ਪਬਲਿਕ ਸਕੂਲ ਦੇ ਇਸ਼ਾਤ ਨੇ ਬਾਕਸਿੰਗ 'ਚ ਗੋਲਡ ਮੈਡਲ ਜਿੱਤਿਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਨੈਸ਼ਨਲ ਪਬਲਿਕ ਸਕੂਲ ਵਿੱਚ ਸੱਤਵੀਂ ਕਲਾਸ ਦੇ ਹੋਣਹਾਰ ਵਿਦਿਆਰਥੀ 'ਇਸ਼ਾਤ' ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਖੇਡਾਂ ਵਿੱਚ ਬੌਕਸਿੰਗ ਵਿੱਚ ਅੰਡਰ-14 'ਚ 38-40 ਕਿੱਲੋ ਕੈਟਾਗਿਰੀ ਮੁਕਾਬਲਿਆਂ 'ਚੋਂ ਵਧੀਆ ਪ੍ਰਦਰਸ਼ਨ ਕਰਦੇ ਹੋਏ ਗੋਲਡ ਮੈਡਲ ਜਿੱਤ ਕੇ ਆਪਣੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਸਕੂਲ ਦੇ ਚੇਅਰਪਰਸ਼ਨ ਮੈਡਮ ਕੁਲਦੀਪ ਕੌਰ ਸੰਧੂ ਨੇ ਖਿਡਾਰੀ ਤੇ ਉਸ ਦੇ ਮਾਤਾ-ਪਿਤਾ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਸਕੂਲ 'ਚ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਖੇਡਾਂ ਵੱਲ ਵੀ ਬਹੁਤ ਉਤਸ਼ਾਹਤ ਕੀਤਾ ਜਾਂਦਾ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਰਾਜੇਸ਼ਵਰ ਪ੍ਰਸਾਦ ਤੇ ਸਮੂਹ ਸਟਾਫ ਨੇ ਇਸ ਹੋਣਹਾਰ ਵਿਦਿਆਰਥੀ ਨੂੰ ਵਧਾਈ ਦਿੰਦੇ ਹੋਏ ਇਸ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

## 5 ਲੋੜਵੰਦਾਂ ਨੂੰ ਵੰਡੀਆਂ ਵ੍ਹੀਲਚੇਅਰਾਂ



**ਬਰਨਾਲਾ (ਰਾਜਿੰਦਰ ਬਰਾੜ)**
ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਬਰਨਾਲਾ ਨੇ ਸਟੇਟ ਬੈਂਕ ਆਫ ਇੰਡੀਆ ਦੇ ਸਹਿਯੋਗ ਨਾਲ 5 ਲੋੜਵੰਦ ਵਿਅਕਤੀਆਂ ਨੂੰ ਵ੍ਹੀਲ ਚੇਅਰਾਂ ਵੰਡੀਆਂ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਬਰਨਾਲਾ ਸ਼੍ਰੀਮਤੀ ਪੂਨਮਦੀਪ ਕੌਰ ਨੇ ਸਟੇਟ ਬੈਂਕ ਆਫ ਇੰਡੀਆ ਵੱਲੋਂ ਸੀ. ਐੱਸ. ਆਰ. ਫ਼ੰਡਾਂ ਤਹਿਤ ਕੀਤੇ ਜਾ ਰਹੇ ਵ੍ਹੀਲ ਚੇਅਰ ਵੰਡ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਦਿੱਤੀ।

ਉਨ੍ਹਾਂ ਕਿਹਾ ਕਿ ਸਟੇਟ ਬੈਂਕ ਆਫ ਇੰਡੀਆ ਵੱਲੋਂ ਕੁੱਲ 20 ਵ੍ਹੀਲ ਚੇਅਰਾਂ ਰੈੱਡ ਕਰਾਸ ਨੂੰ ਦਿੱਤੀਆਂ ਗਾਈਆਂ ਹਨ, ਜਿਨ੍ਹਾਂ ਵਿੱਚੋਂ 5 ਅੱਜ ਤਕਸੀਮ ਕਰ ਦਿੱਤੀਆਂ ਗਈਆਂ ਹਨ। ਇਸ ਮੌਕੇ ਸਟੇਟ ਬੈਂਕ ਆਫ ਇੰਡੀਆ ਦੇ ਰੀਜਨਲ ਬ੍ਰਾਂਚ ਦਫਤਰ ਤੋਂ ਮੈਡਮ ਅਨੁਰਾਧਾ, ਐੱਲ. ਡੀ. ਐੱਮ. ਅੰਬੁਜ ਕੁਮਾਰ, ਸਕੱਤਰ ਰੈੱਡ ਕਰਾਸ ਸੁਸਾਇਟੀ ਸਰਵਣ ਸਿੰਘ, ਬ੍ਰਾਂਚ ਮੈਨੇਜਰ ਬਿਕਰਮਜੀਤ ਸਿੰਘ ਤੇ ਹੋਰ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਾਂ ਬਣਨ ਦੀ ਪ੍ਰਕਿਰਿਆ ਸਾਡੇ ਯਤਨਾਂ ਦਾ ਨਤੀਜਾ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਬੀਤੇ 12 ਸਾਲਾਂ ਤੋਂ ਸਿੱਖ ਕੌਮ ਨਾਲ ਸੰਬੰਧਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਸ ਨੂੰ ਸਿੱਖ ਪਾਰਲੀਮੈਂਟ ਵੀ ਕਿਹਾ ਜਾਂਦਾ ਹੈ, ਉਸਦੀਆਂ ਜਮਹੂਰੀਅਤ ਪੱਖੀ ਜਨਰਲ ਚੋਣਾਂ ਹੁਕਮਰਾਨ ਨਹੀਂ ਕਰਾ ਰਹੇ ਸਨ, ਲੇਕਿਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਆਪਣੀ ਕੌਮੀ, ਸਮਾਜਿਕ, ਧਾਰਮਿਕ ਤੇ ਇਨਸਾਨੀਅਤ ਜ਼ਿੰਮੇਵਾਰੀ ਨੂੰ ਸਮਝਦਾ ਹੋਇਆ ਲੰਮੇ ਸਮੇਂ ਤੋਂ ਇਨ੍ਹਾਂ ਚੋਣਾਂ ਨੂੰ ਕਰਾਉਣ ਲਈ ਨਿਰੰਤਰ ਦ੍ਰਿੜਤਾ ਨਾਲ ਆਵਾਜ਼ ਵੀ ਉਠਾਉਂਦਾ ਆ ਰਿਹਾ ਹੈ ਤੇ ਇਸ ਵਿਸ਼ੇ ਉਤੇ ਸੈਂਟਰ ਤੇ ਪੰਜਾਬ ਦੀਆਂ ਸਰਕਾਰਾਂ ਵਿਰੁੱਧ ਰੋਸ ਧਰਨੇ ਤੇ ਹੋਰ ਜਮਹੂਰੀਅਤ ਪ੍ਰਕਿਰਿਆ ਵੀ ਪੂਰਨ ਕਰਦਾ ਆ ਰਿਹਾ ਸੀ, ਜਦੋਂਕਿ ਅਕਾਲੀ ਦਲ ਬਾਦਲ ਜਾਂ ਹੋਰ ਸੰਗਠਨਾਂ ਵੱਲੋਂ ਇਸ ਵਿਸ਼ੇ 'ਤੇ ਕਦੀ ਵੀ ਕੋਈ ਨਾ ਤਾਂ ਅਮਲ ਕੀਤਾ ਗਿਆ ਅਤੇ ਨਾ ਹੀ ਸਾਡੇ ਇਸ ਕੌਮੀ ਮਿਸ਼ਨ ਵਿੱਚ ਕਿਸੇ ਤਰ੍ਹਾਂ ਦਾ ਸਾਥ ਦਿੱਤਾ ਗਿਆ। ਇਹ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਹੀ ਜਥੇਬੰਦੀ ਦੀ ਪ੍ਰਾਪਤੀ ਹੈ ਕਿ ਐਸ.ਜੀ.ਪੀ.ਸੀ ਦੀਆਂ ਚੋਣਾਂ ਕਰਾਉਣ ਲਈ ਅਤੇ ਸਿੱਖ ਕੌਮ ਦੀ ਜਮਹੂਰੀਅਤ ਨੂੰ ਬਹਾਲ ਕਰਾਉਣ ਲਈ ਕੀਤੇ ਜਾਂਦੇ ਆ ਰਹੇ ਪਾਰਟੀ ਪ੍ਰੋਗਰਾਮਾਂ ਦੀ ਬਦੌਲਤ ਸੈਂਟਰ, ਪੰਜਾਬ ਸਰਕਾਰ ਤੇ ਗੁਰਦੁਆਰਾ ਚੋਣ ਕਮਿਸ਼ਨ ਨੂੰ ਚੋਣਾਂ ਕਰਾਉਣ ਦੀ ਪ੍ਰਕਿਰਿਆ ਸ਼ੁਰੂ ਕਰਨੀ ਪਈ। ਇਸ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੇ ਸਿੱਖ ਕੌਮ ਜੋ ਹਮੇਸ਼ਾ ਪਾਰਟੀ ਨੂੰ ਹਰ ਉੱਦਮ ਵਿੱਚ ਸਾਥ ਦਿੰਦੀ ਹੈ, ਉਨ੍ਹਾਂ ਸਭਨਾਂ ਦਾ ਅਸੀਂ ਜਿਥੇ ਧੰਨਵਾਦੀ ਹਾਂ, ਉਥੇ ਜਸਟਿਸ ਐਸ.ਐਸ. ਸਾਰੋ ਮੁੱਖ ਚੋਣ ਕਮਿਸ਼ਨਰ ਗੁਰਦੁਆਰਾ ਚੋਣਾਂ ਦੇ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੀਆਂ ਅਣਥੱਕ ਤੇ ਦਲੀਲਪੂਰਵਕ ਕੋਸ਼ਿਸ਼ਾਂ ਤੇ ਕਾਰਵਾਈਆਂ ਸਦਕਾ ਇਹ ਚੋਣਾਂ ਕਰਾਉਣ ਦੇ ਅਮਲ ਨੂੰ ਦੋਵਾਂ ਸਰਕਾਰਾਂ 'ਤੇ ਜ਼ੋਰ ਪਾ ਕੇ ਚੋਣਾਂ ਕਰਾਉਣ ਲਈ ਮਜਬੂਰ ਕੀਤਾ।

ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਐਮ.ਪੀ ਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪਾਰਟੀ ਵੱਲੋਂ ਲੰਮੇ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਨਰਲ ਚੋਣਾਂ ਕਰਾਉਣ ਲਈ ਕੀਤੀਆਂ ਜਾਂਦੀਆਂ ਆ ਰਹੀਆਂ ਪ੍ਰਭਾਵਸ਼ਾਲੀ ਕਾਰਵਾਈਆਂ 'ਤੇ ਦੋਵਾਂ ਸਰਕਾਰਾਂ ਉਤੇ ਦਬਾਅ ਪਾਉਣ ਦੇ ਅਮਲਾਂ ਦੀ ਗੱਲ ਕਰਦੇ ਹੋਏ ਮੁੱਖ ਚੋਣ ਕਮਿਸ਼ਨਰ ਗੁਰਦੁਆਰਾ ਜਸਟਿਸ ਐਸ.ਐਸ. ਸਾਰੋ ਦੀ ਸੰਜੀਦਗੀ ਲਈ ਧੰਨਵਾਦ ਕਰਦੇ ਹੋਏ ਪ੍ਰਗਟ ਕੀਤੇ। ਹੁਣ ਜਦੋਂ 21 ਅਕਤੂਬਰ ਤੋਂ ਇਹ ਚੋਣ ਪ੍ਰਕਿਰਿਆ ਵੋਟਾਂ ਬਣਨ ਦਾ ਅਮਲ ਸ਼ੁਰੂ ਹੋ ਰਿਹਾ ਹੈ, ਤਾਂ ਹਰ ਸਿੱਖ ਦਾ ਇਹ ਕੌਮੀ ਤੇ ਧਰਮੀ ਫ਼ਰਜ਼ ਬਣ ਜਾਂਦਾ ਹੈ, ਭਾਵੇਂ ਉਹ ਮਰਦ ਹੋਵੇ ਜਾਂ ਔਰਤ ਉਹ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਸੰਬੰਧਤ ਵੋਟ ਬਣਾਉਣ ਵਾਲਾ ਫਾਰਮ ਭਰਕੇ ਆਪੋ ਆਪਣੀ ਵੋਟ ਬਣਾਉਣ ਅਤੇ ਆਪਣਾ ਵੋਟਰ ਕਾਰਡ ਰਜਿਸਟਰਡ ਕਰਵਾਉਣ ਦੇ ਕੌਮੀ ਫ਼ਰਜ਼ ਅਦਾ ਕਰਨ ਤਾਂ ਜੁ ਪੰਥ ਦਾ ਦਰਦ ਰੱਖਣ ਵਾਲੇ ਸਭ ਸਿੱਖ ਐਸ.ਜੀ.ਪੀ.ਸੀ ਦੇ ਪ੍ਰਬੰਧ ਵਿਚ ਆਈਆਂ ਵੱਡੀਆਂ ਕਮੀਆਂ, ਗਿਰਾਵਟਾਂ ਦੇ ਅਮਲਾਂ ਨੂੰ ਖਤਮ ਕਰਕੇ ਹੋਣ ਵਾਲੀਆਂ ਚੋਣਾਂ ਰਾਹੀਂ ਅੱਛੇ ਗੁਰਸਿੱਖਾਂ ਦੀ ਚੋਣ ਕਰਕੇ ਇਸਦੇ ਪ੍ਰਬੰਧ ਨੂੰ ਪਾਰਦਰਸ਼ੀ ਢੰਗ ਨਾਲ ਚਲਾਉਣ ਵਿੱਚ ਸਹਿਯੋਗ ਕਰਨ ਤਾਂ ਜੁ ਕੌਮਾਂਤਰੀ ਪੱਧਰ ਤੇ ਸਾਡੀ ਇਹ ਸਿੱਖ ਪਾਰਲੀਮੈਂਟ ਗੁਰੂਘਰਾਂ ਦੇ ਸੁਚਾਰੂ ਪ੍ਰਬੰਧ ਦੇ ਨਾਲ ਨਾਲ ਸਿੱਖ ਕੌਮ ਦੀ ਆਵਾਜ਼ ਨੂੰ ਵੀ ਬੁਲੰਦ ਕਰਨ ਅਤੇ ਬੇਇਨਸਾਫੀਆਂ ਨੂੰ ਦੂਰ ਕਰਨ ਵਿਚ ਆਪਣੀ ਜ਼ਿੰਮੇਵਾਰੀ ਪੂਰਨ ਕਰ ਸਕੇ।

# ਗੁਲਾਬੀ ਸੁੰਡੀ ਤੇ ਬਾਰਸ਼ ਨੇ ਨਰਮਾ ਕਾਸ਼ਤਕਾਰਾਂ ਦੀ ਇਸ ਵਾਰ ਦੀਵਾਲੀ ਕੀਤੀ ਫਿੱਕੀ

## ਗੁਲਾਬੀ ਸੁੰਡੀ ਦੇ ਚੱਲਦਿਆਂ ਖੜਾ ਨਰਮਾ ਪੁੱਟਣ ਲਈ ਮਜਬੂਰ ਕਿਸਾਨ



**ਮਲੋਟ (ਗੁਰਮੀਤ ਸਿੰਘ ਮੱਕੜ)**
ਪਿਛਲੇ ਸਮੇਂ ਤੋਂ ਨਰਮੇ ਦੀ ਫਸਲ 'ਤੇ ਗੁਲਾਬੀ ਸੁੰਡੀ ਦੇ ਹਮਲੇ ਕਾਰਨ ਕਿਸਾਨਾਂ ਨੇ ਨਰਮੇ ਦੀ ਫਸਲ ਤੋਂ ਮੁੱਖ ਮੋੜ ਲਿਆ ਸੀ। ਇਸ ਵਾਰ ਪੰਜਾਬ ਸਰਕਾਰ ਤੇ ਖੇਤੀਬਾੜੀ ਵਿਭਾਗ ਵੱਲੋਂ ਧਰਤੀ ਹੇਠਲੇ ਪਾਣੀ ਦੀ ਬੱਚਤ ਨੂੰ ਦੇਖਦੇ ਹੋਏ ਕਿਸਾਨਾਂ ਨੂੰ ਨਰਮੇ ਦੀ ਫਸਲ ਬੀਜਣ ਲਈ ਪ੍ਰੇਰਿਤ ਕੀਤਾ ਸੀ। ਕਿਸਾਨਾਂ ਦੀ ਇਸ ਵਾਰ ਨਰਮੇ ਦੀ ਫਸਲ ਕਾਫੀ ਵਧੀਆ ਸੀ ਤੇ ਕਿਸਾਨਾਂ ਨੂੰ ਚੰਗੀ ਫਸਲ ਹੋਣ ਦੀ ਉਮੀਦ ਸੀ, ਪ੍ਰੰਤੂ ਸਤੰਬਰ ਮਹੀਨੇ ਵਿੱਚ ਕਈ ਦਿਨ ਰੁਕ ਰੁਕ ਹੋਈ ਬਾਰਸ਼ ਤੇ ਤੇਜ਼ ਹਵਾਵਾਂ ਨੇ ਨਰਮੇ ਨੂੰ ਕਾਫੀ ਨੁਕਸਾਨ ਪਹੁੰਚਾਇਆ, ਜਿਸ ਵਿੱਚ ਜ਼ਿਆਦਾਤਰ ਹਲਕਾ ਮਲੋਟ ਤੇ ਲੰਬੀ ਦੇ ਕਈ ਪਿੰਡ ਪ੍ਰਭਾਵਿਤ ਹੋਏ ਸਨ। ਹੁਣ ਨਰਮੇ ਦੀ ਫਸਲ ਲੈਣ ਦਾ ਸਮਾਂ ਸੀ, ਪ੍ਰੰਤੂ ਨਰਮੇ ਦਾ ਝਾੜ ਘੱਟ ਨਿਕਲਣ ਕਰਕੇ ਕਿਸਾਨਾਂ ਦੇ ਚਿਹਰਿਆਂ 'ਤੇ ਮਾਯੂਸੀ ਦੇਖਣ ਨੂੰ ਮਿਲੀ। ਹਲਕਾ ਲੰਬੀ ਦੇ ਪਿੰਡ ਕੱਖਾਂਵਾਲੀ ਦੇ ਕਿਸਾਨਾਂ ਨੇ ਦੁਖੀ ਮਨ ਨਾਲ ਦੱਸਿਆ ਕਿ ਉਨ੍ਹਾਂ ਨੂੰ ਇਸ ਵਾਰ ਨਰਮੇ ਦੀ ਫਸਲ ਚੰਗੀ ਹੋਣ ਦੀ ਉਮੀਦ ਸੀ। ਉਨ੍ਹਾਂ ਕਿਹਾ ਕਿ ਮਹਿੰਗੇ ਭਾਅ ਦੀ ਸਮੇਂ-ਸਮੇਂ ਸਿਰ ਸਪਰੇਅ ਕਰਕੇ ਹਜ਼ਾਰਾਂ ਰੁਪਏ ਖਰਚ ਕੀਤਾ, ਪ੍ਰੰਤੂ ਜਦੋਂ ਅੱਜ ਪ੍ਰਤੀ ਏਕੜ 50 ਕਿੱਲੋ ਦੇ ਕਰੀਬ ਫਸਲ ਨਿਕਲ ਰਹੀ ਹੈ ਅਤੇ ਨਰਮਾ ਇੰਨਾ ਖਰਾਬ ਹੋ ਗਿਆ ਹੈ ਕਿ ਚੋਣੀਆਂ ਨਰਮਾ ਚੁਗਣ ਨੂੰ ਤਿਆਰ ਨਹੀਂ, ਇਸ ਲਈ ਉਨ੍ਹਾਂ ਨੂੰ ਨਰਮਾ ਖੜਾ ਹੀ ਪੁੱਟਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਫਸਲ ਦਾ ਪਹਿਲਾਂ ਵੀ ਨੁਕਸਾਨ ਹੋਇਆ, ਜਿਸ ਦਾ ਅਜੇ ਤੱਕ ਕੋਈ ਮੁਆਵਜ਼ਾ ਨਹੀਂ ਮਿਲਿਆ। ਇਸੇ ਤਰ੍ਹਾਂ ਹੋਰਨਾਂ ਪਿੰਡਾਂ ਸਮੇਤ ਹਲਕਾ ਮਲੋਟ ਦੇ ਪਿੰਡ ਤਮਕੋਟ, ਡੱਬਵਾਲੀ ਢਾਬ ਪਿੰਡਾਂ ਦਾ ਵੀ ਇਹੋ ਹੀ ਹਾਲ ਹੈ। ਪੀੜਤ ਕਿਸਾਨਾਂ ਨੇ ਇਸ ਵਾਰ ਨਰਮੇ ਦੀ ਫਸਲ ਦੇ ਹੋਏ ਨੁਕਸਾਨ ਦੀ ਮੁਆਵਜ਼ਾ ਰਾਸ਼ੀ ਦੇਣ ਦੀ ਮੰਗ ਕੀਤੀ ਹੈ।

ਦੂਜੇ ਪਾਸੇ ਜ਼ਿਲ੍ਹਾ ਖੇਤੀਬਾੜੀ ਵਿਭਾਗ ਦੇ ਮੁੱਖ ਖੇਤੀਬਾੜੀ ਅਧਿਕਾਰੀ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਸਤੰਬਰ ਮਹੀਨੇ ਦੇ ਸ਼ੁਰੂ ਵਿੱਚ ਨਰਮੇ ਦੀ ਫਸਲ ਵਧੀਆ ਸੀ, ਪ੍ਰੰਤੂ ਉਸ ਤੋਂ ਬਾਅਦ ਹੋਈ ਬਾਰਸ਼ ਜਿੱਥੇ ਝੋਨੇ ਦੀ ਫਸਲ ਲਈ ਲਾਹੇਵੰਦ ਸਿੱਧ ਹੋਈ, ਉੱਥੇ ਹੀ ਇਸ ਬਾਰਸ਼ ਨੇ ਜ਼ਿਆਦਾਤਰ ਮਲੋਟ ਹਲਕੇ ਦੇ ਪਿੰਡਾਂ ਦਾ ਨੁਕਸਾਨ ਕੀਤਾ ਅਤੇ ਨਰਮੇ ਦੇ ਬੂਟੇ ਬਾਰਸ਼ ਕਾਰਨ ਡਿੱਗ ਪਏ ਤੇ ਲੱਗਿਆ ਫਲ ਝੜ ਗਿਆ, ਜਿਸ ਕਰਕੇ ਵੱਖ-ਵੱਖ ਬਲਾਕਾਂ ਵਿੱਚ 25 ਪ੍ਰਤੀਸ਼ਤ ਦੇ ਕਰੀਬ ਨਰਮੇ ਦਾ ਨੁਕਸਾਨ ਹੋਇਆ, ਜਿਸ ਦੀ ਉਨ੍ਹਾਂ ਰਿਪੋਰਟ ਬਣਾ ਕੇ ਉੱਚ ਅਧਿਕਾਰੀਆਂ ਨੂੰ ਭੇਜ ਦਿੱਤੀ ਹੈ।

# ਸਵਾਹਵਾਲਾ ਵਿਖੇ ਕੰਬੋਜ ਭਾਈਚਾਰੇ ਦੀ ਮੀਟਿੰਗ ਸੰਪੰਨ



**ਜਲਾਲਾਬਾਦ (ਜੀਤ ਕੁਮਾਰ)**-ਪਿੰਡ ਸਵਾਹ ਵਾਲਾ ਵਿਖੇ ਕੰਬੋਜ ਭਾਈਚਾਰੇ ਦੀ ਮੀਟਿੰਗ ਹੋਈ, ਜਿਸ 'ਚ ਪ੍ਰੇਮ ਪ੍ਰਕਾਸ਼ ਕਾਨੂੰਨਗੋ, ਸਰਿੰਦਰ ਮਾਸਟਰ, ਘਣੱਈਆ ਲਾਲ ਮਾਸਟਰ, ਮਹਿੰਦਰ ਪਾਲ, ਦਰਸ਼ਨ ਲਾਲ, ਦਿਆਲ ਚੰਦ, ਹੰਸਰਾਜ ਸਾਮਾ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ (ਏਕਤਾ) ਉਗਰਾਹਾਂ ਬਲਾਕ ਗੁਰੂਹਰਸਹਾਏ ਦੇ ਪ੍ਰਧਾਨ ਸਰਵਮਿੱਤਰ ਕੰਬੋਜ, ਬਲਾਕ ਆਗੂ ਸੁਦਰਸ਼ਨ ਸੁੱਲ੍ਹਾ, ਸੱਤਪਾਲ, ਰਾਕੇਸ਼ ਹਾਂਡਾ, ਤਰਸੇਮ ਸਿੰਘ, ਦਰਸ਼ਨ ਸਿੰਘ ਸਮੇਤ ਵੱਡੀ ਗਿਣਤੀ ਵਿਚ ਬਿਰਾਦਰੀ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਇਨ੍ਹਾਂ ਆਗੂਆਂ ਨੇ ਕਿਹਾ ਕਿ ਕੰਬੋਜ ਜਾਤੀ ਸਬੰਧੀ ਸਰਵੇ ਕਰਾਉਣੇ ਤੁਰੰਤ ਬੰਦ ਕਰਨ ਦੀ ਮੰਗ ਨੂੰ ਲੈ ਕੇ ਅੰਤਰਰਾਸ਼ਟਰੀ ਸਰਵ ਕੰਬੋਜ ਸਮਾਜ ਵੱਲੋਂ ਬਿਰਾਦਰੀ 'ਚ ਜਾਗਰੂਕਤਾ ਮੁਹਿੰਮ ਚਲਾਈ ਗਈ ਹੈ, ਜਿਸ ਵਿਚ ਸਮਾਜ ਦੇ ਲੋਕਾਂ ਨੂੰ ਜਾਣਕਾਰੀ ਦਿੱਤੀ ਜਾ ਰਹੀ ਹੈ ਕਿ ਕੰਬੋਜ ਭਾਈਚਾਰੇ ਨੂੰ ਪੱਛੜੀਆਂ ਸ੍ਰੇਣੀਆਂ (ਬੀਸੀ) ਦੀ ਲਿਸਟ 'ਚੋਂ ਬਾਹਰ ਕਰਨ ਜਾਂ ਕੰਬੋਜ ਭਾਈਚਾਰੇ ਨੂੰ ਇਸ ਲਿਸਟ 'ਚ ਪਹਿਲਾਂ ਦੀ ਤਰ੍ਹਾਂ ਬਰਕਰਾਰ ਰੱਖਣ ਸਬੰਧੀ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਪੰਜਾਬ ਵੱਲੋਂ ਪੰਜਾਬ 'ਚ ਸਰਵੇ ਕਰਾਏ ਜਾ ਰਹੇ ਹਨ, ਇਹ ਸਰਵੇ ਤੁਰੰਤ ਬੰਦ ਕਰਨ ਦੀ ਮੰਗ ਲਈ ਪਿੰਡ ਪੱਧਰ 'ਤੇ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਕੰਬੋਜ ਜਾਤੀ ਦੇ ਸਰਵੇ 'ਤੇ ਤੁਰੰਤ ਰੋਕ ਲਾਏ ਜਾਵੇ। ਉਨ੍ਹਾਂ ਕਿਹਾ ਕਿ ਕੰਬੋਜ ਜਾਤੀ ਨੂੰ ਪੱਛੜੀਆਂ ਸ਼੍ਰੇਣੀਆਂ ਵਿਚ ਹੀ ਰੱਖਣ ਲਈ ਅੰਤਰਰਾਸ਼ਟਰੀ ਸਰਵ ਕੰਬੋਜ ਸਮਾਜ ਵੱਲੋਂ ਹਸਤਾਖਰ ਮੁਹਿੰਮ ਵੀ ਚਲਾਈ ਜਾਵੇਗੀ। ਉਨ੍ਹਾਂ ਕੰਬੋਜ ਸਮਾਜ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਇਕਜੁੱਟਤਾ ਦਿਖਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕੰਬੋਜ ਜਾਤੀ ਦੇ ਪੰਜਾਬ 'ਚ ਡਿਪਟੀ ਕਮਿਸ਼ਨਰਾਂ ਰਾਹੀਂ ਸਰਵੇ ਕਰਾਏ ਜਾ ਰਹੇ ਹਨ, ਇਸਦੀ ਕੋਈ ਤੁਕ ਨਹੀਂ ਬਣਦੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੱਖਾਂ ਕੰਬੋਜ ਭਾਈਚਾਰੇ ਦੇ ਲੋਕ ਇਸ ਵਰਤਾਰੇ ਦੇ ਵਿਰੁੱਧ ਹਨ। ਇਸ ਮੌਕੇ ਕਿਸਾਨ ਆਗੂ ਸਰਵਮਿੱਤਰ ਕੰਬੋਜ ਨੇ ਕੰਬੋਜ ਭਾਈਚਾਰੇ ਨੂੰ ਬੈਕਵਰਡ ਕਲਾਸ 'ਚੋਂ ਬਾਹਰ ਕੱਢਣ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਪੁਰਜ਼ੋਰ ਸ਼ਬਦਾਂ 'ਚ ਨਿੰਦਾ ਕੀਤੀ ਗਈ ਤੇ ਇਨ੍ਹਾਂ ਕੌਮ ਦੇ ਖਿਲਾਫ ਸਾਜਿਸ਼ਾਂ ਰਚਣ ਵਾਲਿਆਂ ਦੇ ਵਿਰੁੱਧ ਸੰਘਰਸ਼ ਵਿੱਢਣ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾ ਬਲਾਕ ਗੁਰੂਹਰਸਹਾਏ

# ਫੀਸਾਂ 'ਚ ਵਾਧੇ ਖਿਲਾਫ ਡੀ ਟੀ ਐੱਫ ਵੱਲੋਂ ਧਰਨਾ



**ਸਮਰਾਲਾ (ਸੁਰਜੀਤ ਸਿੰਘ)**

ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ.ਟੀ.ਐੱਫ.) ਪੰਜਾਬ ਦੇ ਸੱਦੇ 'ਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬੋਰਡ ਪ੍ਰੀਖਿਆਵਾਂ ਦੇ ਸਰਟੀਫਿਕੇਟਾਂ ਦੀ ਹਾਰਡ ਕਾਪੀ ਲੈਣ ਲਈ ਫੀਸ ਲਗਾਉਣ, ਗੈਰ-ਤਾਰਕਿਕ ਪ੍ਰਯੋਗੀ ਪ੍ਰੀਖਿਆ ਫੀਸਾਂ ਉਗਰਾਹੁਣ, ਭਾਰੀ ਜੁਰਮਾਨੇ ਲਗਾਉਣ ਤੇ ਪੰਜਾਬ ਸਰਕਾਰ ਵੱਲੋਂ ਸਿੱਖਿਆ ਬੋਰਡ ਨੂੰ ਕਰੋੜਾਂ ਰੁਪਏ ਦੇ ਬਕਾਏ ਨਾ ਦੇਣ ਖਿਲਾਫ ਸਿੱਖਿਆ ਬੋਰਡ ਦੇ ਮੁੱਖ ਦਫ਼ਤਰ ਅੱਗੇ ਜੰਮ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਲੁਧਿਆਣਾ ਜ਼ਿਲ੍ਹੇ ਤੋਂ ਵੀ ਜ਼ਿਲ੍ਹਾ ਪ੍ਰਧਾਨ ਰਮਨਜੀਤ ਸਿੰਘ ਸੰਧੂ ਤੇ ਜ਼ਿਲ੍ਹਾ ਸਕੱਤਰ ਰੁਪਿੰਦਰ ਪਾਲ ਸਿੰਘ ਗਿੱਲ ਦੀ ਅਗਵਾਈ 'ਚ ਅਧਿਆਪਕਾਂ ਤੋਂ ਇਲਾਵਾ ਮਾਪਿਆਂ, ਵਿਦਿਆਰਥੀਆਂ ਤੇ ਹੋਰ ਜਨਤਕ ਜਥੇਬੰਦੀਆਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਤੇ ਜਨਰਲ ਸਕੱਤਰ ਮੁਕੇਸ਼ ਕੁਮਾਰ ਨੇ ਕਿਹਾ ਕਿ ਸਿੱਖਿਆ ਦਾ ਅਧਿਕਾਰ ਕਾਨੂੰਨ-2009 ਤਹਿਤ ਅੱਠਵੀਂ ਜਮਾਤ ਤੱਕ ਸਾਰੇ ਵਿਦਿਆਰਥੀਆਂ ਤੇ ਦਿਵਿਆਂਗ ਵਿਅਕਤੀਆਂ ਦਾ ਅਧਿਕਾਰ ਕਾਨੂੰਨ-2016 ਤਹਿਤ 18 ਸਾਲ ਉਮਰ ਤੱਕ ਦਿਵਿਆਂਗ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਕਾਨੂੰਨਾਂ ਦੀ ਉਲੰਘਣਾ ਕਰਦਿਆਂ ਸਿੱਖਿਆ ਬੋਰਡ ਵੱਲੋਂ ਪੰਜਵੀਂ, ਅੱਠਵੀਂ ਤੇ ਦਸਵੀਂ ਦੇ ਸਰਟੀਫਿਕੇਟਾਂ ਦੀ ਹਾਰਡ ਕਾਪੀ ਲੈਣ ਲਈ 200 ਰੁਪਏ ਤੇ ਬਾਰਵੀਂ ਜਮਾਤ ਲਈ 250 ਰੁਪਏ ਪ੍ਰਤੀ ਵਿਦਿਆਰਥੀ ਫੀਸ ਲਗਾਉਣ ਦਾ ਫ਼ਰਮਾਨ ਜਾਰੀ ਕੀਤਾ ਗਿਆ ਹੈ, ਜੋ ਕਿ ਗਰੀਬ ਪਰਿਵਾਰਾਂ ਲਈ ਬੋਝ ਬਣ ਰਿਹਾ ਹੈ। ਪੰਜਾਬ ਸਰਕਾਰ ਅਧੀਨ ਅਦਾਰਾ ਹੋਣ ਦੇ ਬਾਵਜੂਦ ਸਿੱਖਿਆ ਬੋਰਡ ਦੀ ਅਫਸਰਸ਼ਾਹੀ ਵੱਲੋਂ ਸਰਕਾਰੀ ਕਾਨੂੰਨਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ ਤੇ ਪੰਜਾਬ ਸਰਕਾਰ ਮੂਕ ਦਰਸ਼ਕ ਬਣੀ ਹੋਈ ਹੈ। ਇਸੇ ਤਰ੍ਹਾਂ ਪ੍ਰੀਖਿਆ ਫੀਸ, ਰਜਿਸਟ੍ਰੇਸ਼ਨ ਫੀਸ ਤੇ ਕੰਟੀਨਿਊਏਸ਼ਨ ਫੀਸ 'ਚ ਕੀਤੇ ਵਾਧੇ ਤੇ ਭਾਰੀ ਜੁਰਮਾਨਿਆਂ ਨੂੰ ਨਜਾਇਜ਼ ਕਰਾਰ ਦਿੰਦਿਆਂ ਆਗੂਆਂ ਨੇ ਇਨ੍ਹਾਂ ਵਾਧਿਆਂ ਨੂੰ ਵਾਪਸ ਲੈਣ ਤੇ ਜੁਰਮਾਨਿਆਂ ਦੀ ਰਾਸ਼ੀ ਕਿਸੇ ਵੀ ਹਾਲਤ 'ਚ ਫੀਸ ਤੋਂ ਵੱਧ ਨਾ ਰੱਖਣ ਦੀ ਮੰਗ ਕੀਤੀ। ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਜਰਮਨਜੀਤ ਸਿੰਘ ਤੇ ਜਨਰਲ ਸਕੱਤਰ ਹਰਦੀਪ ਟੋਡਰਪੁਰ ਤੋਂ ਇਲਾਵਾ ਡੀ ਟੀ ਐੱਫ ਦੇ ਅਤਿੰਦਰਪਾਲ ਸਿੰਘ ਘੱਗਾ ਨੇ ਕਿਹਾ ਕਿ ਸਿੱਖਿਆ ਬੋਰਡ ਨੇ ਆਪਣੇ ਆਨਲਾਈਨ ਪੋਰਟਲ ਰਾਹੀਂ ਆਪਣਾ ਕੰਮ ਘਟਾ ਲਿਆ ਹੈ, ਪ੍ਰੰਤੂ ਅਧਿਆਪਕਾਂ ਨੂੰ ਡਾਟਾ ਐਂਟਰੀ ਆਪ੍ਰੇਟਰ ਬਣਾ ਕੇ ਜਿੱਥੇ ਪੜ੍ਹਾਉਣ ਦੇ ਮੁੱਖ ਕਾਰਜ ਤੋਂ ਦੂਰ ਕੀਤਾ ਹੈ, ਉੱਥੇ ਡਾਟਾ ਐਂਟਰੀ ਦੇ ਕੰਮ ਵਿੱਚ ਗਲਤੀਆਂ ਤੇ ਮਾਮੂਲੀ ਦੇਰੀ ਲਈ ਅਧਿਆਪਕਾਂ 'ਤੇ ਹੀ ਭਾਰੀ ਜੁਰਮਾਨੇ ਲਾਏ ਜਾ ਰਹੇ ਹਨ। ਇਸ ਲਈ ਸਰਕਾਰ ਨੂੰ ਸਕੂਲਾਂ ਵਿੱਚ ਡਾਟਾ ਐਂਟਰੀ ਆਪਰੇਟਰਾਂ ਦੀ ਭਰਤੀ ਕਰਕੇ ਅਧਿਆਪਕਾਂ ਨੂੰ ਅਜਿਹੇ ਗੈਰ-ਵਿੱਦਿਅਕ ਕੰਮ ਤੋਂ ਛੁਟਕਾਰਾ ਦੇਣਾ ਬਣਦਾ ਹੈ। ਸਿੱਖਿਆ ਬੋਰਡ ਦੇ ਮੁਲਾਜ਼ਮਾਂ ਦੀ ਜਥੇਬੰਦੀ ਦੇ ਆਗੂ ਪਰਵਿੰਦਰ ਸਿੰਘ ਖੰਗੂੜਾ ਨੇ ਬੋਰਡ ਦੀ ਵਿੱਤੀ ਹਾਲਤ ਬਾਰੇ ਦੱਸਦਿਆਂ ਪੰਜਾਬ ਸਰਕਾਰ ਦੀ ਨਾਕਾਮੀ ਬਾਰੇ ਜਾਣਕਾਰੀ ਦਿੱਤੀ। ਜਥੇਬੰਦੀ ਵੱਲੋਂ ਕੀਤੇ ਪ੍ਰਦਰਸ਼ਨ ਨੂੰ ਦੇਖਦਿਆਂ ਸਿੱਖਿਆ ਬੋਰਡ ਦੇ ਅਧਿਕਾਰੀਆਂ ਵੱਲੋਂ ਹਾਜ਼ਰ ਹੋਏ ਗੁਰਤੇਜ ਸਿੰਘ ਡਿਪਟੀ ਸਕੱਤਰ ਨੇ ਡੈਮੋਕ੍ਰੇਟਿਕ ਟੀਚਰਜ਼ ਫਰੰਟ ਨਾਲ 11 ਅਕਤੂਬਰ ਨੂੰ ਵਿਸਤ੍ਰਿਤ ਮੀਟਿੰਗ ਦਾ ਸੱਦਾ ਦਿੱਤਾ ਗਿਆ। ਉਨ੍ਹਾਂ ਵੱਲੋਂ ਪੰਜਵੀਂ ਤੇ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਬੋਰਡ ਸਰਟੀਫਿਕੇਟ ਸਬੰਧੀ ਆਪਸ਼ਨਲ ਚੋਣ ਦੇਣ ਦੇ ਫੈਸਲੇ ਤੇ ਜਥੇਬੰਦੀ ਵੱਲੋਂ ਬੋਰਡ ਸਰਟੀਫਿਕੇਟ ਸਾਰਿਆਂ ਵਿਦਿਆਰਥੀਆਂ ਨੂੰ ਮੁਫਤ ਜਾਰੀ ਕਰਨ ਦੀ ਮੰਗ ਨੂੰ ਮੁੜ ਦੁਹਰਾਇਆ। ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਖੁਸ਼ਵਿੰਦਰ ਰਵੀ, ਇਫਟੂ ਦੇ ਕਸ਼ਮੀਰ ਬਿੱਲਾ, ਟੀ ਐੱਸ ਯੂ ਦੇ ਗੁਰਚਰਨ ਸਿੰਘ ਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਧਰਮਵੀਰ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਮਿੰਡ ਡੇ ਮੀਲ ਵਰਕਰਜ਼ ਯੂਨੀਅਨ, ਪੇਂਡੂ ਮਜ਼ਦੂਰ ਯੂਨੀਅਨ, ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਆਦਿ ਭਰਾਤਰੀ ਜਥੇਬੰਦੀਆਂ ਨੇ ਵੀ ਸ਼ਮੂਲੀਅਤ ਕੀਤੀ।

## ਕਹਿਣਾ ਮੋੜਨਾ ਨ੍ਹੀਂ ਡੱਕਾ ਤੋੜਨਾ ਨ੍ਹੀਂ...!



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਪਾਵਰ ਕਾਰਪੋਰੇਸ਼ਨ ਉੱਪ ਮੰਡਲ ਦਫਤਰ ਲੌਂਗੋਵਾਲ ਵਿੱਚ ਬਿਜਲੀ ਦੀਆਂ ਤਾਰਾਂ ਦੇ ਜੋੜ ਲੱਗੇ ਹੋਇਆਂ ਦੇ ਗੁੱਛੇ ਬਣੇ ਹੋਏ ਹਨ, ਜਿਵੇਂ ਕਿ ਅਗਰਵਾਲ ਧਰਮਸ਼ਾਲਾ ਨੇੜੇ ਖੱਦਰ ਕੋਲ ਜੋ ਕਾਫੀ ਲੰਮੇ ਸਮੇਂ ਤੋਂ ਬਿਜਲੀ ਦੀਆਂ ਤਾਰਾਂ ਦੇ ਵੱਡੇ-ਵੱਡੇ ਗੁੱਛੇ ਬਣੇ ਹੋਣ ਕਰਕੇ ਇਸ ਭਾਗ ਦੇ ਰੋਜ਼ਾਨਾ ਹੀ ਬਿਜਲੀ ਵਾਲੇ ਜੋੜ ਢਿੱਲੇ ਰਹਿੰਦੇ ਹਨ, ਜਦੋਂ ਕੋਈ ਵੱਡੀ ਗੱਡੀ ਸਾਮਾਨ ਦੀ ਭਰੀ ਹੋਈ ਲੰਘਦੀ ਹੈ, ਉਥੋਂ ਹੀ ਇਸ ਭਾਗ ਦੇ ਪਟਾਕੇ ਪੈਂਦੇ ਹਨ ਤੇ ਨੇੜੇ ਦੇ ਦੁਕਾਨਦਾਰ ਅਤੇ ਲੋਕ ਆਪਣੇ ਘਰ ਛੱਡ ਕੇ ਬਾਹਰ ਨੂੰ ਭੱਜਦੇ ਹਨ।

ਜਦੋਂ ਇਨ੍ਹਾਂ ਤਾਰਾਂ ਦੇ ਜੋੜਾਂ ਨੂੰ ਉੱਚਾ ਚੁੱਕਣ ਤੇ ਬਦਲਣ ਸਬੰਧੀ ਪਾਵਰ ਕਾਰਪੋਰੇਸ਼ਨ ਦੇ ਉੱਚ ਅਧਿਕਾਰੀਆਂ ਨਾਲ ਗੱਲ ਕੀਤੀ ਤਾਂ ਕਹਿੰਦੇ ਹਨ ਕਿ ਇਹ ਜੋੜ ਮੌਜੂਦਾ ਜੇ. ਈ. ਸਾਹਿਬ ਬਦਲ ਕੇ ਜਾਣਗੇ। ਇਸ ਮੁਹੱਲੇ ਦੇ ਲੋਕਾਂ ਨੇ ਕਿਹਾ ਕਿ ਇਨ੍ਹਾਂ ਜੋੜਾਂ ਨੂੰ ਬਦਲਾਉਣ ਸਬੰਧੀ ਕਈ ਵਾਰ ਇਸ ਮਹਿਕਮੇ ਦੇ ਉੱਚ ਅਧਿਕਾਰੀਆਂ ਨੂੰ ਲਿਖਤੀ ਰੂਪ ਵਿੱਚ ਦੱਸ ਚੁੱਕੇ ਹਾਂ, ਪਰ ਅਜੇ ਤੱਕ ਕਿਸੇ ਦੇ ਕੰਨ 'ਤੇ ਜੂੰ ਨਹੀਂ ਸਰਕੀ। ਇਸ ਮਹਿਕਮੇ ਦੇ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਸਾਡਾ ਫਰਜ਼ ਹੈ, 'ਕਹਿਣਾ ਮੋੜਨਾ ਨਹੀਂ ਡੱਕਾ ਤੋੜਨਾ ਨੀਂ।'

# ਡੀ ਟੀ ਐੱਫ ਵੱਲੋਂ ਪੱਤਰਕਾਰਾਂ ਦੀ ਗ੍ਰਿਫਤਾਰੀ ਦਾ ਵਿਰੋਧ

**ਧੂਰੀ (ਸੁਖਦੇਵ ਧੂਰੀ)**

ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮੁਲਕ ਭਰ ਅੰਦਰ, ਆਜ਼ਾਦ ਖ਼ਿਆਲਾਂ ਵਾਲੇ ਪਰ ਮੋਦੀ ਸਰਕਾਰ ਦੀ ਹਾਂ 'ਚ ਹਾਂ ਨਾ ਮਿਲਾ ਕੇ ਚੱਲਣ ਵਾਲੇ, ਚੋਟੀ ਦੇ ਦਰਜਨ ਦੇ ਲਗਭਗ ਪੱਤਰਕਾਰਾਂ ਦੀਆਂ ਦੇਸ਼ਧ੍ਰੋਹ ਵਿਰੋਧੀ ਕਾਨੂੰਨ ਤਹਿਤ ਕੀਤੀਆਂ ਗ੍ਰਿਫਤਾਰੀਆਂ ਤੇ ਗੈਰ-ਕਾਨੂੰਨੀ ਢੰਗ ਨਾਲ ਛਾਪੇ ਮਾਰ ਕੇ, ਈ ਡੀ ਰਾਹੀਂ ਸ਼ੁਰੂ ਕੀਤੀ ਗਈ ਪੁੱਛ-ਪੜਤਾਲ, ਵਿਰੋਧੀ ਸੁਰਾਂ ਨੂੰ ਦਬਾਅ ਕੇ ਮੁਕੰਮਲ ਜ਼ੁਬਾਨ-ਬੰਦੀ ਕਰਨ ਦੇ ਚੱਲ ਰਹੇ ਤਾਨਾਸ਼ਾਹੀ ਰੁਝਾਨ ਨੂੰ ਸਿਰੇ ਲਾਉਣ ਵਾਲਾ ਕਦਮ ਹੈ। ਡੀ ਟੀ ਐੱਫ ਦੇ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸਕੱਤਰ ਬਲਵੀਰ ਲੌਂਗੋਵਾਲ ਨੇ ਬਿਆਨ ਰਾਹੀਂ ਕਿਹਾ ਕਿ ਈ ਡੀ ਦੇ ਬਹਾਨੇ ਇਨ੍ਹਾਂ ਪੱਤਰਕਾਰਾਂ ਤੋਂ ਸੁਆਲ ਕਿਹੜੇ ਕੀਤੇ ਗਏ, ਦਿੱਲੀ ਦੰਗਿਆਂ ਬਾਰੇ, ਨਾਗਰਿਕਤਾ ਕਾਨੂੰਨ ਵਿਰੁੱਧ ਚੱਲੇ ਅੰਦੋਲਨ ਬਾਰੇ, ਖੇਤੀ ਕਾਨੂੰਨਾਂ ਵਿਰੁੱਧ ਚੱਲੇ ਕਿਸਾਨ ਅੰਦੋਲਨ ਬਾਰੇ, ਕਿਉਂਕਿ 'ਨਿਊਜ਼ ਕਲਿੱਕ' ਚੈਨਲ ਨਾਲ ਜੁੜੇ ਇਨ੍ਹਾਂ ਪੱਤਰਕਾਰਾਂ ਨੇ ਇਨ੍ਹਾਂ ਅੰਦੋਲਨਾਂ/ਘਟਨਾਵਾਂ ਨੂੰ 'ਗੋਦੀ' ਮੀਡੀਆ ਨਾਲੋਂ ਹਟ ਕੇ, ਸਰਕਾਰੀ ਨਜ਼ਰੀਏ ਨੂੰ ਨਕਾਰ ਕੇ ਲੋਕ ਪੱਖੀ ਦਰੁਸਤ ਨਜ਼ਰੀਏ ਤੋਂ ਆਪਣੇ 'ਆਨਲਾਈਨ' ਮੀਡੀਏ ਰਾਹੀਂ 'ਕਵਰ' ਕੀਤਾ ਸੀ ਤੇ ਮੋਦੀ ਸਰਕਾਰ ਦਾ ਇਹ ਜਮਹੂਰੀਅਤ ਵਿਰੋਧੀ ਕਦਮ ਜ਼ੁਬਾਨਬੰਦੀ ਕਰਨ ਲਈ ਹੋਰਾਂ ਨੂੰ ਸੰਕੇਤ ਸਮਝਣਾ ਚਾਹੀਦਾ ਹੈ। ਇਸ ਦਾ ਲਿੰਕ 2024 ਦੀਆਂ ਪਾਰਲੀਮੈਂਟ ਚੋਣਾਂ ਦੇ ਚੱਲ ਰਹੇ ਮਾਹੌਲ ਅੰਦਰ ਸਰਕਾਰੀ ਕੂੜ-ਪ੍ਰਚਾਰ ਨੂੰ ਬੇਰੋਕ ਚਲਾਉਣ ਨਾਲ ਵੀ ਜੁੜਦਾ ਹੈ। ਇਸ ਤੋਂ ਪਹਿਲਾਂ ਵੀ ਮੁਲਕ ਦੇ ਅਨੇਕਾਂ ਉੱਘੇ ਲੋਕ ਪੱਖੀ ਪੱਤਰਕਾਰ, ਬੁੱਧੀਜੀਵੀ, ਲੇਖਕ, ਕਲਾਕਾਰ ਇਸੇ ਬਦਨਾਮ ਯੂ ਏ ਪੀ ਏ ਅਧੀਨ ਝੂਠੇ ਦੋਸ਼ ਘੜ ਕੇ 5-5 ਸਾਲਾਂ ਤੋਂ ਜੇਲ੍ਹਾਂ 'ਚ ਡੱਕੇ ਹੋਏ ਹਨ। ਮੋਦੀ ਸਰਕਾਰ ਦੇ 'ਕਾਰਪੋਰੇਟ ਵਿਕਾਸ ਮਾਡਲ' 'ਤੇ 'ਫਿਰਕੂ-ਫਾਸ਼ੀ ਏਜੰਡੇ' ਨੂੰ ਭਾਂਜ ਦੇਣ ਲਈ, ਰਹਿੰਦੀ-ਖੂੰਹਦੀ ਜਮਹੂਰੀਅਤ ਨੂੰ ਬਚਾਉਣ ਲਈ ਇਨ੍ਹਾਂ ਪੱਤਰਕਾਰਾਂ ਦੀਆਂ ਗ੍ਰਿਫਤਾਰੀਆਂ/ਈ ਡੀ ਤਸ਼ੱਦਦ ਵਿਰੁੱਧ ਸਮੂਹ ਸੰਘਰਸ਼ਸ਼ੀਲ ਜਨਤਕ ਜਥੇਬੰਦੀਆਂ ਤੇ ਜਮਹੂਰੀ ਲੋਕਾਂ ਨੂੰ ਜ਼ੋਰਦਾਰ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

## ਕਾਤਰਾਂ

### ਦਵਾਈਆਂ ਦੀ ਦੁਕਾਨ ਤੋਂ ਨਸ਼ੇ ਦੇ ਦਰਜਨਾਂ ਕੈਪਸੂਲ ਫੜੇ

**ਤਲਵੰਡੀ ਸਾਬੋ (ਜਗਦੀਪ ਗਿੱਲ)**-ਸਥਾਨਕ ਇਤਿਹਾਸਕ ਸ਼ਹਿਰ ਦੇ ਪੁਰਾਣੇ ਬੱਸ ਅੱਡੇ ਦੇ ਬਿਲਕੁਲ ਸਾਹਮਣੇ ਦਵਾਈਆਂ ਦੀ ਇੱਕ ਦੁਕਾਨ, ਜਿਸ ਦਾ ਨਾਮ ਬਰਦਰਜ਼ ਮੈਡੀਕੋਜ਼ ਦੱਸਿਆ ਜਾ ਰਿਹਾ ਹੈ, ਤੋਂ ਤਿੰਨ ਦਰਜਨ ਦੇ ਕਰੀਬ ਪਾਬੰਦੀਸ਼ੁਦਾ ਕੈਪਸੂਲ ਫੜੇ ਜਾਣ ਪਿੱਛੋਂ ਸੰਬੰਧਤ ਮੈਡੀਸਨ ਵਿਕਰੇਤਾਵਾਂ ਦੇ ਖਿਲਾਫ ਸਥਾਨਕ ਪੁਲਸ ਵੱਲੋਂ ਮੁਕੱਦਮਾ ਦਰਜ ਕਰਦਿਆਂ ਇੱਕ ਵਿਅਕਤੀ ਨੂੰ ਮੌਕੇ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਮੌਕੇ 'ਤੇ ਪੁੱਜੇ ਸਬੰਧਤ ਡਰੱਗ ਇੰਸਪੈਕਟਰ ਵੱਲੋਂ ਇਤਰਾਜ਼ਯੋਗ ਨਸ਼ਾ ਸਮੱਗਰੀ ਨੂੰ ਆਪਣੇ ਕਬਜ਼ੇ ਵਿੱਚ ਲੈਂਦਿਆਂ ਉਕਤ ਦੁਕਾਨ ਨੂੰ ਸੀਲ ਕਰ ਦਿੱਤਾ ਗਿਆ ਹੈ। ਇਸ ਘਟਨਾ ਸਬੰਧੀ ਪੱਖ ਜਾਨਣ ਲਈ ਜਦੋਂ ਐੱਸ ਐੱਚ ਓ ਥਾਣਾ ਤਲਵੰਡੀ ਸਾਬੋ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਇਸ ਘਟਨਾ ਦੇ ਸਬੰਧ ਵਿੱਚ ਥਾਣਾ ਤਲਵੰਡੀ ਸਾਬੋ ਵਿਖੇ ਮੁਕੱਦਮਾ ਨੰਬਰ 114 ਅਧੀਨ ਧਾਰਾ 188 (ਡਿਪਟੀ ਕਮਿਸ਼ਨਰ ਦੇ ਹੁਕਮਾਂ ਦੀ ਉਲੰਘਣਾ) ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

### ਗੁਰੂਹਰਸਹਾਏ ਪ੍ਰੈੱਸ ਕਲੱਬ ਦੀ ਸਰਬ ਸੰਮਤੀ ਨਾਲ ਚੋਣ



**ਗੁਰੂ ਹਰਸਹਾਏ (ਸਿਕਰੀ, ਮਨਦੀਪ ਸੋਢੀ)**-ਦੀ ਗੁਰੂ ਹਰਸਹਾਏ ਪ੍ਰੈੱਸ ਕਲੱਬ (ਰਜਿ.) ਦੀ ਮੀਟਿੰਗ ਪ੍ਰੈੱਸ ਦੇ ਬਣੇ ਦਫਤਰ ਵਿਖੇ ਹੋਈ। ਇਸ ਮੌਕੇ ਕਲੱਬ ਦੇ ਸਮੂਹ ਪੱਤਰਕਾਰਾਂ ਨੇ ਇਸ ਮੀਟਿੰਗ ਵਿੱਚ ਭਾਗ ਲਿਆ ਤੇ ਇਸ ਮੌਕੇ ਗੁਰੂ ਹਰਸਹਾਏ ਪ੍ਰੈੱਸ ਕਲੱਬ ਦੀ ਚੋਣ ਕੀਤੀ ਗਈ। ਇਸ ਮੌਕੇ ਸਾਰੇ ਮੈਂਬਰਾਂ ਨੇ ਸਰਬ ਸੰਮਤੀ ਨਾਲ ਕਪਿਲ ਕੰਧਾਰੀ ਨੂੰ ਦੀ ਗੁਰੂ ਹਰਸਹਾਏ ਪ੍ਰੈੱਸ ਕਲੱਬ ਦਾ ਪ੍ਰਧਾਨ ਚੁਣਿਆ ਗਿਆ। ਇਸ ਦੇ ਨਾਲ ਹੀ ਮਨਜੀਤ ਸਾਉਂਣਾ ਨੂੰ ਵਾਈਸ ਪ੍ਰਧਾਨ, ਸੁਨੀਲ ਆਵਲਾ ਨੂੰ ਚੇਅਰਮੈਨ, ਫਕੀਰ ਚੰਦ ਸਿਕਰੀ ਨੂੰ ਸਰਪ੍ਰਸਤ, ਗਗਨ ਮੱਕੜ ਨੂੰ ਸੈਕਟਰੀ, ਬਲਜਿੰਦਰ ਹਾਂਡਾ ਨੂੰ ਕੈਸ਼ੀਅਰ, ਜੀਵਨ ਜੋਤ ਕੌਰ, ਸੁਰਿੰਦਰ ਹਾਂਡਾ, ਰਜਿੰਦਰ ਕੰਬੋਜ ਨੂੰ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਕਪਿਲ ਕੰਧਾਰੀ ਨੇ ਜਿੱਥੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ, ਉੱਥੇ ਹੀ ਉਨ੍ਹਾਂ ਨੇ ਕਿਹਾ ਕਿ ਸਮੂਹ ਮੈਂਬਰਾਂ ਵੱਲੋਂ, ਜੋ ਵਿਸ਼ਵਾਸ ਕਰਕੇ ਉਨ੍ਹਾਂ ਨੂੰ ਪ੍ਰਧਾਨ ਦੀ ਜ਼ਿੰਮੇਦਾਰੀ ਸੌਂਪੀ ਹੈ, ਉਹ ਉਸ 'ਤੇ ਖਰੇ ਉਤਰਨ ਦਾ ਯਤਨ ਕਰਨਗੇ।

### ਸੂਰਾਂ ਨੂੰ ਸੜਕਾਂ, ਗਲੀਆਂ ਤੇ ਰਿਹਾਇਸ਼ੀ ਇਲਾਕਿਆਂ 'ਚ ਖੁੱਲ੍ਹੇ ਛੱਡਣ 'ਤੇ ਪਾਬੰਦੀ

**ਮਾਨਸਾ (ਪਮਾਰ)**-ਜ਼ਿਲ੍ਹਾ ਮੈਜਿਸਟ੍ਰੇਟ ਸ਼੍ਰੀ ਪਰਮਵੀਰ ਸਿੰਘ ਨੇ ਫੌਜ਼ਦਾਰੀ ਜਾਬਤਾ ਸੰਘਤਾ 1973 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਮਾਨਸਾ ਵਿੱਚ ਲੋਕਾਂ ਵੱਲੋਂ ਘਰਾਂ ਵਿੱਚ ਪਾਲੇ ਹੋਏ ਸੂਰਾਂ ਨੂੰ ਖੁਰਾਕ ਖਾਣ/ਚਰਨ ਲਈ ਸੜਕਾਂ, ਗਲੀਆਂ ਤੇ ਰਿਹਾਇਸ਼ੀ ਇਲਾਕਿਆਂ ਵਿੱਚ ਖੁੱਲ੍ਹੇ ਛੱਡਣ 'ਤੇ ਮੁਕੰਮਲ ਪਾਬੰਦੀ ਲਗਾਈ ਹੈ। ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਜ਼ਿਲ੍ਹਾ ਮਾਨਸਾ ਦੇ ਵੱਖ-ਵੱਖ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਵਿੱਚ ਕੁਝ ਲੋਕਾਂ ਵੱਲੋਂ ਆਪਣੇ ਘਰਾਂ ਵਿੱਚ ਸੂਰ ਪਾਲੇ ਹੋਏ ਹਨ ਤੇ ਉਨ੍ਹਾਂ ਵੱਲੋਂ ਘਰਾਂ 'ਚ ਪਾਲੇ ਹੋਏ ਸੂਰਾਂ ਨੂੰ ਆਮ ਤੌਰ 'ਤੇ ਖੁਰਾਕ ਖਾਣ/ਚਰਨ ਲਈ ਸੜਕਾਂ, ਗਲੀਆਂ ਤੇ ਰਿਹਾਇਸ਼ੀ ਇਲਾਕਿਆਂ ਵਿੱਚ ਖੁੱਲ੍ਹੇ ਛੱਡ ਦਿੱਤਾ ਜਾਂਦਾ ਹੈ, ਅਜਿਹਾ ਕਰਨ ਨਾਲ ਇਹ ਸੂਰ ਜਿੱਥੇ ਐਕਸੀਡੈਂਟ ਦਾ ਕਾਰਨ ਬਣਦੇ ਹਨ, ਉਥੇ ਗਲੀਆਂ ਵਿੱਚ ਇਨ੍ਹਾਂ ਵੱਲੋਂ ਪੈਦਾ ਕੀਤੀ ਜਾਂਦੀ ਗੰਦਗੀ ਕਾਰਨ ਆਮ ਲੋਕਾਂ ਖਾਸ ਕਰਕੇ ਬੱਚਿਆਂ 'ਚ ਬਿਮਾਰੀਆਂ ਫੈਲਣ ਦਾ ਵੀ ਖ਼ਤਰਾ ਬਣਿਆ ਰਹਿੰਦਾ ਹੈ। ਉਨ੍ਹਾ ਕਿਹਾ ਕਿ ਅਜਿਹੇ ਹਾਲਾਤ ਕਾਰਨ ਪੈਦਾ ਹੋਈ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਜ਼ਿਲ੍ਹਾ ਮਾਨਸਾ ਵਿੱਚ ਸੜਕਾਂ, ਗਲੀਆਂ ਤੇ ਰਿਹਾਇਸ਼ੀ ਇਲਾਕਿਆਂ ਵਿੱਚ ਸੂਰਾਂ ਨੂੰ ਸਰੇਆਮ ਖੁੱਲ੍ਹੇ ਛੱਡਣ 'ਤੇ ਪਾਬੰਦੀ ਲਗਾਈ ਜਾਣੀ ਜ਼ਰੂਰੀ ਹੈ। ਇਹ ਹੁਕਮ 30 ਨਵੰਬਰ 2023 ਤੱਕ ਲਾਗੂ ਰਹੇਗਾ।

## ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਵੱਖ-ਵੱਖ ਪਿੰਡਾਂ 'ਚ ਰੈਲੀਆਂ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੱਦੇ 'ਤੇ 'ਪਿੰਡ ਜਗਾਉ ਪਿੰਡ ਹਲਾਉ 'ਮੁਹਿੰਮ ਤਹਿਤ ਬਲਾਕ ਤਲਵੰਡੀ ਸਾਬੋ ਦੇ ਵੱਖ ਵੱਖ ਪਿੰਡਾਂ 'ਚ ਰੈਲੀਆਂ ਕਰਨ ਦਾ ਸਿਲਸਿਲਾ ਜਾਰੀ ਕੀਤਾ ਹੋਇਆ ਹੈ। ਇਸ ਮੁਹਿੰਮ ਤਹਿਤ 1 ਅਕਤੂਬਰ ਤੋਂ 6 ਅਕਤੂਬਰ ਤੱਕ ਬਲਾਕ ਤਲਵੰਡੀ ਸਾਬੋ ਦੇ ਸਾਰੇ ਪਿੰਡਾਂ ਵਿੱਚ ਰੈਲੀਆਂ ਕਰਕੇ 'ਨਸ਼ਿਆਂ ਦੇ ਦੋਸ਼ੀ ਕੌਣ ਤੇ ਨਸ਼ਿਆਂ ਦੇ ਪੀੜਤ ਕੌਣ' ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਜੋ ਵੱਡੇ ਵੱਡੇ ਨਸ਼ਿਆਂ ਦੇ ਤਸਕਰ ਹਨ, ਉਨ੍ਹਾਂ ਦੇ ਚਿਹਰੇ ਤੋਂ ਨਕਾਬ ਉਤਾਰ ਕੇ ਲੋਕਾਂ ਸਾਹਮਣੇ ਬੇਨਕਾਬ ਕਰਿਆ ਜਾ ਰਿਹਾ ਹੈ। ਇਸ ਲਈ ਕਿਸਾਨ ਆਗੂ ਵੱਖ ਵੱਖ ਟੀਮਾਂ ਬਣਾ ਕੇ ਪ੍ਰਚਾਰ ਕਰ ਰਹੇ ਹਨ। ਇਸੇ ਤਹਿਤ ਅੱਜ ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਦੀ ਅਗਵਾਈ ਹੇਠ ਪ੍ਰਚਾਰ ਸ਼ੁਰੂ ਕੀਤਾ ਗਿਆ, ਜਿਸ ਤਹਿਤ ਲੋਕਾਂ ਨੂੰ 10 ਅਕਤੂਬਰ ਨੂੰ ਤਲਵੰਡੀ ਸਾਬੋ ਦੇ ਐੱਮ ਐੱਲ ਏ ਬਲਜਿੰਦਰ ਕੌਰ ਦੇ ਪਿੰਡ ਰਾਮ ਤੀਰਥ ਜਗਾ ਵਿਖੇ ਲੱਗਣ ਵਾਲੇ ਧਰਨੇ ਵਿੱਚ ਪਹੁੰਚਣ ਤੇ ਮੰਗ ਪੱਤਰ ਦੇਣ ਦਾ ਸੱਦਾ ਦਿੱਤਾ ਗਿਆ। ਇਸ ਸਮੇਂ ਨਸ਼ਿਆਂ ਨਾਲ ਹੋਈਆਂ ਮੌਤਾਂ ਵਾਲੇ ਨੌਜਵਾਨਾਂ ਦੀਆਂ ਫੋਟੋਆਂ ਨੂੰ ਲੈ ਕੇ ਉਨ੍ਹਾਂ ਦੇ ਮਾਪੇ ਤੇ ਨਗਰ ਨਿਵਾਸੀ ਝੰਡਾ ਮਾਰਚ ਵਿੱਚ ਪਹੁੰਚੇ ਤੇ ਇਸ ਦਾ ਜ਼ਿੰਮੇਵਾਰ ਸਰਕਾਰਾਂ ਨੂੰ ਠਹਿਰਾਇਆ। ਅੱਜ ਤਲਵੰਡੀ ਸਾਬੋ ਦੇ ਵੱਖ ਵੱਖ ਪਿੰਡਾਂ ਵਿੱਚ ਮੀਟਿੰਗ ਹੋਈ ਤੇ ਫਿਰ ਝੰਡਾ ਮਾਰਚ ਕੱਢਿਆ ਗਿਆ। ਅੱਜ ਲੇਲੇਵਾਲਾ, ਸੇਖਪੁਰਾ ਤੇ ਚੱਠੇ ਵਾਲਾ ਵਿਖੇ ਮੀਟਿੰਗਾਂ ਹੋਈਆਂ ਤੇ ਪਿਛਲੇ ਦਿਨੀਂ ਮੰਗਲਵਾਰ ਨੂੰ ਬਹਿਮਣ ਕੌਰ ਸਿੰਘ, ਲਹਿਰੀ, ਰਾਈਆਂ, ਕਲਾਲ ਵਾਲਾ ਤੇ ਬਹਿਮਣ ਜੱਸਾ ਸਿੰਘ ਵਿਖੇ ਵੀ ਮੀਟਿੰਗਾਂ ਤੇ ਝੰਡਾ ਮਾਰਚ ਕੱਢਿਆ ਗਿਆ। ਇਸ ਸਮੇਂ ਬਲਾਕ ਆਗੂ ਕਾਲਾ ਚੱਠੇਵਾਲਾ, ਰਣਜੋਧ ਸਿੰਘ ਮਾਹੀ ਨੰਗਲ, ਜਸਵੀਰ ਸਿੰਘ ਪ੍ਰਧਾਨ ਲੇਲੇਵਾਲਾ, ਸੇਵ ਚੱਠੇਵਾਲਾ, ਕੁਲਵੰਤ ਲਹਿਰੀ, ਸੁਖਪਾਲ ਲਹਿਰੀ, ਸੰਦੀਪ ਬਹਿਮਣ ਕੌਰ ਸਿੰਘ ਹਾਜ਼ਰ ਸਨ।

## ਸੈਕਰਡ ਹਾਰਟ ਸਕੂਲ 'ਚ ਟ੍ਰੈਫਿਕ ਨਿਯਮਾਂ ਸੰਬੰਧੀ ਸੈਮੀਨਾਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਕੁਹਾੜਾ ਰੋਡ 'ਤੇ ਸਥਿਤ ਸੈਕਰਡ ਹਾਰਟ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਮਾਛੀਵਾੜਾ ਵਿਖੇ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਸੰਬੰਧੀ ਜਾਗਰੂਕ ਕਰਨ ਲਈ ਟ੍ਰੈਫਿਕ ਪੁਲਸ ਮਾਛੀਵਾੜਾ ਵੱਲੋਂ ਸੈਮੀਨਾਰ ਕਰਵਾਇਆ ਗਿਆ। ਸਕੂਲ ਵਿੱਚ ਸਵੇਰ ਦੀ ਸਭਾ ਦੌਰਾਨ ਟ੍ਰੈਫਿਕ ਪੁਲਸ ਇੰਚਾਰਜ ਇੰਦਰਜੀਤ ਸਿੰਘ ਤੇ ਅਜਮੇਰ ਸਿੰਘ ਨੇ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਅਤੇ ਉਨ੍ਹਾਂ ਨੂੰ ਸਹੀ ਢੰਗ ਪਾਲਣਾ ਕਰਨ ਬਾਰੇ ਪ੍ਰੇਰਿਤ ਕੀਤਾ। ਉਨ੍ਹਾਂ ਬੱਚਿਆਂ ਨੂੰ ਵੱਖ-ਵੱਖ ਤਰ੍ਹਾਂ ਦੇ ਟ੍ਰੈਫਿਕ ਇਸ਼ਾਰਿਆਂ ਦੇ ਮਤਲਬ ਸਮਝਾਏ ਤੇ ਘੱਟ ਉਮਰ ਦੇ ਬੱਚਿਆਂ ਨੂੰ ਸਕੂਟਰ, ਮੋਟਸਾਈਕਲ ਨਾ ਚਲਾਉਣ ਦੀ ਹਦਾਇਤ ਕੀਤੀ। ਇਸ ਮੌਕੇ ਸਕੂਲ ਮੁਖੀ ਪ੍ਰਿੰਸੀਪਲ ਸਿਸਟਰ ਮੈਰੀਏਟਾ ਥੋਮਸ ਨੇ ਟ੍ਰੈਫਿਕ ਪੁਲਸ ਅਧਿਕਾਰੀਆਂ ਦਾ ਵਿਸ਼ੇਸ਼ ਧੰਨਵਾਦ ਪ੍ਰਗਟਾਇਆ।

## ਹਰਨਿੰਦਰ ਕੌਰ ਨੇ ਦੇਸ਼ ਪੱਧਰੀ ਧਾਰਮਿਕ ਪ੍ਰੀਖਿਆ 'ਚ ਹਾਸਲ ਕੀਤਾ ਤੀਜਾ ਸਥਾਨ



**ਸਮਰਾਲਾ (ਸੁਰਜੀਤ ਸਿੰਘ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਦੀ ਵਿਦਿਆਰਥਣ ਹਰਨਿੰਦਰ ਕੌਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਸੈਸ਼ਨ 2022-23 ਲਈ ਕਰਵਾਈ ਗਈ ਧਾਰਮਿਕ ਪ੍ਰੀਖਿਆ ਵਿੱਚ ਦੇਸ਼ ਪੱਧਰ 'ਤੇ ਤੀਜਾ ਤੇ ਕਾਲਜ ਪੱਧਰ 'ਤੇ ਪਹਿਲਾ ਸਥਾਨ ਹਾਸਲ ਕੀਤਾ। ਇਹ ਜਾਣਕਾਰੀ ਦਿੰਦੇ ਹੋਏ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਦੱਸਿਆ ਕਿ ਹਰਨਿੰਦਰ ਕੌਰ ਨੇ ਦੇਸ਼ ਦੇ ਵੱਖ ਵੱਖ ਸੂਬਿਆਂ ਵਿਚਲੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਪਛਾੜਦੇ ਹੋਏ ਦੇਸ਼ ਪੱਧਰ 'ਤੇ ਪਹਿਲਾ ਸਥਾਨ ਹਾਸਲ ਕਰਕੇ ਇਸ ਸੰਸਥਾ ਦਾ ਨਾਂ ਰੌਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕਾਲਜ ਵਿਦਿਆਰਥਣ ਪ੍ਰਭਨੂਰ ਕੌਰ ਤੇ ਦਿਲਪ੍ਰੀਤ ਕੌਰ ਨੇ ਕਾਲਜ ਵਿੱਚੋਂ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਤੋਂ ਇਲਾਵਾ ਅਮਨਦੀਪ ਕੌਰ, ਰਮਨਦੀਪ ਕੌਰ, ਸੁਖਜੀਤ ਕੌਰ, ਕੁਲਦੀਪ ਕੌਰ ਤੇ ਸਪਨਾ ਰਾਣੀ ਨੇ ਵੀ ਮੈਰਿਟ ਸੂਚੀ ਵਿੱਚ ਨਾਮ ਦਰਜ ਕਰਵਾ ਕੇ 3100 ਤੇ 2100 ਰੁਪਏ ਦੀ ਵਜ਼ੀਫਾ ਰਾਸ਼ੀ ਪ੍ਰਾਪਤ ਕੀਤੀ ਹੈ। ਜ਼ਿਕਰਯੋਗ ਹੈ ਕਿ ਹਰਨਿੰਦਰ ਕੌਰ ਨੂੰ ਵਜ਼ੀਫੇ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ ਹੈ। ਕਾਲਜ ਲੋਕਲ ਕਮੇਟੀ ਦੇ ਮੈਂਬਰਾਂ ਵੀ ਇਸ ਵਿਦਿਆਰਥਣ ਨੂੰ ਵਧਾਈ ਦਿੱਤੀ ਹੈ। ਡਾ. ਰਜਿੰਦਰ ਕੌਰ ਨੇ ਇਸ ਮੌਕੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਇਨ੍ਹਾਂ ਤੋਂ ਇਲਾਵਾ ਕਾਲਜ ਦੀਆਂ 11 ਹੋਰ ਵਿਦਿਆਰਥਣਾਂ ਨੂੰ ਵੀ ਇਸ ਪ੍ਰੀਖਿਆ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਕਰਕੇ ਮੈਡਲ ਦੇ ਕੇ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਭਵਿੱਖ ਵਿੱਚ ਵੀ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਸਫਲਤਾ ਪ੍ਰਾਪਤ ਕਰਦੀਆਂ ਰਹਿਣਗੀਆਂ।

## ਰੂਪ ਵਾਟਿਕਾ ਸਕੂਲ ਦੇ ਵਿਦਿਆਰਥੀਆਂ ਦਾ ਵੇਰਕਾ ਪਲਾਂਟ ਦਾ ਦੌਰਾ



**ਜਗਰਾਉਂ (ਅਮਿਤ ਖੰਨਾ)**-ਰੂਪ ਵਾਟਿਕਾ ਸਕੂਲ ਦੇ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਰੁਝਾਨ ਭਰਿਆ ਬਣਾਉਣ ਲਈ ਕਈ ਉਪਰਾਲੇ ਕੀਤੇ ਜਾਂਦੇ ਹਨ। ਗਿਆਰਵੀਂ ਤੇ ਬਾਰਵੀਂ ਜਮਾਤ ਦੇ ਕਾਮਰਸ ਗਰੁੱਪ ਦੇ ਵਿਦਿਆਰਥੀਆਂ ਨੂੰ ਅੱਜ ਵੇਰਕਾ ਪਲਾਂਟ ਲਿਜਾਇਆ ਗਿਆ, ਜਿਸ ਵਿੱਚ ਉਨ੍ਹਾਂ ਦੇ ਕਾਮਰਸ ਵਿਸ਼ੇ ਨਾਲ ਸਬੰਧਤ ਟੌਪਿਕ ਪ੍ਰੋਡਕਸ਼ਨ ਪ੍ਰੋਸੈੱਸ ਬਾਰੇ ਜਾਣਕਾਰੀ ਦਿੱਤੀ ਗਈ। ਬੱਚਿਆਂ ਨੂੰ ਇੰਡਸਟਰੀਅਲ ਵਿਜ਼ਿਟ ਕਰਵਾਈ ਗਈ ਤੇ ਵੇਰਕਾ ਵਿੱਚ ਜਾ ਕੇ ਉਨ੍ਹਾਂ ਨੂੰ ਪ੍ਰਯੋਗੀ ਤੌਰ 'ਤੇ ਸਮਝਾਇਆ ਗਿਆ ਕਿ ਕਿਸ ਤਰ੍ਹਾਂ ਉਥੇ ਸਾਮਾਨ ਬਣਾਉਣ ਦੀ ਤਿਆਰੀ ਤੋਂ ਲੈ ਕੇ ਬਾਜ਼ਾਰ ਵਿੱਚ ਪ੍ਰੋਡਕਟ ਲੈ ਜਾਣ ਤੱਕ ਦੀ ਤਿਆਰੀ ਦਿਖਾਈ ਗਈ। ਸਾਰੇ ਹੀ ਬੱਚਿਆਂ ਨੇ ਇਸ ਵਿੱਚ ਆਪਣਾ ਰੁਝਾਨ ਦਿਖਾਇਆ। ਸਕੂਲ ਦੇ ਕਾਮਰਸ ਗਰੁੱਪ ਦੇ ਅਧਿਆਪਕਾਂ ਨੇ ਉਨ੍ਹਾਂ ਨੂੰ ਸਾਰੀ ਪ੍ਰੋਡਕਸ਼ਨ ਪ੍ਰੋਸੈੱਸ ਸਮਝਾਈ ਤੇ ਵਿਸ਼ੇ ਤੋਂ ਜਾਣੂ ਕਰਵਾਇਆ ਕੀਤਾ। ਸਕੂਲ ਦੇ ਪ੍ਰਿੰਸੀਪਲ ਵਿਮੀ ਠਾਕੁਰ ਦੀ ਅਗਵਾਈ ਹੇਠ ਹੀ ਇਹ ਉਪਰਾਲਾ ਕੀਤਾ ਗਿਆ ਤੇ ਉਨ੍ਹਾਂ ਨੇ ਬੱਚਿਆਂ ਨੂੰ ਸਮਝਾਇਆ ਕਿ ਕਿਸ ਤਰ੍ਹਾਂ ਉਹ ਆਪਣੇ ਵਿਸ਼ੇ ਵਿੱਚ ਮੁਹਾਰਤ ਹਾਸਲ ਕਰ ਸਕਦੇ ਹਨ ਤੇ ਆਉਣ ਵਾਲੇ ਸਮੇਂ ਵਿੱਚ ਵੀ ਬੱਚਿਆਂ ਦੀ ਪੜ੍ਹਾਈ ਨਾਲ ਸੰਬੰਧਤ ਇਹ ਪ੍ਰਯੋਗੀ ਉਪਰਾਲੇ ਕੀਤੇ ਜਾਂਦੇ ਰਹਿਣਗੇ।

## ਨਗਰ ਕੌਂਸਲ ਵੱਲੋਂ ਸਫ਼ਾਈ ਸੰਬੰਧੀ ਸੈਮੀਨਾਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਸਰਕਾਰ ਵਿਭਾਗ ਪੰਜਾਬ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ) ਡਾ. ਰੁਪਿੰਦਰਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਮਾਛੀਵਾੜਾ ਵੱਲੋਂ ਸਰਕਾਰੀ ਕਾਲਜ ਦੇ ਲਾਇਬ੍ਰੇਰੀ ਹਾਲ ਵਿੱਚ ਸੈਮੀਨਾਰ ਕਰਵਾਇਆ ਗਿਆ। ਕਾਰਜ ਸਾਧਕ ਅਫ਼ਸਰ ਗੁਰਪਾਲ ਸਿੰਘ ਦੀ ਅਗਵਾਈ ਹੇਠ ਸੀ. ਐੱਫ. ਨਵਰੀਤ ਕੌਰ ਵੱਲੋਂ ਵਿਦਿਆਰਥੀਆਂ ਨੂੰ ਖਤਰਨਾਕ ਰਹਿੰਦ-ਖੂੰਹਦ, ਘਰੇਲੂ ਖਾਦ, ਪਲਾਸਟਿਕ ਤੇ ਪਲਾਸਟਿਕ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ। ਉਨ੍ਹਾ ਕਿਹਾ ਕਿ ਸਫ਼ਾਈ ਸਭ ਦਾ ਮੁੱਢਲਾ ਫਰਜ਼ ਹੈ, ਜਿਸ ਵੱਲ ਸ਼ਹਿਰ ਵਾਸੀਆਂ ਨੂੰ ਵੀ ਧਿਆਨ ਦੇਣ ਦੀ ਲੋੜ ਹੈ। ਉਨ੍ਹਾ ਵਿਦਿਆਰਥੀਆਂ ਨੂੰ ਪੇਪਰ ਬੈਗ ਬਣਾਉਣ ਦੀ ਵੀ ਜਾਣਕਾਰੀ ਦਿੱਤੀ ਤੇ ਪਲਾਸਟਿਕ ਦੇ ਲਿਫ਼ਾਫ਼ਿਆਂ ਨੂੰ ਵਰਤਣ ਦੇ ਨੁਕਸਾਨ ਬਾਰੇ ਵੀ ਦੱਸਿਆ। ਕਾਲਜ ਵੱਲੋਂ ਨਵਰੀਤ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਨਗਰ ਕੌਂਸਲ ਵੱਲੋਂ ਵੇਟ ਵੇਸਟ ਤੋਂ ਤਿਆਰ ਕੀਤੀ ਗਈ ਖਾਦ ਪ੍ਰਿੰਸੀਪਲ ਤੇ ਸਟਾਫ਼ ਨੂੰ ਵਰਤਣ ਲਈ ਦਿੱਤੀ ਗਈ।

## ਪੱਤਰਕਾਰਾਂ ਤੇ ਲੇਖਕਾਂ 'ਤੇ ਛਾਪਿਆਂ ਦਾ ਲੋਕ ਚੇਤਨਾ ਮੰਚ ਵੱਲੋਂ ਵਿਰੋਧ

**ਲਹਿਰਾਗਾਗਾ (ਪਵਨ ਸ਼ਰਮਾ)**-ਪ੍ਰਸਿੱਧ ਲੇਖਿਕਾ ਤੀਸਤਾ ਸੀਤਲਵਾੜ ਸਮੇਤ 'ਨਿਊਜ਼ ਕਲਿੱਕ' ਦੀ ਟੀਮ ਦੇ ਉੱਘੇ ਵਿਦਵਾਨ ਕਾਮਿਆਂ ਸਮੇਤ ਅਭਿਸਾਰ ਸ਼ਰਮਾ, ਪ੍ਰਮੁੱਖ ਤੇ ਸੀਨੀਅਰ ਪੱਤਰਕਾਰ ਭਾਸ਼ਾ ਸਿੰਘ, ਨਾਮਵਰ ਪੱਤਰਕਾਰ ਉਰਮਲੇਸ਼, ਪ੍ਰਬੀਰ ਪੁਰਕਿਆਸਥ, ਲੇਖਕ ਗਿੱਥਾ ਹਰੀਹਰਨ, ਰਾਜਨੀਤਕ ਅਰਥ ਸ਼ਾਸਤਰ ਦੇ ਉੱਘੇ ਵਿਦਵਾਨ ਅਨੁਨਿਦੋ ਚੱਕਰਵਰਤੀ, ਇਤਿਹਾਸਕਾਰ ਤੇ ਸਮਾਜਕ ਕਾਰਕੁਨ ਸੋਹੇਲ ਹਾਸ਼ਮੀ ਅਤੇ ਸੰਜੇ ਰਜ਼ੌਰਾ ਦੀ ਰਿਹਾਇਸ਼ਗਾਹ 'ਤੇ ਦਿੱਲੀ ਪੁਲਸ ਵੱਲੋਂ ਬੀਤੇ ਦਿਨ ਕੀਤੀ ਛਾਪੇਮਾਰੀ ਦਾ ਲੋਕ ਚੇਤਨਾ ਮੰਚ ਲਹਿਰਾਗਾਗਾ ਨੇ ਸਖਤ ਵਿਰੋਧ ਕੀਤਾ ਹੈ। ਮੰਚ ਦੇ ਪ੍ਰਧਾਨ ਗਿਆਨ ਚੰਦ ਸ਼ਰਮਾ, ਸਕੱਤਰ ਹਰਭਗਵਾਨ ਗੁਰਨੇ, ਜਗਦੀਸ਼ ਪਾਪੜਾ ਤੇ ਰਣਜੀਤ ਲਹਿਰਾ ਨੇ ਕਿਹਾ ਕਿ ਲੋਕਾਂ ਵਿੱਚੋਂ ਬੁਰੀ ਤਰ੍ਹਾਂ ਨਿੱਖੜਦੀ ਜਾ ਰਹੀ ਮੋਦੀ ਸਰਕਾਰ ਦੀ ਇਹ ਕਾਰਵਾਈ, ਮੋਦੀ ਸਰਕਾਰ ਦੀ ਡੁੱਬਦੀ ਦਿਖਾਈ ਦੇ ਰਹੀ ਬੇੜੀ ਲਈ ਤਿਨਕੇ ਦਾ ਸਹਾਰਾ ਨਹੀਂ ਬਣੇਗੀ। ਪੱਤਰਕਾਰਾਂ, ਲੇਖਕਾਂ, ਬੁੱਧੀਮਾਨਾਂ ਨੂੰ ਦਿੱਲੀ ਪੁਲਸ ਵੱਲੋਂ ਪੁਲਸ ਹੈੱਡਕੁਆਰਟਰ ਬੁਲਾ ਕੇ ਸੁਆਲਾਂ, ਜਵਾਬਾਂ ਦੀ ਵਾਛੜ ਕਰਕੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ, ਕੁੱਝ ਨੂੰ ਯੂ.ਏ.ਪੀ.ਏ. (ਗੈਰ-ਕਾਨੂੰਨੀ ਸਰਗਰਮੀਆਂ ਰੋਕੂ) ਤਹਿਤ ਗ੍ਰਿਫਤਾਰ ਕਰਨ, ਇਨ੍ਹਾਂ ਬੁੱਧੀਮਾਨਾਂ ਦੇ ਲੈਪਟਾਪ, ਮੋਬਾਇਲ ਫੋਨ ਤੇ ਹੋਰ ਇਲੈਕਟਰੋਨਿਕ ਸਾਜ਼ੋ-ਸਾਮਾਨ ਜਬਰੀ ਉਠਾ ਕੇ ਲਿਜਾਣ ਵਿਰੁੱਧ ਮੰਚ ਵੱਲੋਂ ਸਮੂਹ ਲੋਕਾਂ ਨੂੰ ਆਵਾਜ਼ ਉਠਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਫਾਸ਼ੀਵਾਦੀ ਕਾਰਵਾਈਆਂ ਨਾਲ ਭਾਰਤ ਦੀ ਪ੍ਰੈੱਸ ਦੀ ਸੁਤੰਤਰਤਾ ਦੀ ਰੈਂਕਿੰਗ ਲਗਾਤਾਰ ਡਿੱਗ ਰਹੀ ਹੈ।

## ਪ੍ਰਿੰਸੀਪਲ ਸਰਨਜੀਤ ਕੌਰ ਪਰਮਾਰ ਨੇ ਅਹੁਦਾ ਸੰਭਾਲਿਆ

**ਹਠੂਰ (ਨਛੱਤਰ ਸੰਧੂ)**-ਸਾਹਿਬਜ਼ਾਦਾ ਜ਼ੋਰਾਵਰ ਸਿੰਘ ਸਰਕਾਰੀ ਕਾਲਜ ਬੁਰਜ ਹਰੀ ਸਿੰਘ ਵਿਖੇ ਡਾਕਟਰ ਸ਼ਰਨਜੀਤ ਕੌਰ ਪਰਮਾਰ ਵੱਲੋਂ ਪਦਉੱਨਤ ਹੋਣ ਉਪਰੰਤ ਕਾਲਜ ਦੇ ਨਵੇਂ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ ਗਿਆ। ਮੈਡਮ ਸ਼ਰਨਜੀਤ ਕੌਰ ਪਰਮਾਰ ਸਰਕਾਰੀ ਕਾਲਜ ਲੜਕੀਆਂ ਵਿੱਚ ਬਤੌਰ ਸੰਗੀਤ ਵਿਭਾਗ ਦੇ ਮੁਖੀ ਵਜੋਂ ਆਪਣੀਆਂ ਸੇਵਾਵਾਂ ਨਿਭਾਅ ਰਹੇ ਸੀ। ਉਹ ਪਿਛਲੇ 23 ਸਾਲ ਤੋਂ ਉਥੇ ਤਾਇਨਾਤ ਸਨ। ਪਿਛਲੇ ਦਿਨੀਂ ਉਚੇਰੀ ਸਿੱਖਿਆ ਵਿਭਾਗ ਪੰਜਾਬ ਵਲੋਂ ਉਨ੍ਹਾਂ ਨੂੰ ਪਦਉਨਤ ਕੀਤਾ ਗਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਇਸ ਪੇਂਡੂ ਕਾਲਜ ਦੀ ਬਿਹਤਰੀ ਲਈ ਹਰ ਸੰਭਵ ਯਤਨ ਕਰਨਗੇ। ਇਸ ਸੰਸਥਾ ਨੂੰ ਬੁਲੰਦੀਆਂ 'ਤੇ ਪੁਚਾਉਣ ਲਈ ਕੋਈ ਵੀ ਕਸਰ ਨਹੀਂ ਛੱਡਣਗੇ। ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਾਲਜ ਵਿਚ ਅਨੁਸ਼ਾਸਨ ਸਭ ਤੋਂ ਪਹਿਲਾਂ ਜ਼ਰੂਰੀ ਹੈ। ਪ੍ਰੋਫੈਸਰ ਪੂਜਾ ਕਪੂਰ ਨੇ ਮੈਡਮ ਪ੍ਰਿੰਸੀਪਲ ਜੀ ਦਾ ਬਾਇਓਡਾਟਾ ਵਿਸਥਾਰ ਪੂਰਵਕ ਪੜ੍ਹਿਆ। ਪ੍ਰੋਫੈਸਰ ਹਰਵਿੰਦਰ ਸਿੰਘ ਜੋਸ਼ੀ ਨੇ ਮੰਚ ਸੰਚਾਲਨ ਕੀਤਾ। ਸਮਾਗਮ ਵਿੱਚ ਪ੍ਰੋਫੈਸਰ ਜਤਿੰਦਰ ਕੁਮਾਰ, ਪ੍ਰੋ. ਖੁਸ਼ਪ੍ਰੀਤ, ਪ੍ਰੋਫੈਸਰ ਭੋਲਾ ਨਾਥ, ਪ੍ਰੋਫੈਸਰ ਨਿਵੇਦਿੱਤਾ ਜੀ ਤੇ ਕਾਲਜ ਦੇ ਸਾਰੇ ਰਿਸੋਰਸ ਪਰਸਨ ਤੇ ਵਿਦਿਆਰਥੀ ਸ਼ਾਮਲ ਸਨ।



## ਫ਼ਤਹਿ ਕਾਲਜ 'ਚ ਅਮਰ ਨੂਰੀ ਤੇ ਕਮਲਜੀਤ ਨੀਰੂ ਨੇ ਰੰਗ ਬੰਨ੍ਹਿਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਫ਼ਤਿਹ ਕਾਲਜ ਵਿਖੇ ਪੰਜਾਬ ਦੀਆਂ ਗਾਇਕਾਵਾਂ ਤੇ ਕੁੱਝ ਅਦਾਕਾਰਾਂ ਦਾ ਰੂਬਰੂ ਪ੍ਰੋਗਰਾਮ ਹੋਇਆ, ਜਿਸਦਾ ਹਾਜ਼ਰ ਸੈਂਕੜੇ ਵਿਦਿਆਰਥੀਆਂ ਨੇ ਭਰਪੂਰ ਆਨੰਦ ਮਾਣਿਆ। ਕਲਾਕਾਰਾਂ ਵਿਚ ਹੋਰਨਾਂ ਤੋਂ ਇਲਾਵਾ ਖਾਸ ਤੌਰ 'ਤੇ ਲੋਕ ਗਾਇਕਾ ਅਮਰ ਨੂਰੀ ਅਤੇ ਕਮਲਜੀਤ ਨੀਰੂ ਸਨ, ਜਿਨ੍ਹਾਂ ਨੇ ਆਪਣੀ ਅਦਾ ਅਤੇ ਦਮਦਾਰ ਆਵਾਜ਼ ਰਾਹੀਂ ਆਪਣੇ ਫਨ ਦਾ ਖੂਬਸੂਰਤ ਮੁਜ਼ਾਹਰਾ ਕੀਤਾ। ਇਸਤੋਂ ਪਹਿਲਾਂ ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਸੁਖਮੰਦਰ ਸਿੰਘ 'ਚੱਠਾ' ਨੇ ਆਏ ਕਲਾਕਾਰਾਂ ਨੂੰ ਜੀ ਆਇਆਂ ਕਹਿੰਦਿਆਂ ਦੱਸਿਆ ਕਿ ਕੰਪਲੈਕਸ ਅੰਦਰ ਪੜ੍ਹਾਈ, ਖੇਡਾਂ ਤੋਂ ਇਲਾਵਾ ਸਮੇਂ ਸਮੇਂ ਸੱਭਿਆਚਾਰਕ ਸਰਗਰਮੀਆਂ ਨੂੰ ਵੀ ਅੰਜਾਮ ਦਿੱਤਾ ਜਾਂਦਾ ਹੈ ਤਾਂ ਜੁ ਨੌਜਵਾਨ ਪੀੜ੍ਹੀ ਦਾ ਭਾਵਨਾਤਮਕ ਸੰਤੁਲਨ ਵੀ ਬਣਿਆ ਰਹੇ ਤੇ ਉਨ੍ਹਾਂ ਦਾ ਝੁਕਾਅ ਸਾਰਥਿਕ ਕੰਮਾਂ ਵੱਲ ਰਹੇ। ਅਮਰ ਨੂਰੀ ਨੇ ਸਟੇਜ ਸੰਭਾਲਦਿਆਂ ਹੀ ਗੀਤਾਂ ਦੀ ਛਹਿਬਰ ਲਾ ਦਿੱਤੀ। ਜਦੋਂ ਉਨ੍ਹਾਂ 'ਨਛੱਤਰਾ ਲੈ ਆਈਂ ਵੇ, ਇੱਕ ਸਾਬਣ ਦੀ ਟਿੱਕੀ ਤੇ 'ਭਾਬੀ ਮੇਰੀ ਗੁੱਤ ਕਰਦੇ, ਮੇਰੇ ਨੱਚਦੀ ਦੇ ਖੁੱਲ੍ਹਗੇ ਵਾਲ' ਗਾਇਆ ਤਾਂ ਪੰਡਾਲ ਝੂਮ ਉੱਠਿਆ।

ਇਸੇ ਤਰ੍ਹਾਂ ਕਮਲਜੀਤ ਨੀਰੂ ਨੇ ਵੀ 'ਜਦੋਂ ਮੇਰਾ ਲੱਕ ਹਿਲਦਾ, ਸਾਰਾ ਹਿਲਦਾ ਸ਼ਹਿਰ ਲੁਧਿਆਣਾ ਅਤੇ 'ਸੀਟੀ ਤੇ ਸੀਟੀ ਵੱਜੇ, ਜਦੋਂ ਮੈਂ ਝਾਂਜਰ ਛਣਕਾਈ' ਗਾਇਆ ਤਾਂ ਸਰੋਤਿਆਂ ਨੂੰ ਅਹਿਸਾਸ ਹੋਇਆ ਕਿ ਨੀਰੂ ਵਿਚ 25 ਸਾਲ ਪਹਿਲਾਂ ਵਾਲਾ ਦਮਖਮ ਅਜੇ ਵੀ ਕਾਇਮ ਹੈ। ਸਮਾਗਮ ਦੌਰਾਨ ਕਾਲਜ ਦੇ ਮੈਨੇਜਿੰਗ ਡਾਇਰੈਕਟਰ ਮਨਜੀਤ ਕੌਰ ਚੱਠਾ, ਸਰਵਨ ਸਿੰਘ ਚੱਠਾ, ਪ੍ਰਿੰਸੀਪਲ ਅਮਰਜੀਤ ਸਿੰਘ ਸਿੱਧੂ, ਸਹਾਇਕ ਡਾਇਰੈਕਟਰ ਹਰਪ੍ਰੀਤ ਹੈਪੀ ਤੇ ਜਸਵਿੰਦਰ ਸਿੰਘ, ਰਜਿਸਟਰਾਰ ਡਾ. ਰਾਜਿੰਦਰ ਤਿਰਪਾਠੀ, ਐਜੂਕੇਸ਼ਨ ਵਿਭਾਗ ਦੇ ਮੁਖੀ ਸੰਦੀਪ ਕੌਰ, ਸਤਵੀਰ ਕੌਰ, ਕ੍ਰਿਸ਼ਨ ਸਿੰਘ, ਰੌਬਿਨ ਮੰਗਲਾ, ਮੁਕੇਸ਼ ਗਰਗ, ਕੁਲਵਿੰਦਰ ਸਿੰਘ, ਸਮੀਰ ਕੁਮਾਰ ਤੇ ਸਮੂਹ ਸਟਾਫ਼ ਤੋਂ ਇਲਾਵਾ ਡਾ ਬੂਟਾ ਸਿੰਘ ਕਲੇਰ, ਪ੍ਰਸਿੱਧ ਕਵਿੱਤਰੀ ਸਿਮਰਨ ਅਕਸ ਨੇ ਵੀ ਵਿਸੇਸ ਹਾਜ਼ਰੀ ਲਵਾਈ।

## ਸ਼ਹੀਦ ਪ੍ਰਿਥੀਪਾਲ ਸਿੰਘ ਦੀ ਬਰਸੀ ਸੰਬੰਧੀ ਤਿਆਰੀਆਂ ਮੁਕੰਮਲ



**ਬੁਢਲਾਡਾ (ਅਸ਼ੋਕ ਲਾਕੜਾ)**-ਭਾਰਤੀ ਕਿਸਾਨ ਯੂਨੀਅਨ-ਏਕਤਾ ਡਕੌਂਦਾ ਵੱਲੋਂ ਜ਼ਮੀਨੀ ਘੋਲ ਦੇ ਸ਼ਹੀਦ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਦੀ 13ਵੀਂ ਬਰਸੀ 10 ਅਕਤੂਬਰ ਨੂੰ ਪਿੰਡ ਚੱਕ ਅਲੀਸ਼ੇਰ ਵਿਖੇ ਸੂਬਾ ਪੱਧਰ 'ਤੇ ਮਨਾਈ ਜਾਵੇਗੀ।

ਇਸ ਸਬੰਧੀ ਪਿੰਡ ਕਮੇਟੀਆਂ ਦੀਆਂ ਡਿਊਟੀਆਂ ਲਾਈਆਂ ਗਈਆਂ। ਜ਼ਿਲ੍ਹਾ ਪ੍ਰਧਾਨ ਲਛਮਣ ਸਿੰਘ ਚੱਕ ਅਲੀਸ਼ੇਰ ਤੇ ਬਲਾਕ ਪ੍ਰਧਾਨ ਬੁਢਲਾਡਾ ਦਰਸ਼ਨ ਸਿੰਘ ਗੁਰਨੇ ਕਲਾਂ ਨੇ ਦੱਸਿਆ ਕਿ ਪਿੰਡਾਂ 'ਚ ਨੁੱਕੜ ਮੀਟਿੰਗਾਂ ਕਰਾਈਆਂ ਗਈਆਂ ਅਤੇ ਕਿਸਾਨਾਂ ਨੂੰ ਵੱਡੀ ਗਿਣਤੀ 'ਚ ਸ਼ਮੂਲੀਅਤ ਦਾ ਸੱਦਾ ਦਿੱਤਾ ਗਿਆ। ਕਿਸਾਨ ਆਗੂਆਂ ਨੇ ਦੱਸਿਆ ਕਿ ਸੂਬਾਈ ਆਗੂਆਂ ਦੇ ਸੰਬੋਧਨ ਦੇ ਨਾਲ-ਨਾਲ ਸਮਾਜ ਪੱਖੀ ਨਾਟਕਕਾਰ ਟੀਮਾਂ ਵੱਲੋਂ ਨਾਟਕ ਵੀ ਕੀਤਾ ਜਾਵੇਗਾ। ਇਸ ਮੌਕੇ ਬਲਾਕ ਸੀਨੀਅਰ ਮੀਤ ਪ੍ਰਧਾਨ ਜਗਰਾਜ ਸਿੰਘ ਅਹਿਮਦਪੁਰ, ਬਲਾਕ ਜਨਰਲ ਸਕੱਤਰ ਜਗਰੂਪ ਸਿੰਘ ਮਘਾਣੀਆ, ਬਲਾਕ ਖ਼ਜ਼ਾਨਚੀ ਨਛੱਤਰ ਸਿੰਘ ਅਹਿਮਦਪੁਰ, ਗੁਰਜੰਟ ਸਿੰਘ ਤੇ ਜਗਸੀਰ ਸਿੰਘ ਭੱਠਲ, ਦਰਸ਼ਨ ਸਿੰਘ ਤੇ ਲਾਭ ਸਿੰਘ ਪਿਪਲੀਆ, ਰਘਵੀਰ ਸਿੰਘ ਵਰੇ, ਹਰਦੀਪ ਸਿੰਘ ਤੇ ਬਹਾਦਰ ਸਿੰਘ ਮੱਲ ਸਿੰਘ ਵਾਲਾ, ਜਗਵੰਤ ਸਿੰਘ ਆਡਿਆਵਾਲੀ, ਜੋਗਿੰਦਰ ਸਿੰਘ ਤੇ ਦਰਸ਼ਨ ਮਾਨ ਗੁਰਨੇ ਕਲਾਂ, ਬਿੱਟੂ ਸਿੰਘ ਬੀਰੋਕੇ ਖੁਰਦ ਤੇ ਮਨਜੀਤ ਸਿੰਘ ਹਾਕਮਵਾਲਾ ਆਦਿ ਆਗੂ ਹਾਜ਼ਰ ਸਨ।

# ਕਿਸਾਨਾਂ ਦੀ ਫਸਲ ਦਾ ਇੱਕ-ਇੱਕ ਦਾਣਾ ਖ਼੍ਰੀਦਿਆ ਜਾਵੇਗਾ : ਕਟਾਰੂਚੱਕ

**ਸੂਬੇ ਦੀਆਂ ਮੰਡੀਆਂ 'ਚ ਝੋਨੇ ਦੀ ਖਰੀਦ, ਨਾਲੋ-ਨਾਲ ਲਿਫਟਿੰਗ ਤੇ 24 ਘੰਟੇ 'ਚ ਅਦਾਇਗੀ ਦੇ ਪੁਖਤਾ ਪ੍ਰਬੰਧ**



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸੂਬਾ ਸਰਕਾਰ ਵੱਲੋਂ ਝੋਨੇ ਦੀ ਖਰੀਦ ਲਈ ਸੂਬੇ ਦੀਆਂ 1854 ਮੰਡੀਆਂ ਵਿੱਚ ਝੋਨੇ ਦੀ ਖਰੀਦ, ਖਰੀਦੇ ਗਏ ਝੋਨੇ ਦੀ ਨਾਲੋ-ਨਾਲ ਲਿਫਟਿੰਗ ਕਰਵਾਉਣ ਤੇ ਖਰੀਦੇ ਗਏ ਝੋਨੇ ਦੀ 24 ਘੰਟੇ ਵਿੱਚ ਅਦਾਇਗੀ ਕਰਨ ਨੂੰ ਯਕੀਨੀ ਬਣਾਉਣ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਕਿਸਾਨਾਂ ਦੀ ਪੁੱਤਾਂ ਵਾਂਗ ਪਾਲੀ ਗਈ ਫਸਲ ਦਾ ਇੱਕ-ਇੱਕ ਦਾਣਾ ਖ਼੍ਰੀਦਿਆ ਜਾਵੇਗਾ। ਇਹ ਐਲਾਨ ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਸ਼੍ਰੀ ਲਾਲ ਚੰਦ ਕਟਾਰੂਚੱਕ ਨੇ ਅਨਾਜ ਮੰਡੀ ਸਰਹਿੰਦ ਵਿਖੇ ਝੋਨੇ ਦੀ ਖਰੀਦ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਪੰਜਾਬ ਨੂੰ ਕੇਂਦਰੀ ਪੂਲ ਲਈ 182 ਲੱਖ ਮੀਟਰਿਕ ਟਨ ਦਾ ਟੀਚਾ ਦਿੱਤਾ ਗਿਆ ਹੈ, ਜਿਸ ਨੂੰ ਪੂਰਾ ਕਰਨ ਲਈ ਪੂਰੀ ਸੰਜੀਦਗੀ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾ ਇਸ ਮੌਕੇ ਪਿੰਡ ਜਲਵੇੜਾ ਦੇ ਕਿਸਾਨ ਸਤਨਾਮ ਸਿੰਘ ਦਾ ਮੂੰਹ ਮਿੱਠਾ ਕਰਵਾ ਕੇ ਫਸਲ ਦੀ ਬੋਲੀ ਕਰਵਾਈ ਤੇ ਮੰਡੀ ਵਿੱਚ ਮੌਜੂਦ ਮਜ਼ਦੂਰਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ।

ਸ਼੍ਰੀ ਕਟਾਰੂਚੱਕ ਨੇ ਕਿਹਾ ਕਿ ਸਰਕਾਰ ਕੋਲ ਅਕਤੂਬਰ ਮਹੀਨੇ ਵਿੱਚ ਹੀ 37 ਹਜ਼ਾਰ ਕਰੋੜ ਰੁਪਏ ਦੀ ਸੀ.ਸੀ.ਐੱਲ. ਪ੍ਰਾਪਤ ਹੋ ਚੁੱਕੀ ਹੈ ਤੇ ਮੰਡੀਆਂ ਵਿੱਚ ਲੋੜੀਂਦੇ ਬਾਰਦਾਨੇ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਪਿਛਲੀਆਂ ਸਰਕਾਰਾਂ ਸਮੇਂ ਕਿਸਾਨਾਂ ਨੂੰ ਦੀਵਾਲੀ ਤੇ ਵਿਸਾਖੀ ਵਰਗੇ ਅਹਿਮ ਤਿਓਹਾਰਾਂ ਮੌਕੇ ਵੀ ਆਪਣੀ ਫਸਲ ਵੇਚਣ ਲਈ ਮੰਡੀਆਂ ਵਿੱਚ ਹੀ ਰਾਤਾਂ ਕੱਟਣੀਆਂ ਪੈਂਦੀਆਂ ਸਨ, ਪ੍ਰੰਤੂ ਸਾਡੀ ਸਰਕਾਰ ਕਿਸਾਨਾਂ ਨੂੰ ਮੰਡੀਆਂ 'ਚ ਰਾਤਾਂ ਨਹੀਂ ਕੱਟਣ ਦੇਵੇਗੀ। ਉਨ੍ਹਾਂ ਦੱਸਿਆ ਕਿ ਮੰਡੀਆਂ 'ਚ ਵਿਕਣ ਲਈ ਆਉਣ ਵਾਲੀ ਫਸਲ ਦੀ ਨਮੀਂ ਚੈੱਕ ਕਰਨ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆ ਹਨ, ਜੋ ਮੰਡੀਆਂ ਦੇ ਗੇਟ 'ਤੇ ਹੀ ਫਸਲ ਦੀ ਨਮੀਂ ਚੈੱਕ ਕਰਨਗੀਆਂ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸਰਕਾਰ ਵੱਲੋਂ ਬਾਹਰਲੇ ਸੂਬਿਆਂ ਤੋਂ ਆਉਣ ਵਾਲੀ ਫਸਲ ਨੂੰ ਪੰਜਾਬ ਅੰਦਰ ਵੇਚਣ ਲਈ ਆਉਣ ਤੋਂ ਰੋਕਣ ਲਈ ਇੰਟਰ ਸਟੇਟ ਨਾਕੇ ਵੀ ਲਗਾਏ ਗਏ ਹਨ, ਜਿੱਥੇ ਕਿ 24 ਘੰਟੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਉਨ੍ਹਾਂ ਇਸ ਮੌਕੇ ਸੂਬੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਮੰਡੀਆਂ ਵਿੱਚ ਫਸਲ ਪੂਰੀ ਤਰ੍ਹਾਂ ਸੁਕਾ ਕੇ ਹੀ ਲਿਆਂਦੀ ਜਾਵੇ ਤੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੀ ਥਾਂ ਉਸ ਨੂੰ ਜ਼ਮੀਨ ਵਿੱਚ ਹੀ ਵਾਹੁਣ ਨੂੰ ਤਰਜੀਹ ਦਿੱਤੀ ਜਾਵੇ।

## ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਇੰਸਪੈਕਟਰ ਜਨਰਲ ਗੁਰਸ਼ਰਨ ਸਿੰਘ ਸੰਧੂ ਨਾਲ ਵਫ਼ਦ ਨੇ ਕੀਤੀ ਮੁਲਾਕਾਤ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਆਈ.ਐਸ.ਐਫ.ਕਾਲਜ ਦੇ ਚੇਅਰਮੈਨ ਪ੍ਰਵੀਨ ਗਰਗ, ਨੌਜਵਾਨ ਅਗਰਵਾਲ ਸਭਾ ਦੇ ਜ਼ਿਲ੍ਹਾ ਪ੍ਰਧਾਨ ਰਿਸ਼ੂ ਅਗਰਵਾਲ ਤੇ ਰਾਈਸ ਮਿੱਲਰ ਆਰਗੇਨਾਈਜ਼ੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਹੇਠ ਇਕ ਵਫ਼ਦ ਆਈ.ਜੀ ਪੁਲਸ ਫ਼ਰੀਦਕੋਟ ਰੇਂਜ ਗੁਰਸ਼ਰਨ ਸਿੰਘ ਸੰਧੂ ਨੂੰ ਮਿਲਣ ਲਈ ਪਹੁੰਚਿਆ। ਇਸ ਮੌਕੇ ਉਨ੍ਹਾਂ ਫ਼ਰੀਦਕੋਟ ਰੇਂਜ ਦੇ ਆਈ.ਜੀ. ਅਜੋਕੇ ਸੰਦਰਭ 'ਚ ਅਮਨ-ਕਾਨੂੰਨ ਨੂੰ ਕਾਇਮ ਰੱਖਣ ਲਈ ਨੌਜਵਾਨਾਂ ਅਤੇ ਸਮਾਜਿਕ ਸੰਸਥਾਵਾਂ ਨੂੰ ਅਹਿਮ ਦੱਸਿਆ। ਉਨ੍ਹਾਂ ਸਮਾਜ ਸੇਵੀ ਸੰਸਥਾਵਾਂ ਨੂੰ ਆਉਣ ਵਾਲੇ ਸਮੇਂ ਵਿਚ ਸਾਈਬਰ ਕ੍ਰਾਈਮ, ਚੋਰੀ, ਲੁੱਟ-ਖੋਹ ਅਤੇ ਨੌਜਵਾਨਾਂ ਵਿਚ ਫੈਲੇ ਨਸ਼ਿਆਂ ਦਾ ਟਾਕਰਾ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਚੇਅਰਮੈਨ ਪਰਵੀਨ ਗਰਗ ਅਤੇ ਪ੍ਰਧਾਨ ਰਿਸ਼ੂ ਅਗਰਵਾਲ ਨੇ ਉਪਰੋਕਤ ਸਮਾਜਿਕ ਬੁਰਾਈਆਂ ਨੂੰ ਖਤਮ ਕਰਨ ਲਈ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਵੱਲੋਂ ਪੂਰਨ ਸਹਿਯੋਗ ਦਾ ਭਰੋਸਾ ਦਿਵਾਇਆ। ਉਨ੍ਹਾਂ ਕਿਹਾ ਕਿ ਪਿਛਲੇ 13 ਸਾਲਾਂ ਤੋਂ ਸਮਾਜ ਦੇ ਹਰ ਵਰਗ ਨੂੰ ਉਨ੍ਹਾਂ ਵੱਲੋਂ ਮੌਕਾ ਦਿੱਤਾ ਜਾ ਰਿਹਾ ਹੈ, ਜਿਸ ਤੋਂ ਲੋਕਾਂ ਨੂੰ ਉਨ੍ਹਾਂ ਵੱਲੋਂ ਪ੍ਰੇਰਿਤ ਕੀਤਾ ਜਾ ਰਿਹਾ ਹੈ। ਦੇਸ਼, ਧਰਮ ਤੇ ਸਮਾਜ ਦੇ ਹਿੱਤ ਵਿੱਚ ਕੰਮ ਕਰਨ ਤੇ ਆਲ ਇੰਡੀਆ ਅਗਰਵਾਲ ਕਾਨਫਰੰਸ ਦੇ ਸੀਨੀਅਰ ਮੀਤ ਪ੍ਰਧਾਨ ਵਜੋਂ ਉਨ੍ਹਾਂ ਨੂੰ ਸੌਂਪੀ ਗਈ ਨਵੀਂ ਜ਼ਿੰਮੇਵਾਰੀ ਕਾਰਨ ਪੰਜਾਬ ਭਰ ਦੇ ਹਜ਼ਾਰਾਂ ਨੌਜਵਾਨ ਉਨ੍ਹਾਂ ਦੇ ਸੰਪਰਕ ਵਿੱਚ ਹਨ। ਪੰਜਾਬ ਨਸ਼ਾ ਮੁਕਤ ਹੋ ਸਕਦਾ ਹੈ। ਸੂਬੇ ਨੂੰ ਮੁਕਤ ਬਣਾਉਣ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ, ਇਸੇ ਲਈ ਇੰਸਪੈਕਟਰ ਜਨਰਲ ਨੂੰ ਉਨ੍ਹਾਂ ਦੇ ਫਰੀਦਕੋਟ ਰੇਂਜ ਦਾ ਚਾਰਜ ਸੰਭਾਲਣ ਮੌਕੇ ਸ਼ੁਭਕਾਮਨਾਵਾਂ ਦੇਣ ਲਈ ਇਕ ਸ਼ਿਸ਼ਟਾਚਾਰ ਮੀਟਿੰਗ ਦਾ ਆਯੋਜਨ ਕੀਤਾ ਗਿਆ, ਉਥੇ ਹੀ ਉਨ੍ਹਾਂ ਨੇ ਸੂਬੇ 'ਚ ਫੈਲੀਆਂ ਸਮਾਜਿਕ-ਆਰਥਿਕ ਬੁਰਾਈਆਂ ਨੂੰ ਦੂਰ ਕਰਨ ਦਾ ਸੱਦਾ ਵੀ ਦਿੱਤਾ। ਆਈ.ਜੀ ਫ਼ਰੀਦਕੋਟ ਰੇਂਜ ਨੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ। ਇਸ ਮੌਕੇ ਚੇਅਰਮੈਨ ਪਰਵੀਨ ਗਰਗ ਨੇ ਕਿਹਾ ਕਿ ਬਹੁਤ ਜਲਦ ਮੋਗਾ ਵਿਖੇ ਨੌਜਵਾਨਾਂ ਲਈ ਸੈਮੀਨਾਰ ਕਰਾਇਆ ਜਾਵੇਗਾ, ਜਿਸ ਵਿੱਚ ਨਸ਼ਿਆਂ ਤੇ ਸਾਈਬਰ ਕ੍ਰਾਈਮ ਵਿਰੁੱਧ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਚੇਅਰਮੈਨ ਪਰਵੀਨ ਗਰਗ, ਪ੍ਰਧਾਨ ਰਿਸ਼ੂ ਅਗਰਵਾਲ ਅਤੇ ਰਾਈਸ ਮਿਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਪ੍ਰੇਮ ਸਿੰਗਲ ਹਾਜ਼ਰ ਸਨ।

## ਕਿਸੇ ਵੀ ਕੀਮਤ 'ਤੇ ਐੱਸ ਵਾਈ ਐੱਲ ਨਹਿਰ ਨਹੀਂ ਬਣਨ ਦੇਵਾਂਗੇ : ਹਰਿੰਦਰ ਸਿੰਘ ਲੱਖੋਵਾਲ



**ਧੂਰੀ (ਸੁਖਦੇਵ ਧੂਰੀ)**

ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ ਵਿੱਚ ਐਸ.ਵਾਈ.ਐਲ ਨਹਿਰ ਦੇ ਮੁੱਦੇ 'ਤੇ ਦਿੱਤੇ ਬਿਆਨ ਨਾਲ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦਾ ਦੋਗਲਾ ਚਿਹਰਾ ਨੰਗਾ ਹੋ ਗਿਆ ਹੈ। ਇਸ ਬਿਆਨ ਤੋਂ ਸਾਫ ਹੋ ਗਿਆ ਹੈ ਕਿ ਭਗਵੰਤ ਮਾਨ ਸਰਕਾਰ ਆਪਣੇ ਆਕਾ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਹਰਿਆਣੇ ਨੂੰ ਪਾਣੀ ਦੇ ਕੇ ਖੁਸ਼ ਕਰਨਾ ਚਾਹੁੰਦੀ ਹੈ। ਇਸ ਨੂੰ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਬਿਲਕੁਲ ਬਰਦਾਸ਼ਤ ਨਹੀਂ ਕਰੇਗੀ। ਇਹ ਵਿਚਾਰ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਜਨਰਲ ਸਕੱਤਰ ਹਰਿੰਦਰ ਸਿੰਘ ਲੱਖੋਵਾਲ ਵੱਲੋਂ ਕਿਸਾਨ ਆਗੂ ਕ੍ਰਿਪਾਲ ਸਿੰਘ ਪੂੰਨਾਂਵਾਲ ਦੀ ਅਗਵਾਈ ਵਿੱਚ ਕਿਸਾਨਾਂ ਦੀ ਭਰਵੀਂ ਮੀਟਿੰਗ ਨੂੰ ਪਿੰਡ ਪੁੰਨਵਾਲ ਵਿਖੇ ਸੰਬੋਧਨ ਕਰਦਿਆਂ ਕੀਤਾ। ਲੱਖੋਵਾਲ ਨੇ ਕਿਹਾ ਪੰਜਾਬ ਦੇ ਕਈ ਜ਼ਿਲ੍ਹੇ ਡਾਰਕ ਜ਼ੋਨ ਵਿੱਚ ਹਨ, ਜਿੱਥੇ ਧਰਤੀ ਹੇਠਲੇ ਪਾਣੀ ਦਾ ਲੈਵਲ ਬਹੁਤ ਹੇਠਾਂ ਜਾ ਚੁੱਕਾ ਹੈ। ਪੰਜਾਬ ਦੇ ਦਰਿਆਵਾਂ ਵਿੱਚੋਂ ਪਹਿਲਾਂ ਹੀ ਰਾਜਸਥਾਨ ਅਤੇ ਹਰਿਆਣਾ ਵੱਡੀ ਮਾਤਰਾ ਵਿੱਚ ਪਾਣੀ ਲੈ ਰਹੇ ਹਨ, ਜੇਕਰ ਪੰਜਾਬ ਵਿੱਚੋਂ ਐਸ.ਵਾਈ.ਐਲ ਨਹਿਰ ਨਿਕਲਦੀ ਹੈ ਤਾਂ ਪੰਜਾਬ ਦੀ ਧਰਤੀ ਬੰਜਰ ਹੋ ਜਾਵੇਗੀ। ਲੱਖੋਵਾਲ ਨੇ ਅੱਗੇ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਵੱਲੋਂ 26, 27, 28 ਨਵੰਬਰ ਨੂੰ ਕਿਸਾਨੀ ਮੰਗਾਂ ਦੇ ਸਬੰਧ ਵਿੱਚ ਹਜ਼ਾਰਾਂ ਕਿਸਾਨ ਟਰੈਕਟਰ-ਟਰਾਲੀਆਂ ਰਾਹੀਂ ਚੰਡੀਗੜ੍ਹ ਕੂਚ ਕਰਨਗੇ।

ਲੱਖੋਵਾਲ ਵੱਲੋਂ ਪੰਜਾਬ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਵਿੱਚ ਆਏ ਹੜ੍ਹਾਂ ਨੇ ਕਿਸਾਨਾਂ ਦੀ ਝੋਨੇ ਦੀ ਫਸਲ, ਹਰਾ ਚਾਰਾ, ਸਬਜ਼ੀਆਂ, ਘਰਾਂ ਅਤੇ ਪਸ਼ੂਆਂ ਦਾ ਭਾਰੀ ਨੁਕਸਾਨ ਦਾ ਪੰਜਾਬ ਸਰਕਾਰ ਵੱਲੋਂ ਮੁਆਵਜ਼ਾ ਨਾ ਦੇਣ 'ਤੇ ਸਰਕਾਰ ਦੀ ਖਿਚਾਈ ਕਰਦਿਆਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਇੱਕ ਨਿਕੰਮੀ ਤੇ ਝੂਠੀ ਸਰਕਾਰ ਹੈ। ਇਸ ਮੌਕੇ ਬੀਕੇਯੂ (ਡਕੌਂਦਾ) ਬੀਕੇਯੂ (ਉਗਰਾਹਾਂ) ਬੀਕੇਯੂ (ਕਾਦੀਆਂ) ਦੇ ਵੱਡੀ ਗਿਣਤੀ 'ਚ ਵਰਕਰਾਂ ਨੇ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) 'ਚ ਸ਼ਮੂਲੀਅਤ ਕੀਤੀ, ਜਿਸ ਨੂੰ ਲੱਖੋਵਾਲ ਨੇ ਸਿਰੋਪਾਓ ਪਾ ਕੇ ਸਨਮਾਨਤ ਕੀਤਾ। ਇਸ ਮੌਕੇ ਕਿਸਾਨ ਆਗੂ ਅਵਤਾਰ ਸਿੰਘ ਡੇਹਲੋਂ, ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਘਨੌਰ, ਜ਼ਿਲ੍ਹਾ ਜਨਰਲ ਸਕੱਤਰ ਵਰਿੰਦਰਪਾਲ ਸਿੰਘ ਬਰੜਵਾਲ, ਸਰਬਜੀਤ ਸਿੰਘ ਜਹਾਂਗੀਰ, ਅਵਤਾਰ ਸਿੰਘ ਬਾਦਸ਼ਾਹਪੁਰ, ਜਸਵਿੰਦਰ ਕੌਰ ਪੂੰਨਾਂਵਾਲ, ਨਛੱਤਰ ਸਿੰਘ ਪੂੰਨਾਂਵਾਲ ਅਤੇ ਹੋਰ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਹਾਜ਼ਰ ਸਨ।

# ਚਾਲੂ ਸੀਜ਼ਨ ਦੌਰਾਨ 182 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਦਾ ਟੀਚਾ : ਕਟਾਰੂਚੱਕ



**ਜਲੰਧਰ, (ਸੁਰਿੰਦਰ ਕੁਮਾਰ)**- ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਵਿਚ ਝੋਨੇ ਦੀ ਖਰੀਦ ਸੁਚਾਰੂ ਢੰਗ ਨਾਲ ਚੱਲ ਰਹੀ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਿਸਾਨਾਂ ਦੀ ਫਸਲ ਦਾ ਦਾਣਾ-ਦਾਣਾ ਘੱਟੋ ਘੱਟ ਸਰਕਾਰੀ ਕੀਮਤ 'ਤੇ ਖਰੀਦਣਾ ਯਕੀਨੀ ਬਣਾਵੇਗੀ। ਅੱਜ ਇੱਥੇ ਫਿਲੌਰ ਵਿਖੇ ਝੋਨੇ ਦੀ ਖਰੀਦ ਦਾ ਜਾਇਜ਼ਾ ਲੈਣ ਮੌਕੇ ਉਨ੍ਹਾਂ ਜਿੱਥੇ ਕਿਸਾਨਾਂ ਤੇ ਆੜ੍ਹਤੀਆਂ ਨਾਲ ਗੱਲਬਾਤ ਦੌਰਾਨ ਖਰੀਦ ਪ੍ਰਕ੍ਰਿਆ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਉੱਥੇ ਹੀ ਦੱਸਿਆ ਕਿ ਪੰਜਾਬ ਦੀਆਂ ਖਰੀਦ ਏਜੰਸੀਆਂ ਵਲੋਂ 182 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਜਾਵੇਗੀ। ਉਨ੍ਹਾਂ ਮੰਡੀ ਵਿਚ ਖਰੀਦ ਪ੍ਰਬੰਧਾਂ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਖਰੀਦ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਰਿਜ਼ਰਵ ਬੈਂਕ ਤੋਂ 37000 ਕਰੋੜ ਰੁਪਏ ਦੀ ਕਰੈਡਿਟ ਲਿਮਟ, ਬਾਰਦਾਨੇ ਆਦਿ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ। ਕੈਬਨਿਟ ਮੰਤਰੀ ਨੇ ਵੱਖ-ਵੱਖ ਖਰੀਦ ਏਜੰਸੀਆਂ ਮਾਰਕਫੈਡ, ਪਨਸਪ, ਵੇਅਰਹਾਊਸ ਤੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਲਗਾਤਾਰ ਮੰਡੀਆਂ ਦਾ ਦੌਰਾ ਕਰਨ ਤਾਂ ਜੋ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਵਿਚ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਇਹ ਵੀ ਕਿਹਾ ਕਿ ਕਿਸਾਨਾਂ ਨੂੰ ਖਰੀਦੀ ਗਈ ਫਸਲ ਦੀ ਅਦਾਇਗੀ ਵੀ 48 ਘੰਟੇ ਦੇ ਅੰਦਰ-ਅੰਦਰ ਕੀਤੀ ਜਾਣੀ ਯਕੀਨੀ ਬਣਾਈ ਜਾਵੇ। ਇਸ ਮੌਕੇ ਉਨ੍ਹਾਂ ਜਲੰਧਰ ਜ਼ਿਲ੍ਹੇ ਵਿਚ ਖਰੀਦ ਪ੍ਰਬੰਧਾਂ ਦੀ ਸਮੀਖਿਆ ਵੀ ਕੀਤੀ ਜਿਸ ਦੌਰਾਨ ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹੇ ਵਿਚ 1062004 ਮੀਟਰਕ ਟਨ ਝੋਨੇ ਦੀ ਖਰੀਦ ਦਾ ਟੀਚਾ ਹੈ, ਜਿਸ ਲਈ 81 ਮੰਡੀਆਂ ਵਿਚ ਖਰੀਦ ਚੱਲ ਰਹੀ ਹੈ। ਖਰੀਦੇ ਗਏ ਝੋਨੇ ਦੀ ਬਦਲੇ ਕਿਸਾਨਾਂ ਨੂੰ ਨਿਰਧਾਰਤ ਸਮੇਂ ਦੇ ਅੰਦਰ-ਅੰਦਰ 4 ਕਰੋੜ ਰੁਪਏ ਦੀ ਅਦਾਇਗੀ ਵੀ ਕੀਤੀ ਜਾ ਚੁੱਕੀ ਹੈ। ਇਸ ਮੌਕੇ ਐਸ.ਡੀ.ਐਮ. ਅਮਨਪਾਲ ਸਿੰਘ, ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਅਧਿਕਾਰੀ ਨਰਿੰਦਰ ਸਿੰਘ ਤੇ ਹੋਰ ਹਾਜ਼ਰ ਸਨ।

# ਟਿਕਾਊ ਕੂੜਾ ਪ੍ਰਬੰਧਨ ਪ੍ਰਕਿਰਿਆ ਨੂੰ ਜਾਣਨ ਲਈ ਸਕੂਲੀ ਵਿਦਿਆਰਥੀਆਂ ਦਾ ਖੇਤਰੀ ਦੌਰਾ



**ਮੋਹਾਲੀ (ਗੁਰਜੀਤ ਬਿੱਲਾ)**-ਪਿੰਡ ਮਨੌਲੀ ਦੇ ਸਰਕਾਰੀ ਸਕੂਲ ਦੇ 55 ਤੋਂ ਵੱਧ ਵਿਦਿਆਰਥੀਆਂ ਨੇ ਅੱਜ ਨਗਰ ਨਿਗਮ ਮੋਹਾਲੀ ਦੇ ਕੂੜਾ ਪ੍ਰਬੰਧਨ ਦੇ ਯਤਨਾਂ ਬਾਰੇ ਜਾਣਨ ਲਈ ਵੱਖ-ਵੱਖ ਥਾਵਾਂ ਦਾ ਦੌਰਾ ਕੀਤਾ। ਦੌਰੇ ਦੌਰਾਨ ਉਨ੍ਹਾਂ ਨੇ ਬਾਗਬਾਨੀ ਰਹਿੰਦ-ਖੂੰਹਦ ਦੀ ਖਾਦ ਬਣਾਉਣ ਲਈ ਨੇਚਰ ਪਾਰਕ, ਰਸੋਈ ਦੇ ਰਹਿੰਦ-ਖੂੰਹਦ ਲਈ ਕੰਪੋਸਟ ਪਿਟਸ, ਵੇਸਟ ਸੈਂਡਿੰਗ ਅਤੇ ਬੇਲਿੰਗ ਮਸ਼ੀਨਾਂ, ਨਾਰੀਅਲ ਕੱਟਣ, ਅਤੇ ਵਰਮੀ ਕੰਪੋਸਟਿੰਗ ਅਤੇ ਗਊ-ਗੋਬਰ ਦੀ ਰਚਨਾ ਦੇਖਣ ਲਈ ਗਊਸ਼ਾਲਾ ਦਾ ਦੌਰਾ ਕੀਤਾ।

ਉਨ੍ਹਾਂ ਸ਼ਮਸ਼ਾਨਘਾਟ ਲਈ ਗੋਹੇ ਤੋਂ ਬਣਾਏ ਲੱਠੇ, ਜੋ ਰੁੱਖ ਦੀ ਲੱਕੜ ਦੀ ਲੋੜ ਨੂੰ ਘਟਾਉਂਦਾ ਹੈ, ਵੀ ਦੇਖੇ। ਨਾਰੀਅਲ ਦੇ ਛਿਲਕਿਆਂ ਦੇ ਬਾਰੀਕ ਕੀਤੇ ਗੋਲੇ ਵੀ ਗੋਬਰ ਦੇ ਲੱਠ ਵਿੱਚ ਸ਼ਾਮਲ ਕੀਤੇ ਜਾ ਰਹੇ ਹਨ ਜੋ ਬਾਲਣ ਵਜੋਂ ਕੰਮ ਕਰਦੇ ਹਨ ਅਤੇ ਕੂੜਾ ਪ੍ਰਬੰਧਨ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਵਰਤੇ ਜਾਂਦੇ ਹਨ। ਨਵਜੋਤ ਕੌਰ, ਕਮਿਸ਼ਨਰ, ਮਿਊਂਸਪਲ ਕਾਰਪੋਰੇਸ਼ਨ ਨੇ ਦੱਸਿਆ ਕਿ ਸਸਟੇਨੇਬਿਲਟੀ ਲੀਡਰਜ਼ ਪ੍ਰੋਗਰਾਮ 'ਸਵੱਛਤਾ ਹੀ ਸੇਵਾ' ਮੁਹਿੰਮ ਨਾਲ ਮੇਲ ਖਾਂਦਾ ਹੈ, ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਸਵੱਛ ਭਾਰਤ ਮਿਸ਼ਨ ਵਿੱਚ ਤਬਦੀਲੀ ਕਰਨ ਵਾਲੇ ਬਣਨ ਲਈ ਜਾਗਰੂਕ ਕਰਨਾ ਹੈ। ਸਿੱਖਿਆ ਵਿਭਾਗ ਦੀ ਕੋਆਰਡੀਨੇਟਰ ਪ੍ਰੀਤੀ ਬਾਂਸਲ ਨੇ ਦੱਸਿਆ ਕਿ ਸਰਕਾਰੀ ਹਾਈ ਸਕੂਲ, ਕੁੰਭੜਾ, ਸਰਕਾਰੀ ਹਾਈ ਸਕੂਲ ਮਟੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫੇਜ਼ 3ਬੀ1, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫੇਜ਼ 11, ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਸੋਹਾਣਾ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਖਰੜ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੀੜਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਵਾਂ ਸ਼ਹਿਰ ਬਡਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੌਲੀ ਬੈਦਵਾਨ ਦੇ 550 ਤੋਂ ਵੱਧ ਵਿਦਿਆਰਥੀਆਂ ਨੇ ਫੀਲਡ ਵਿਜ਼ਟ ਕਰ ਲਈ ਹੈ ਅਤੇ ਇਸ ਹਫਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂਲਾਪੁਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਹਿਲੋਲਪੁਰ ਦੁਆਰਾ ਵਿਜ਼ਟ ਕੀਤੀ ਜਾਵੇਗੀ। ਇਸ ਫੀਲਡ ਵਿਜ਼ਟ 'ਤੇ ਵੰਦਨਾ ਸੁਖੀਜਾ ਕਮਿਊਨਿਟੀ ਫੈਸੀਲੀਟੇਟਰ, ਡਾ. ਵਰਿੰਦਰ ਕੌਰ ਅਤੇ ਆਰਜੂ ਤੰਵਰ ਆਈ ਈ ਸੀ ਮਾਹਰ ਮੌਜੂਦ ਸਨ।

# ਜੋਗਿੰਦਰ ਸਿੰਘ ਮਾਨ ਨੇ ਪਿੰਡ ਵਾਹਦ ਦੀ ਅਨਾਜ ਮੰਡੀ 'ਚ ਸ਼ੁਰੂ ਕਰਵਾਈ ਝੋਨੇ ਦੀ ਖਰੀਦ



**ਫਗਵਾੜਾ (ਜਸਵਿੰਦਰ ਢੱਡਾ)**-ਵਿਧਾਨ ਸਭਾ ਹਲਕਾ ਫਗਵਾੜਾ ਦੇ ਪਿੰਡ ਵਾਹਦ ਸਥਿਤ ਅਨਾਜ ਮੰਡੀ ਵਿੱਚ ਝੋਨੇ ਦੀ ਖਰੀਦ ਦਾ ਕੰਮ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਵੱਲੋਂ ਸ਼ੁਰੂ ਕਰਵਾਇਆ ਗਿਆ। ਇਸ ਦੌਰਾਨ ਉਨ੍ਹਾਂ ਸਮੂਹ ਆੜ੍ਹਤੀਆਂ ਅਤੇ ਕਿਸਾਨਾਂ ਦੀ ਹਾਜ਼ਰੀ ਵਿੱਚ ਮੰਡੀ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਮੰਡੀ ਮੁਲਾਜ਼ਮਾਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ। ਮਾਨ ਨੇ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਫਸਲ ਦੀ ਖਰੀਦ ਵਿੱਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਲੋੜ ਅਨੁਸਾਰ ਬਾਰਦਾਨੇ ਦਾ ਪ੍ਰਬੰਧ ਕੀਤਾ ਗਿਆ ਹੈ। ਕਿਸਾਨਾਂ ਅਤੇ ਮੰਡੀ ਮਜ਼ਦੂਰਾਂ ਦੀ ਸਹੂਲਤ ਲਈ ਵੀ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ। ਇਹ ਯਕੀਨੀ ਬਣਾਇਆ ਜਾਵੇਗਾ ਕਿ ਫਸਲ ਦੀ ਕੀਮਤ ਕਿਸਾਨਾਂ ਦੇ ਖਾਤਿਆਂ ਵਿੱਚ ਸਮੇਂ ਸਿਰ ਪਹੁੰਚ ਜਾਵੇ ਅਤੇ ਫਸਲ ਦੀ ਲਿਫਟਿੰਗ ਸਮੇਂ 'ਤੇ ਹੋ ਸਕੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰੀ ਮਾਪਦੰਡ ਤੋਂ ਵੱਧ ਨਮੀ ਵਾਲੀ ਫ਼ਸਲ ਮੰਡੀ ਵਿੱਚ ਨਾ ਲਿਆਉਣ ਤਾਂ ਜੋ ਉਨ੍ਹਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਫ਼ਸਲ ਦਾ ਪੂਰਾ ਭਾਅ ਮਿਲ ਸਕੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਕਿਸਾਨ ਜਾਂ ਵਪਾਰੀ ਨੂੰ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਨਿੱਜੀ ਤੌਰ 'ਤੇ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ। ਇਸ ਮੌਕੇ 'ਆਪ' ਆਗੂ ਦਲਜੀਤ ਸਿੰਘ ਰਾਜੂ, ਫ਼ੌਜੀ ਸ਼ੇਰਗਿੱਲ, ਰਣਬੀਰ ਪਾਹਲੀ, ਰਾਜਾ ਕੌਂਸਲਰ, ਖਰੀਦ ਏਜੰਸੀਆਂ ਦੀ ਤਰਫੋਂ ਇੰਸਪੈਕਟਰ ਦਮਨਪ੍ਰੀਤ ਸਿੰਘ, ਸ਼ਿਵਜੀਤ ਸਿੰਘ, ਵਿਨੀਤ ਕੁਮਾਰ, ਆੜ੍ਹਤੀ ਸੰਜੀਵ ਗਰਗ, ਸੋਨੂੰ ਘੁੰਮਣ, ਯੋਗੇਸ਼ ਕੁਮਾਰ, ਸੰਜੀਵ ਕੁਮਾਰ, ਦੀਪਕ ਕੁਮਾਰ ਤੋਂ ਇਲਾਵਾ ਬਲਵੀਰ ਕੁਮਾਰ, ਹਿੰਦਾ ਵਾਹਦ, ਸੁਖਜਿੰਦਰ ਸਿੰਘ, ਬਲਵਿੰਦਰ ਸਿੰਘ, ਕੁਲਵੀਰ ਸਿੰਘ, ਕਰਨਪਾਲ ਸਿੰਘ, ਸ਼੍ਰੀ ਵਾਹਦ, ਹਰਮੇਲ ਸਿੰਘ, ਹਰਪ੍ਰੀਤ ਸਿੰਘ, ਨਿੱਕਾ ਵਾਹਦ, ਪ੍ਰਭਜੋਤ ਸਿੰਘ, ਮਨਜੀਤ ਸਿੰਘ ਰੇਸ਼ਮ ਲਾਲ ਆਦਿ ਹਾਜ਼ਰ ਸਨ।

## ਦੀਵਾਲੀ ਮੌਕੇ ਆਰਜ਼ੀ ਪਟਾਖਿਆਂ ਦੀਆਂ ਦੁਕਾਨਾਂ ਲਗਾਉਣ ਲਈ ਲਾਇਸੰਸਾਂ ਦੇ ਡਰਾਅ 26 ਨੂੰ

**ਮੋਹਾਲੀ (ਗੁਰਜੀਤ ਬਿੱਲਾ)** ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਜਾਰੀ ਕੀਤੇ ਆਦੇਸ਼ਾਂ ਅਤੇ ਡਾਇਰੈਕਟਰ, ਉਦਯੋਗ ਅਤੇ ਵਣਜ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਜਾਰੀ ਕੀਤੀ ਦਿਸ਼ਾ ਨਿਰਦੇਸ਼ਾ ਅਨੁਸਾਰ ਦੀਵਾਲੀ/ਗੁਰਪੁਰਬ ਦੇ ਮੌਕੇ ਤੇ ਆਰਜੀ ਪਟਾਖਿਆਂ ਦੀਆਂ ਦੁਕਾਨਾਂ ਲਗਾਉਣ ਲਈ ਆਰਜੀ ਲਾਇਸੰਸ ਜਾਰੀ ਕਰਨ ਲਈ ਡਰਾਅ ਕੱਢਣ ਦੀ 26 ਅਕਤੂਬਰ ਨੂੰ ਦੁਪਹਿਰ 12 ਵਜੇ ਨਿਰਧਾਰਤ ਕੀਤੀ ਗਈ ਹੈ। ਜਿਲ੍ਹਾ ਮੈਜਿਸਟਰੇਟ ਸ਼੍ਰੀਮਤੀ ਆਸ਼ਿਕਾ ਜੈਨ ਨੇ ਕਿਹਾ ਕਿ ਕੇਵਲ ਜਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਚਾਹਵਾਨ ਵਿਅਕਤੀ ਪੰਜਾਬ ਸਰਕਾਰ ਦੀ ਵੈੱਬਸਾਈਟ ਤੋਂ ਐਪਲੀਕੇਸ਼ਨ ਫਾਰਮ ਜੋ ਕਿ 'ਟੈਂਪਰੇਰੀ ਲਾਇਸੰਸ ਫਾਰ ਸੇਲ ਆਫ ਫਾਇਰਕਰੈਕਰਸ' ਤਹਿਤ ਅਪਲੋਡ ਹੈ, ਨੂੰ ਡਾਊਨਲੋਡ ਕਰਕੇ 17 ਅਕਤੂਬਰ ਤੋਂ 19 ਅਕਤੂਬਰ ਤੱਕ ਆਪਣੀਆਂ ਦਰਖਾਸਤਾਂ, ਰਿਹਾਇਸ ਦੇ ਘੱਟੋ ਘੱਟ ਦੋ ਸਬੂਤਾਂ ਸਮੇਤ ਜਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਵੱਖ ਵੱਖ ਸੇਵਾ ਕੇਂਦਰਾਂ ਵਿਖੇ ਪੇਸ਼ ਕਰ ਸਕਦੇ ਹਨ। ਨਿਰਧਾਰਤ ਸਮੇਂ ਤੋਂ ਬਾਅਦ ਪ੍ਰਾਪਤ ਦਰਖਾਸਤਾਂ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ।

## ਏਸ਼ਿਆਈ ਖੇਡਾਂ ਦੇ ਇਤਿਹਾਸ 'ਚ ਪੰਜਾਬ ਦਾ ਸਰਵੋਤਮ ਪ੍ਰਦਰਸ਼ਨ

**ਚੰਡੀਗੜ੍ਹ,.(ਗੁਰਜੀਤ ਬਿੱਲਾ)** ਹਾਂਗਜ਼ੂ ਵਿਖੇ ਚੱਲ ਰਹੀਆਂ ਏਸ਼ਿਆਈ ਖੇਡਾਂ 'ਚ ਭਾਰਤੀ ਖੇਡ ਦਲ ਨੇ ਜਿੱਥੇ ਹੁਣ ਤੱਕ ਦਾ ਸਭ ਤੋਂ ਵਧੀਆ ਪ੍ਰਦਰਸ਼ਨ ਦਿਖਾਇਆ ਹੈ ਉਥੇ ਪੰਜਾਬ ਦੇ ਖਿਡਾਰੀਆਂ ਨੇ ਆਪਣਾ ਸਰਵੋਤਮ ਪ੍ਰਦਰਸ਼ਨ ਕਰਦਿਆਂ ਏਸ਼ਿਆਈ ਖੇਡਾਂ 'ਚ ਪਹਿਲੀ ਵਾਰ 15 ਤੋਂ ਵੱਧ ਤਮਗ਼ੇ ਹਾਸਲ ਕੀਤੇ ਹਨ। ਭਾਰਤ ਨੇ ਤੀਰਅੰਦਾਜ਼ੀ ਦੇ ਮਹਿਲਾ ਕੰਪਾਊਂਡ ਟੀਮ ਮੁਕਾਬਲੇ 'ਚ ਸੋਨੇ ਦਾ ਤਮਗ਼ਾ ਜਿੱਤਿਆ ਜਿਸ 'ਚ ਪੰਜਾਬ ਦੇ ਮਾਨਸਾ ਜ਼ਿਲ੍ਹੇ ਦੇ ਪਿੰਡ ਮੰਢਾਲੀ ਦੀ ਪ੍ਰਨੀਤ ਕੌਰ ਅਹਿਮ ਮੈਂਬਰ ਸੀ। ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਪੰਜਾਬ ਲਈ ਮਾਣ ਵਾਲੀ ਗੱਲ ਹੈ ਕਿ ਏਸ਼ਿਆਈ ਖੇਡਾਂ ਦੇ 72 ਸਾਲਾਂ ਇਤਿਹਾਸ 'ਚ ਪੰਜਾਬ ਦੇ ਖਿਡਾਰੀਆਂ ਨੇ ਇਸ ਵਾਰ ਹਾਂਗਜ਼ੂ ਵਿਖੇ ਆਪਣਾ ਸਰਵੋਤਮ ਪ੍ਰਦਰਸ਼ਨ ਕਰਦਿਆਂ ਕੁੱਲ 16 ਤਮਗ਼ੇ ਜਿੱਤ ਲਏ ਹਨ ਜਦੋਂ ਕਿ ਪੁਰਸ਼ ਹਾਕੀ ਤੇ ਪੁਰਸ਼ ਕ੍ਰਿਕਟ ਦੇ ਮੁਕਾਬਲੇ ਬਾਕੀ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਨਿਰਦੇਸ਼ਾਂ 'ਤੇ ਬਣੀ ਨਵੀਂ ਖੇਡ ਨੀਤੀ ਤਹਿਤ ਪੰਜਾਬ ਸਰਕਾਰ ਵੱਲੋਂ ਪਹਿਲੀ ਵਾਰ ਤਿਆਰੀ ਲਈ ਇਨਾਮ ਰਾਸ਼ੀ ਦਿੱਤੀ ਗਈ ਜਿਸ ਤਹਿਤ 58 ਖਿਡਾਰੀਆਂ ਨੂੰ 8 ਲੱਖ ਰੁਪਏ ਪ੍ਰਤੀ ਖਿਡਾਰੀ ਦੇ ਹਿਸਾਬ ਨਾਲ ਕੁੱਲ 4.64 ਕਰੋੜ ਰੁਪਏ ਇਨਾਮ ਰਾਸ਼ੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਹੁਣ ਸਾਰੇ ਖੇਡ ਦਲ ਦੀ ਵਾਪਸੀ ਉਪਰੰਤ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਸਾਰੇ ਤਮਗ਼ਾ ਜੇਤੂ ਖਿਡਾਰੀਆਂ ਦਾ ਨਗਦ ਇਨਾਮ ਰਾਸ਼ੀ ਨਾਲ ਸਨਮਾਨਤ ਕਰਨਗੇ।

## ਸਿਲੰਡਰ ਦੀ ਕੀਮਤ ਨਾਲੋਂ ਘੱਟ ਰੇਟ 'ਤੇ ਮਿਲੇਗੀ ਗੈਸ ਸਪਲਾਈ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਵੱਲੋਂ ਆਪਣੀ ਵਿਕਾਸ ਸਕੀਮ ਨੰ: 2 (ਰਾਜੀਵ ਗਾਂਧੀ ਐਵੀਨਿਊ) 'ਚ ਗੈਸ ਪਾਈਪ ਲਾਈਨ ਵਿਛਾਉਣ ਲਈ ਗੁਜਰਾਤ ਗੈਸ ਲਿਮਟਿੰਡ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸ ਤਹਿਤ ਗੈਸ ਪਾਈਪ ਲਾਈਨ ਵਿਛਾਉਣ ਦੀ ਸ਼ੁਰੂਆਤ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਹਰਮੀਤ ਸਿੰਘ ਔਲਖ ਵੱਲੋਂ ਕੀਤੀ ਗਈ। ਇਸ ਮੌਕੇ ਉਨ੍ਹਾਂ ਸਕੀਮ ਨੰ: 2 ਦੇ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਗੁਜਰਾਤ ਗੈਸ ਲਿਮਟਿੰਡ ਵੱਲੋਂ ਘਰਾਂ ਵਿਚ ਵਧੀਆ ਅਤੇ ਸੁਰੱਖਿਅਤ ਢੰਗ ਨਾਲ ਗੈਸ ਸਪਲਾਈ ਕੀਤੀ ਜਾਵੇਗੀ ਅਤੇ ਗੁਜਰਾਤ ਗੈਸ ਲਿਮਟਿਡ ਵੱਲੋਂ ਸਿਲੰਡਰ ਦੀ ਕੀਮਤ ਨਾਲੋਂ ਘੱਟ ਰੇਟ 'ਤੇ ਸਕੀਮ ਵਾਸੀਆਂ ਨੂੰ ਗੈਸ ਸਪਲਾਈ ਕੀਤੀ ਜਾਵੇਗੀ। ਇਸ ਮੌਕੇ ਕੌਂਸਲਰ ਬਲਵਿੰਦਰ ਬਿੰਦੀ, ਚੰਦਨ ਲੱਕੀ, ਡਾ. ਢਿੱਲੋਂ, ਪ੍ਰੋਜੈਕਟ ਮੈਨੇਜਰ ਗੁਜਰਾਤ ਗੈਸ ਲਿਮਟਿਡ ਰਾਕੇਸ਼ ਕੁਮਾਰ, ਨਗਰ ਸੁਧਾਰ ਟਰੱਸਟ ਦੇ ਕਾਰਜਸਾਧਕ ਅਫ਼ਸਰ ਜਤਿੰਦਰ ਸਿੰਘ, ਟਰੱਸਟ ਇੰਜੀਨੀਅਰ ਅੰਮ੍ਰਿਤਪਾਲ ਸਿੰਘ, ਸਹਾਇਕ ਟਰੱਸਟ ਇੰਜੀਨੀਅਰ ਮਨਦੀਪ ਤੋਂ ਇਲਾਵਾ ਵੱਡੀ ਗਿਣਤੀ ਵਿਚ ਇਲਾਕਾ ਵਾਸੀ ਹਾਜ਼ਰ ਸਨ।

## ਅੱਜ ਡੀ ਡੀ ਪੰਜਾਬੀ 'ਤੇ ਪ੍ਰੋਗਰਾਮ 'ਡਗਾ ਢੋਲ ਤੇ' 'ਚ ਪ੍ਰਸਿੱਧ ਕਲਾਕਾਰ ਲਗਵਾਉਣਗੇ ਹਾਜ਼ਰੀ



**ਕਾਲਾ ਸੰਘਿਆਂ (ਮਨਜੀਤ ਮਾਨ)**- ਡੀ ਡੀ ਪੰਜਾਬੀ ਤੇ ਭਾਗ ਫਿਲਮ ਪ੍ਰੋਡਕਸ਼ਨ ਅਤੇ ਨਿਰਮਾਤਾ ਸੀਟੂ ਬਾਈ ਦੀ ਪੇਸ਼ਕਸ਼ ਹੇਠ ਪ੍ਰੋਗਰਾਮ ਡਗਾ ਢੋਲ 'ਤੇ 6 ਅਕਤੂਬਰ ਰਾਤ 8.30 ਵਜੇ ਪ੍ਰਸਾਰਿਤ ਹੋ ਰਿਹਾ ਹੈ। ਇਸ ਪ੍ਰੋਗਰਾਮ ਵਿੱਚ ਧਾਰਮਿਕ, ਸਮਾਜਿਕ ਤੇ ਪੰਜਾਬੀ ਸੱਭਿਆਚਾਰਕ ਗੀਤ ਪੇਸ਼ ਕੀਤੇ ਜਾਂਦੇ ਹਨ। ਇਸ ਪ੍ਰੋਗਰਾਮ ਦੇ ਨਿਰਮਾਤਾ ਸੀਟੂ ਬਾਈ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵੱਖ ਵੱਖ ਮਿਊਜ਼ਿਕ ਕੰਪਨੀਆਂ ਦੇ ਬੈਨਰ ਹੇਠ ਸੋਸ਼ਲ ਸਾਈਟਾਂ 'ਤੇ ਰਿਲੀਜ਼ ਹੋਈਆਂ ਭੇਟਾਂ, ਧਾਰਮਿਕ ਗੀਤ ਅਤੇ ਪੰਜਾਬੀ ਸੱਭਿਆਚਾਰਕ ਗੀਤ ਜਿਨ੍ਹਾਂ ਨੂੰ ਨਾਮਵਾਰ ਗੀਤਕਾਰਾਂ ਨੇ ਲਿਖਿਆ ਹੈ ਅਤੇ ਵੱਖ ਸੰਗੀਤਕਾਰਾਂ ਤੇ ਵੀਡੀਓ ਡਾਇਰੈਕਟਰਾਂ ਵਲੋਂ ਤਿਆਰ ਕੀਤੇ ਵੀਡੀਓ ਡਗਾ ਢੋਲ 'ਤੇ ਪ੍ਰੋਗਰਾਮ ਵਿੱਚ ਪ੍ਰਸਾਰਿਤ ਹੋ ਰਹੇ ਹਨ। ਸੀਟੂ ਬਾਈ ਅੱਗੇ ਦੱਸਿਆ ਕਿ ਪ੍ਰੋਗਰਾਮ ਡਗਾ ਢੋਲ 'ਤੇ ਵਿੱਚ ਗਾਇਕ ਮੋਨੂੰ ਮਹਿਤਾਬ, ਪ੍ਰਸਿੱਧ ਗਾਇਕ ਲਵਪ੍ਰੀਤ ਲਵ, ਗਾਇਕ ਵਿੱਕੀ ਢੀਂਗਰਾ ਆਪਣੀ ਹਾਜ਼ਰੀ ਲਵਾਉਣਗੇ। ਅੰਤਰ-ਰਾਸ਼ਟਰੀ ਪੱਧਰ 'ਤੇ ਪ੍ਰਸਿੱਧੀ ਪ੍ਰਾਪਤ ਗਾਇਕਾ ਪ੍ਰਵੀਨ ਭਾਰਟਾ ਦੀ ਅਵਾਜ਼ ਵਿੱਚ ਪੰਜਾਬੀ ਗੀਤ ਰਿਪੀਟ ਗੇੜੀ ਪੇਸ਼ ਕੀਤਾ ਜਾਵੇਗਾ। ਪ੍ਰਵਾਸੀ ਭਾਰਤੀ ਗਾਇਕ ਸੁਰਜੀਤ ਸਾਗਰ ਅਤੇ ਗਾਇਕ ਵਿਜੇ ਯਮਲਾ ਵੀ ਆਪਣੀ ਹਾਜ਼ਰੀ ਲਗਾਉਣਗੇ। ਇਨ੍ਹਾਂ ਤੋਂ ਇਲਾਵਾ ਪ੍ਰਵਾਸੀ ਭਾਰਤੀ ਗਾਇਕ ਅਮਰੀਕ ਮੀਕਾ ਜਰਮਨੀ ਤੇ ਗਾਇਕ ਤੇ ਗੀਤਕਾਰ ਅਜੈ ਸੂਰਾਪੁਰੀ ਆਪਣੇ ਪੰਜਾਬੀ ਗੀਤ ਵਾਅਦੇ ਨਾਲ ਹਾਜ਼ਰੀ ਲਗਵਾ ਰਿਹਾ ਹੈ।

## ਪਰਾਲੀ ਪ੍ਰਬੰਧਨ ਲਈ ਸਬਸਿਡੀ 'ਤੇ ਦਿੱਤੀਆਂ ਖੇਤੀ ਮਸ਼ੀਨਾਂ ਦੀ ਵਰਤੋਂ ਨੂੰ ਤਰਜੀਹ ਦੇਣ ਦੀ ਅਪੀਲ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਪਰਾਲੀ ਨੂੰ ਅੱਗ ਲਗਾਉਣ ਦੀ ਸਮੱਸਿਆ ਇੱਕ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਹੈ ਕਿਉਂਕਿ ਇਸ ਨਾਲ ਜਿਥੇ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ ਉਥੇ ਹੀ ਇਸ ਦੇ ਮਨੁੱਖੀ ਸਿਹਤ ਤੇ ਵੀ ਮਾੜੇ ਪ੍ਰਭਾਵ ਪੈਂਦੇ ਹਨ। ਇਸ ਲਈ ਖੇਤੀਬਾੜੀ ਮਾਹਿਰਾ ਤੇ ਪੇਂਡੂ ਵਿਕਾਸ ਵਿਭਾਗ ਦੇ ਅਧਿਕਾਰੀਆਂ ਵੱਲੋਂ ਪਿੰਡ-ਪਿੰਡ ਵਿੱਚ ਜਾ ਕੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਦੀ ਥਾਂ ਉਸ ਨੂੰ ਖੇਤ 'ਚ ਹੀ ਵਾਹੁਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਹਰਜੋਤ ਬੈਂਸ ਕੈਬਨਿਟ ਮੰਤਰੀ ਦੇ ਦਿਸ਼ਾ ਨਿਰਦੇਸ਼ਾ ਅਤੇ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਦੀਆਂ ਹਦਾਇਤਾ ਨਾਲ ਪਿੰਡਾਂ 'ਚ ਲਗਾਏ ਜਾ ਰਹੇ ਕਿਸਾਨ ਜਾਗਰੂਕਤਾ ਕੈਂਪ ਬਾਰੇ ਜਾਣਕਾਰੀ ਦਿੰਦੇ ਹੋਏ ਬੀ.ਡੀ.ਪੀ.ਓ ਈਸ਼ਾਨ ਚੌਧਰੀ ਨੇ ਦੱਸਿਆ ਕਿ ਅੱਜ ਜਿੰਦਵੜੀ ਤੇ ਗੰਭੀਰਪੁਰ ਲੋਅਰ ਵਿਖੇ ਪਰਾਲੀ ਦੀ ਸੁਚੱਜੀ ਸੰਭਾਲ ਲਈ ਸਬਸਿਡੀ 'ਤੇ ਦਿੱਤੀਆਂ ਜਾ ਰਹੀਆਂ ਖੇਤੀ ਮਸ਼ੀਨਾਂ ਕਿਸਾਨਾਂ ਨੂੰ ਮੁਹੱਈਆ ਕਰਵਾਉਣ ਸੰਬੰਧੀ ਤੇ ਜੋ ਅੱਗ ਲਗਾਉਣ ਦੀ ਪ੍ਰਥਾ ਦਾ ਖਾਤਮਾ ਕਰਨ ਸੰਬੰਧੀ ਜਾਗਰੂਕ ਕੀਤਾ ਗਿਆ। ਬੀ.ਡੀ.ਪੀ.ਓ ਨੇ ਦੱਸਿਆ ਕਿ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਪਿੰਡਾਂ ਦੀਆਂ ਪੰਚਾਇਤਾਂ ਨਾਲ ਸੰਪਰਕ ਕਰਕੇ ਪਰਾਲੀ ਨੂੰ ਅੱਗ ਲਗਾਉਣ ਦੇ ਮਾੜੇ ਪ੍ਰਭਾਵਾਂ ਬਾਰੇ ਕਿਸਾਨਾਂ ਨੂੰ ਸੁਚੇਤ ਕੀਤਾ ਜਾ ਰਿਹਾ ਹੈ। ਅਮਰਜੀਤ ਸਿੰਘ ਖੇਤੀਬਾੜੀ ਅਫਸਰ ਨੇ ਕਿਹਾ ਕਿ ਜਿਨ੍ਹਾਂ ਕਿਸਾਨਾ ਕੋਲ ਨਿੱਜੀ ਮਸ਼ੀਨਾਂ ਮੌਜੂਦ ਹਨ, ਉਨ੍ਹਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਦੀ ਸੁਚੱਜੀ ਸੰਭਾਲ ਲਈ ਸਬਸਿਡੀ ਤੇ ਦਿੱਤੀਆਂ ਗਈਆਂ ਮਸ਼ੀਨਾਂ ਦੀ ਆਪ ਵਰਤੋਂ ਕਰਕੇ ਇਸ ਨੂੰ ਛੋਟੇ ਕਿਸਾਨਾਂ ਨੂੰ ਵੀ ਦੇਣ ਤਾਂ ਜੋ ਛੋਟੇ ਕਿਸਾਨ ਜੋ ਕਿ ਮਸ਼ੀਨਾ ਖਰੀਦਣ ਤੋਂ ਅਸਮੱਰਥ ਹਨ, ਇਨ੍ਹਾਂ ਦੀ ਵਰਤੋਂ ਕਰਕੇ ਪਰਾਲੀ ਨੂੰ ਅੱਗ ਨਾ ਲਗਾਉਣ।

# ਕਿਸਾਨ ਜਥੇਬੰਦੀਆਂ ਦੀ ਹੋਈ ਜਿੱਤ, ਪੁਲਸ ਨੇ ਪਰਚੇ ਰੱਦ ਕਰਨ ਦਾ ਦਿੱਤਾ ਭਰੋਸਾ

**ਨੰਗਲ (ਸੁਰਜੀਤ ਢੇਰ)** ਇਲਾਕੇ ਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਹੋਰ ਜੁਝਾਰੂ ਸਾਥੀਆਂ ਦੀ ਉਸ ਸਮੇਂ ਭਾਰੀ ਜਿੱਤ ਹੋਈ ਜਦੋਂ ਨੰਗਲ ਪੁਲਸ ਵੱਲੋਂ ਦਗੌੜ-ਸੁਖਸਾਲ ਵਿਖੇ ਲੱਗੇ ਜਾਮ ਦੇ ਕਾਰਨ ਦਰਜ ਪਰਚੇ ਵਾਪਸ ਲੈਣ ਦਾ ਭਰੋਸਾ ਦਿੱਤਾ। ਇਸ ਭਰੋਸੇ ਤੋਂ ਬਾਅਦ 12 ਅਕਤੂਬਰ ਨੂੰ ਨੰਗਲ ਥਾਣੇ ਦਾ ਕੀਤਾ ਜਾ ਰਿਹਾ ਘਿਰਾਓ ਮੁਲਤਵੀ ਕਰ ਦਿੱਤਾ ਗਿਆ ਹੈ। ਇੱਥੇ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ ਪੁਲਸ ਨੇ ਨਾਨਗਰਾਂ, ਭਲਾਣ ਵਿਖੇ ਸਘੰਰਸ਼ ਕਰ ਰਹੇ ਲੋਕਾਂ ਤੇ ਸੈਂਕੜਿਆਂ ਦੀ ਗਿਣਤੀ 'ਚ ਪਰਚੇ ਦਰਜ ਕਰ ਦਿੱਤੇ ਗਏ ਸਨ। ਇਹ ਪਰਚੇ ਲੋਕ ਲਹਿਰ ਨੂੰ ਦਬਾਉਣ ਲਈ ਦਰਜ ਕੀਤੇ ਗਏ ਸਨ। ਹਲਾਂਕਿ ਭਲਾਣ ਇਲਾਕੇ 'ਚ ਲਗਾਤਾਰ ਟਰੈਫਿਕ ਵਧਣ ਕਾਰਨ ਕਈ ਹਾਦਸੇ ਵਾਪਰੇ ਜਿਸ ਦੇ ਕਾਰਨ ਕੀਮਤੀ ਜਾਨਾਂ ਵੀ ਗਈਆਂ। ਕਈ ਘਰਾਂ ਦੇ ਚਿਰਾਗ ਬੁੱਝ ਗਏ। ਪੀੜਤ ਪਰਵਾਰਾਂ ਨੂੰ ਇਨਸਾਫ ਦਵਾਉਣ ਲਈ ਕਿਸਾਨ ਜਥੇਬੰਦੀਆਂ ਨੇ ਚੱਕਾ ਜਾਮ ਕੀਤਾ ਹੋਇਆ ਸੀ ਜਿਸ 'ਤੇ ਪੁਲਸ ਨੇ ਸੈਂਕੜੇ ਲੋਕਾਂ 'ਤੇ ਪਰਚੇ ਦਰਜ ਕਰ ਦਿੱਤੇ ਸਨ। ਇਸ਼ ਸੰਬੰਧੀ ਕਿਸਾਨ ਜਥੇਬੰਦੀਆਂ ਨੇ ਦੋ ਅਕਤੂਬਰ ਨੂੰ ਮੀਟਿੰਗ ਕਰਕੇ ਇਹ ਐਲਾਨ ਕੀਤਾ ਕਿ ਜੇਕਰ ਪਰਚੇ ਦਰਜ ਰੱਦ ਨਹੀਂ ਹੁੰਦੇ ਤਾਂ 12 ਅਕਤੂਬਰ ਨੂੰ ਨੰਗਲ ਥਾਣੇ ਦਾ ਘਿਰਾਓ ਕੀਤਾ ਜਾਵੇਗਾ। ਨੰਗਲ ਪੁਲਸ ਦੇ ਡੀ ਐਸ ਪੀ ਸਤੀਸ਼ ਕੁਮਾਰ ਨੇ ਕਿਸਾਨ ਜਥੇਬੰਦੀਆਂ ਨੂੰ ਭਰੋਸਾ ਦਿੱਤਾ ਕਿ ਉਹਨਾਂ 'ਤੇ ਦਰਜ ਪਰਚੇ ਰੱਦ ਕਰ ਦਿੱਤੇ ਜਾਣਗੇ। ਇਸ 'ਤੇ ਕਿਸਾਨ ਜਥੇਬੰਦੀਆਂ ਨੇ 12 ਤਰੀਕ ਦਾ ਧਰਨਾ ਮੁਲਤਵੀ ਕਰਨ ਦਾ ਫੈਸਲਾ ਕਰ ਦਿੱਤਾ। ਇਹ ਜਾਣਕਾਰੀ ਕੁੱਲ ਹਿੰਦ ਕਿਸਾਨ ਸਭਾ ਦੇ ਜਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਢੇਰ ਨੇ ਦਿੱਤੀ।

# ਖਾਲਸਾ ਕਾਲਜ 'ਚ ਸਵੱਛਤਾ ਹੀ ਸੇਵਾ ਸੰਬੰਧੀ ਸਮਾਗਮ



**ਸੁਲਤਾਨਪੁਰ ਲੋਧੀ, ( ਹਨੀ )** ਗੁਰੂ ਨਾਨਕ ਖਾਲਸਾ ਕਾਲਜ ਵਿਖੇ ਸਵੱਛਤਾ ਹੀ ਸੇਵਾ, ਸਵੱਛਤਾ ਅਭਿਆਨ ਤਹਿਤ ਐਨ.ਐਸ.ਐਸ. ਅਤੇ ਉਚੇਰੀ ਸਿੱਖਿਆ ਵਿਭਾਗ, ਪੰਜਾਬ ਦੀਆਂ ਹਦਾਇਤਾਂ ਅਨੁਸਾਰ ਕਾਲਜ ਵਿਖੇ ਸਮੇਂ ਸਮੇਂ 'ਤੇ ਵੱਖ ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਦੌਰਾਨ ਪੋਸਟਰ ਮੇਕਿੰਗ, ਸਹੁੰ ਚੁੱਕ ਸਮਾਗਮ, ਵੇਸਟ ਮੈਨੇਜਮੈਂਟ ਸੰਬੰਧੀ ਸੈਮੀਨਾਰ, ਇੱਕ ਰੋਜ਼ਾ ਸਫਾਈ ਕੈਂਪ, ਸਵੱਛਤਾ ਦਿਵਸ ਦੇ ਸੰਬੰਧ ਵਿੱਚ ਵਾਦ ਵਿਵਾਦ ਮੁਕਾਬਲੇ ਕਰਵਾਏ ਗਏ। ਸਵੱਛਤਾ ਅਭਿਆਨ ਦੇ ਤਹਿਤ ਕਰਵਾਈਆਂ ਗਈਆਂ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ ਤੇ ਮਹਾਤਮਾ ਗਾਂਧੀ ਦੇ ਜਨਮ ਦਿਵਸ ਤੇ ਸਵੱਛਤਾ ਮੁਹਿੰਮ ਚਲਾ ਕੇ ਜਾਗਰੂਕ ਕੀਤਾ ਗਿਆ। ਕਾਲਜ ਵਿਖੇ ਇੱਕ ਵਿਸ਼ੇਸ਼ ਇਕੱਤਰਤਾ ਕੀਤੀ ਗਈ ਜਿਸ ਵਿੱਚ ਪ੍ਰੋਗਰਾਮ ਅਫਸਰ ਪ੍ਰੋ. ਸ਼ਿਲਪਾ ਦੀ ਅਗਵਾਈ ਹੇਠ ਸਟਾਫ ਮੈਂਬਰਾਨ ਅਤੇ ਵਿਦਿਆਰਥੀਆਂ ਨੇ ਦੇਸ਼ ਅਤੇ ਆਲੇ ਦੁਆਲੇ ਨੂੰ ਸਾਫ ਸੁਥਰਾ ਰੱਖਣ ਲਈ ਸਹੁੰ ਚੁੱਕੀ। ਵਿਦਿਆਰਥੀਆਂ ਵੱਲੋਂ ਕਾਲਜ ਕੈਂਪਸ ਦੀ ਸਫਾਈ ਵੀ ਕੀਤੀ ਗਈ। ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਜਸਬੀਰ ਕੌਰ ਨੇ ਸਾਰਿਆਂ ਨੂੰ ਆਪਣੇ ਆਲੇ ਦੁਆਲੇ ਨੂੰ ਸਾਫ ਰੱਖਣ ਦੇ ਨਾਲ ਨਾਲ ਆਪਣੀ ਸੋਚ ਨੂੰ ਵੀ ਸਵੱਛ ਬਣਾਉਣ ਲਈ ਵੀ ਵਿਸ਼ੇਸ਼ ਉਪਰਾਲੇ ਕਰਨ ਦਾ ਸੰਦੇਸ਼ ਦਿੱਤਾ। ਇਸ ਮੌਕੇ ਪ੍ਰੋ. ਸੁਖਪਾਲ ਸਿੰਘ, ਹਰਪ੍ਰੀਤ ਸਿੰਘ, ਸਿਮਰਜੀਤ ਕੌਰ, ਪਲਕ, ਹਰਜਾਪ ਸਿੰਘ, ਮਨਮੀਤ ਕੌਰ, ਸਰਬਜੀਤ ਕੌਰ, ਅਮਨਦੀਪ ਕੌਰ, ਅਰਸ਼ਪ੍ਰੀਤ ਕੌਰ, ਜਸਵੀਰ ਕੌਰ, ਨਵਨੀਤ ਕੌਰ ਆਦਿ ਹਾਜ਼ਰ ਸਨ।

## ਫ੍ਰੀ ਬਲੱਡ ਸ਼ੂਗਰ ਚੈੱਕਅਪ ਕੈਂਪ ਲਗਾਇਆ



**ਫਗਵਾੜਾ (ਕਮਲ ਰਾਏ)**- ਲੋਕ ਸੇਵਾ ਦਲ ਰਜਿ.ਫਗਵਾੜਾ ਵੱਲੋਂ 48ਵਾਂ ਫ੍ਰੀ ਬਲੱਡ ਸ਼ੂਗਰ ਚੈੱਕਅਪ ਕੈਂਪ ਅਜੀਤ ਸਿੰਘ ਫੋਟੋਗ੍ਰਾਫਰ ਪਰਿਵਾਰ ਦੇ ਸਹਿਯੋਗ ਨਾਲ ਸਥਾਨਕ ਖੇੜਾ ਰੋਡ ਵਿਖੇ ਲਗਾਇਆ ਗਿਆ ਜਿਸ ਵਿੱਚ ਤਕਰੀਬਨ 60 ਲੋਕਾਂ ਦੇ ਬਲੱਡ ਸ਼ੂਗਰ ਦੀ ਜਾਂਚ ਕੀਤੀ ਗਈ ਅਤੇ ਹੋਰ ਟੈਸਟ ਕਰਵਾਉਣ 'ਤੇ 50 ਫੀਸਦੀ ਰਿਆਇਤ ਵੀ ਦਿੱਤੀ ਗਈ। ਇਹ ਕੈਂਪ ਦਲ ਦੇ ਮੀਤ ਖਜ਼ਾਨਚੀ ਨਿਰਵੈਰ ਸਿੰਘ ਨੱਢਾ ਦੀ ਰਹਿਨੁਮਾਈ ਹੇਠ ਲਗਾਇਆ ਗਿਆ। ਇਸ ਮੌਕੇ ਨੱਢਾ ਨੇ ਵਿੱਚ ਕੈਂਪ ਵਿੱਚ ਪਹੁੰਚਣ ਵਾਲੇ ਸਾਰੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਮਾਂ ਰਹਿੰਦੇ ਇਸ ਦੀ ਜਾਂਚ ਕਰਾਉਣੀ ਬਹੁਤ ਜ਼ਰੂਰੀ ਹੈ। ਕੁਝ ਲੋੜੀਂਦੇ ਕਸਰਤ ਅਤੇ ਖਾਣ ਪੀਣ 'ਚ ਬਦਲਾਵ ਕਰਕੇ ਇਸ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ। ਡਾਕਟਰ ਦੀ ਸਲਾਹ ਤੋਂ ਬਿਨਾਂ ਕੋਈ ਵੀ ਦਵਾਈ ਨਾ ਲਓ। ਉਨ੍ਹਾਂ ਕਿਹਾ ਕਿ ਲੋਕ ਸੇਵਾ ਦਲ ਵੱਲੋਂ ਇਹ ਕੈਂਪ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ ਸਵੇਰੇ 8 ਵਜੇ ਤੋਂ 12 ਵਜੇ ਤੱਕ ਬਿਲਕੁਲ ਫ੍ਰੀ ਲੱਗਦਾ ਹੈ। ਇਸ ਮੌਕੇ ਦਲ ਦੇ ਡਾਇਰੈਕਟਰ ਵਰਿੰਦਰ ਸ਼ਰਮਾ, ਸਕੱਤਰ ਦੇਵਿੰਦਰ ਸਿੰਘ, ਚੇਅਰਮੈਨ ਮਨਮੋਹਨ ਸਿੰਘ ਵਾਲੀਆ, ਮੀਤ ਖਜ਼ਾਨਚੀ ਨਿਰਵੈਰ ਸਿੰਘ ਨੱਢਾ, ਪ੍ਰਦੀਪ ਬਾਂਸਲ, ਨੇਹਾ, ਅਮਰੀਕ, ਦੀਪ, ਸੁਖਵਿੰਦਰ ਕੌਰ ਆਦਿ ਹਾਜ਼ਰ ਸਨ।

## 49 ਉਮੀਦਵਾਰਾਂ ਦੀ ਰੋਜ਼ਗਾਰ ਲਈ ਚੋਣ



**ਜਲੰਧਰ, (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ ਵਿੱਚ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਵੱਲੋਂ ਆਪਣੇ ਦਫਤਰ ਵਿਖੇ ਪਲੇਸਮੈਂਟ ਕੈਂਪ ਲਗਾਇਆ ਗਿਆ, ਜਿਸ 'ਚ 49 ਉਮੀਦਵਾਰਾਂ ਦੀ ਰੋਜ਼ਗਾਰ ਲਈ ਚੋਣ ਕੀਤੀ ਗਈ। ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਮੇਲ ਸਿੰਘ ਨੇ ਦੱਸਿਆ ਕਿ ਪਲੇਸਮੈਂਟ ਕੈਂਪ 'ਚ ਸੋਨਾਲੀਕਾ, ਐਲ ਆਈ ਸੀ, ਪੇਅ ਟੀ ਐਮ, ਐਸ ਬੀ ਆਈ ਲਾਈਫ ਇੰਸੋਰੈਂਸ, ਫੋਨ ਪੇਅ ਅਤੇ ਅਧਾਨ ਸਲਿਊਸਨਜ ਕੰਪਨੀਆਂ ਵੱਲੋਂ ਸ਼ਿਰਕਤ ਕੀਤੀ ਗਈ ਅਤੇ 61 ਉਮੀਦਵਾਰਾਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 49 ਉਮੀਦਵਾਰ ਰੋਜ਼ਗਾਰ ਲਈ ਚੁਣੇ ਗਏ। ਡਿਪਟੀ ਡਾਇਰੈਕਟਰ ਨੇ ਕਿਹਾ ਕਿ ਜਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਜਿਲ੍ਹਾ ਪ੍ਰਸ਼ਾਸ਼ਨ ਦੀ ਅਗਵਾਈ 'ਚ ਨੌਜਵਾਨਾਂ ਨੂੰ ਰੋਜਗਾਰ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨ ਲਈ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ।

# ਪੀ ਸੀ ਐੱਮ ਐੱਸ ਡੀ ਕਾਲਜ ਦੇ ਕਾਸਮੈਟੋਲੋਜੀ ਵਿਭਾਗ ਵੱਲੋਂ ਵਰਕਸ਼ਾਪ ਦਾ ਆਯੋਜਨ



**ਜਲੰਧਰ (ਇਕਬਾਲ ਸਿੰਘ ਉਭੀ)** ਪੀ ਸੀ ਐਮ ਐਸ ਡੀ ਕਾਲਜ ਫਾਰ ਵੂਮੈਨ ਜਲੰਧਰ ਦੇ ਕਾਸਮੈਟੋਲੋਜੀ ਵਿਭਾਗ ਨੇ ਪਾਰਟੀ ਮੇਕ-ਅੱਪ 'ਤੇ ਇਕ ਰੋਜ਼ਾ ਉੱਦਮੀ ਹੁਨਰ ਆਧਾਰਿਤ ਵਰਕਸ਼ਾਪ ਦਾ ਆਯੋਜਨ ਕੀਤਾ। ਸਮਾਗਮ ਦੀ ਰਿਸੋਰਸ ਪਰਸਨ ਸ਼੍ਰੀਮਤੀ ਰੂਪ ਸਾਗਰ, ਏ-1 ਬਿਊਟੀ ਵਰਲਡ ਅਕੈਡਮੀ ਅਤੇ ਸੈਲੂਨ ਜਲੰਧਰ ਤੋਂ ਮੇਕਅੱਪ ਆਰਟਿਸਟ ਸਨ। ਪਾਰਟੀ ਮੇਕਅੱਪ ਅਤੇ ਅੱਖਾਂ ਦੇ ਮੇਕਅੱਪ ਦੀਆਂ ਵੱਖ-ਵੱਖ ਕਿਸਮਾਂ 'ਤੇ ਲਾਈਵ ਪ੍ਰਦਰਸ਼ਨ ਕੀਤਾ ਗਿਆ। ਉਹਨਾਂ ਨੇ ਉਤਪਾਦ ਦਾ ਵਿਸਤ੍ਰਿਤ ਗਿਆਨ, ਉਤਪਾਦ ਬ੍ਰਾਂਡ ਅਤੇ ਮੇਕ-ਅੱਪ ਬੁਰਸ ਬਾਰੇ ਵੀ ਜਾਣਕਾਰੀ ਦਿੱਤੀ। ਵਰਕਸ਼ਾਪ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਸੀ ਕਿਉਂਕਿ ਇਸ ਨੇ ਉਹਨਾਂ ਨੂੰ ਸੁੰਦਰਤਾ ਅਤੇ ਸ਼ਿੰਗਾਰ ਸਮੱਗਰੀ 'ਚ ਕੀਮਤੀ ਹੁਨਰਾਂ ਨਾਲ ਲੈਸ ਕੀਤਾ, ਉਹਨਾਂ ਨੂੰ ਸੰਪੰਨ ਸੁੰਦਰਤਾ ਉਦਯੋਗ 'ਚ ਆਪਣੇ ਖੁਦ ਦੇ ਉੱਦਮੀ ਉੱਦਮ ਸ਼ੁਰੂ ਕਰਨ ਲਈ ਸ਼ਕਤੀ ਪ੍ਰਦਾਨ ਕੀਤੀ। ਇਸ ਮੌਕੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਮੈਨੇਜਿੰਗ ਕਮੇਟੀ ਦੇ ਹੋਰ ਮੈਂਬਰ ਅਤੇ ਯੋਗ ਪ੍ਰਿੰਸੀਪਲ ਪ੍ਰੋ.(ਡਾ) ਪੂਜਾ ਪਰਾਸ਼ਰ ਜੀ ਨੇ ਵਿਦਿਆਰਥੀਆਂ ਦੇ ਇਸ ਈਵੈਂਟ ਦੇ ਸਫਲਤਾਪੂਰਵਕ ਆਯੋਜਨ ਲਈ ਕਾਸਮੈਟੋਲੋਜੀ ਵਿਭਾਗ ਦੀ ਸ਼ਲਾਘਾ ਕੀਤੀ।

## ਇਸਤਰੀ ਜਾਗ੍ਰਿਤੀ ਮੰਚ ਅੱਜ ਮਨਾਏਗਾ ਦੁਰਗਾ ਭਾਬੀ ਦਾ ਜਨਮ ਦਿਹਾੜਾ

**ਨਵਾਂਸ਼ਹਿਰ (ਮਨੋਜ ਲਾਡੀ)** ਇਸਤਰੀ ਜਾਗ੍ਰਿਤੀ ਮੰਚ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ 7 ਅਕਤੂਬਰ ਨੂੰ 11 ਵਜੇ ਬੀਬੀ ਅਮਰ ਕੌਰ ਯਾਦਗਾਰ ਹਾਲ ਖਟਕੜ ਕਲਾਂ ਵਿਖੇ ਅਜ਼ਾਦੀ ਸੰਗਰਾਮਣ ਦੇਵੀ ਦੁਰਗਾਵਤੀ (ਦੁਰਗਾ ਭਾਬੀ) ਦਾ ਜਨਮ ਦਿਨ ਮਨਾਇਆ ਜਾਵੇਗਾ। ਇਸ ਸੰਬੰਧੀ ਮੰਚ ਦੀ ਹੋਈ ਮੀਟਿੰਗ ਉਪਰੰਤ ਜਥੇਬੰਦੀ ਦੇ ਜਿਲਾ ਸਕੱਤਰ ਰੁਪਿੰਦਰ ਕੌਰ ਦੁਰਗਾਪੁਰ ਨੇ ਦੱਸਿਆ ਕਿ ਦੁਰਗਾ ਭਾਬੀ ਅਤੇ ਉਹਨਾਂ ਦੇ ਪਤੀ ਭਗਵਤੀ ਚਰਨ ਵੋਹਰਾ ਨੇ ਸ਼ਹੀਦ ਭਗਤ ਸਿੰਘ ਹੁਰਾਂ ਨਾਲ ਰਹਿਕੇ ਅਜ਼ਾਦੀ ਦੀ ਲੜਾਈ 'ਚ ਅਹਿਮ ਯੋਗਦਾਨ ਪਾਇਆ। ਅੰਗਰੇਜ਼ ਪੁਲਸ ਅਫਸਰ ਸਾਂਡਰਸ ਦੇ ਕਤਲ ਤੋਂ ਬਾਅਦ ਦੁਰਗਾ ਭਾਬੀ ਭਗਤ ਸਿੰਘ ਦੀ ਪਤਨੀ ਦਾ ਰੂਪ ਧਾਰਕੇ ਭਗਤ ਸਿੰਘ ਨੂੰ ਲਹੌਰ ਤੋਂ ਬਾਹਰ ਲੈ ਕੇ ਗਈ ਸੀ। ਦੁਰਗਾ ਭਾਬੀ ਦਾ ਜਨਮ 7 ਅਕਤੂਬਰ1907 ਨੂੰ ਉੱਤਰ ਪ੍ਰਦੇਸ਼ ਦੇ ਪਿੰਡ ਸ਼ਹਿਜਾਦਪੁਰ ਵਿਖੇ ਹੋਇਆ ਸੀ। ਉਹਨਾਂ ਦੱਸਿਆ ਕਿ ਇਸ ਮੌਕੇ ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾ ਪ੍ਰਧਾਨ ਬੀਬੀ ਗੁਰਬਖ਼ਸ਼ ਕੌਰ ਸੰਘਾ ਅਤੇ ਹੋਰ ਆਗੂ ਦੁਰਗਾ ਭਾਬੀ ਦੇ ਸੰਘਰਸ਼ਮਈ ਜੀਵਨ ਬਾਰੇ ਚਾਨਣਾ ਪਾਉਣਗੇ।



## ਬਾਬਾ ਬਿਸ਼ਨ ਦਾਸ ਦੇ ਦਰਬਾਰ 'ਤੇ ਸ਼ਰਧਾ-ਭਾਵਨਾ ਨਾਲ ਕਰਵਾਇਆ ਸਾਲਾਨਾ ਜੋੜ ਮੇਲਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਇੱਥੋਂ ਥੋੜ੍ਹੀ ਦੂਰੀ ਤੇ ਸਥਿਤ ਪੈਂਦੇ ਪਿੰਡ ਖੈਰੜ ਅੱਛਰਵਾਲ ਵਿਖੇ ਧੰਨ ਧੰਨ 108 ਸੰਤ ਬਾਬਾ ਬਿਸ਼ਨ ਦਾਸ ਜੀ ਦੇ ਦਰਬਾਰ 'ਤੇ 6ਵੇਂ ਸਰਾਧ 'ਤੇ ਲੱਗਣ ਵਾਲਾ ਸਾਲਾਨਾ ਜੋੜ ਮੇਲਾ ਗੱਦੀਨਸ਼ੀਨ ਸੰਤ ਸੰਦੀਪ ਦਾਸ ਤੇ ਸੰਤ ਸੁਰਿੰਦਰ ਦਾਸ ਜੀ ਅਟਾਰੀ ਵਾਲਿਆਂ ਦੇ ਸੁਚੱਜੇ ਪ੍ਰਬੰਧਾਂ ਹੇਠ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਮੌਕੇ ਪਹਿਲਾ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿੱਚ ਰਾਗੀ ਢਾਡੀ ਜਥਿਆਂ ਨੇ ਨਿਰੋਲ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾ ਨਾਲ ਜੋੜ ਕੇ ਨਿਹਾਲ ਕੀਤਾ। ਪਿੱਛਲੇ ਸਾਲਾਂ ਦੀ ਪ੍ਰੰਪਰਾ ਨੂੰ ਕਾਇਮ ਰੱਖਦੇ ਹੋਏ ਦੁਪਿਹਰ 2 ਵਜੇ ਥਾਲੀ ਮਨਸ਼ੀ ਗਈ ਤੇ ਉਸ ਤੋ ਬਾਅਦ ਬਾਬਾ ਜੀ ਦਾ ਲੰਗਰ ਅਤੁੱਟ ਵਰਤਾਇਆ ਗਿਆ। ਰਾਤ ਨੂੰ ਇੰਟਰਨੈਸ਼ਨਲ ਕਲਾਕਾਰ ਧਰਮਵੀਰ ਪ੍ਰਦੇਸੀ ਵਲੋ "ਰਾਜਾ ਭਰਥਰੀ" ਦਾ ਡਰਾਮਾ ਖੇਡਿਆ ਗਿਆ। ਇਸ ਮੌਕੇ ਦੂਰੋਂ ਨੇੜਿਉਂ ਆਏ ਹੋਏ ਵੱਖ ਵੱਖ ਡੇਰਿਆ ਤੋਂ ਸੰਤ ਮਹਾਂਪੁਰਸ਼, ਸਮਾਜਸੇਵੀ ਅਤੇ ਰਾਜਨੀਤਿਕ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਸੰਤ ਜਸਵਿੰਦਰ ਸਿੰਘ ਖੈਰੜ ਵਾਲੇ, ਸੂਫੀ ਗਾਇਕ ਤਰਸੇਮ ਦੀਵਾਨਾ, ਦੇਵੀ ਦਾਸ, ਚਮਨ ਲਾਲ, ਸਾਬਾ, ਗੁਰਪਾਲ ਸਹੋਤਾ, ਰਮਨਦੀਪ, ਕੁਲਵੀਰ, ਡੇਨੀ, ਅਮਨ ਕਰਤਾਰਪੁਰੀ, ਅਮਰਜੀਤ ਲਾਲ, ਸਹੋਤਾ, ਗੋਪੀ, ਸੰਜੀਵ ਕੁਮਾਰ, ਬੂਟਾ ਸਿੰਘ, ਤਾਰਾ ਰਾਮ, ਅਮਰਜੀਤ ਟੇਲਰ, ਅਵਤਾਰ ਚੰਦ, ਸੋਮ ਨਾਥ, ਅਮਰਜੀਤ ਸਹੋਤਾ ਆਦਿ ਹਾਜ਼ਰ ਸਨ।

## ਰਿਆਤ-ਬਾਹਰਾ 'ਵਰਸਿਟੀ ਵਿਖੇ ਜਿਮਨੇਜ਼ੀਅਮ ਦਾ ਉਦਘਾਟਨ



**ਕੁਰਾਲੀ (ਮੋਹਨ ਅੱਗਰਵਾਲ ਜੋਗਾ)**: ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਵਿਦਿਆਰਥੀਆਂ ਅਤੇ ਸਟਾਫ਼ ਦੀ ਸਹੂਲਤ ਲਈ ਆਧੁਨਿਕ ਅਭਿਆਸ ਉਪਕਰਨਾਂ ਨਾਲ ਲੈਸ ਲੜਕਿਆਂ ਅਤੇ ਲੜਕੀਆਂ ਲਈ ਨਵੇਂ ਬਣੇ ਕੇਂਦਰੀ ਜਿਮਨੇਜ਼ੀਅਮ ਦਾ ਉਦਘਾਟਨ ਕੀਤਾ। ਇਸ ਮੌਕੇ ਬੋਲਦਿਆਂ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਜਿਮਨੇਜ਼ੀਅਮ ਵਿਦਿਆਰਥੀਆਂ ਨੂੰ ਪੇਸ਼ੇਵਰ ਤੌਰ 'ਤੇ ਸੰਚਾਲਿਤ ਮਾਹੌਲ ਪ੍ਰਦਾਨ ਕਰੇਗਾ, ਜਿਸ ਨਾਲ ਉਨ੍ਹਾਂ ਦਾ ਮਾਨਸਿਕ ਮਜ਼ਬੂਤੀ, ਸਰੀਰਕ ਸਹਿਣਸ਼ੀਲਤਾ ਅਤੇ ਆਤਮ-ਵਿਸ਼ਵਾਸ ਪੈਦਾ ਹੋਵੇਗਾ। ਇਸ ਦੌਰਾਨ ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਵਿਦਿਆਰਥੀਆਂ ਨੂੰ ਸਿਹਤਮੰਦ ਜੀਵਨ ਸ਼ੈਲੀ ਦੀ ਅਗਵਾਈ ਕਰਨ ਲਈ ਇਸ ਸਹੂਲਤ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਿਦਿਆਰਥੀਆਂ ਦੀ ਸ਼ਰੀਰਕ ਅਤੇ ਮਾਨਸਿਕ ਤੰਦਰੁਸਤੀ 'ਤੇ ਹਮੇਸ਼ਾ ਜ਼ੋਰ ਦਿੰਦੀ ਹੈ। ਸਟੂਡੈਂਟਸ ਵੈਲਫੇਅਰ ਦੀ ਡੀਨ ਡਾ. ਸਿਮਰਜੀਤ ਕੌਰ ਨੇ ਸ਼ਰੀਰਕ ਤੰਦਰੁਸਤੀ ਦੀ ਮਹੱਤਤਾ 'ਤੇ ਚਾਨਣਾ ਪਾਇਆ ਅਤੇ ਕਿਹਾ ਕਿ ਕੇਂਦਰੀ ਜਿਮਨੇਜ਼ੀਅਮ ਦੀ ਸਹੂਲਤ ਨੌਜਵਾਨਾਂ ਦੀ ਊਰਜਾ ਨੂੰ ਸਹੀ ਦਿਸ਼ਾ ਵੱਲ ਲਿਜਾਣ ਦਾ ਸਭ ਤੋਂ ਵਧੀਆ ਤਰੀਕਾ ਹੈ ਅਤੇ ਉਨ੍ਹਾਂ ਨੂੰ ਰਚਨਾਤਮਕ ਆਨੰਦ ਅਤੇ ਖੁਸ਼ੀ ਪ੍ਰਦਾਨ ਕਰਦਾ ਹੈ। ਇਸ ਉਦਘਾਟਨੀ ਸਮਾਰੋਹ ਦੌਰਾਨ ਬਾਡੀ ਬਿਲਡਿੰਗ ਟੈਲੇਂਟ ਸ਼ੋਅ ਦਾ ਆਯੋਜਨ ਵੀ ਕੀਤਾ ਗਿਆ। ਯੂਨੀਵਰਸਿਟੀ ਚਾਂਸਲਰ ਵੱਲੋਂ ਇਸ ਮੌਕੇ ਵੱਖ-ਵੱਖ ਖੇਡ ਵਰਗਾਂ 'ਚ ਸਟੇਟ ਅਤੇ ਨੈਸ਼ਨਲ ਅਵਾਰਡ ਜਿੱਤਣ ਵਾਲੇ ਖਿਡਾਰੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

# ਬੇਕਾਬੂ ਕਾਰ ਡਿਵਾਈਡਰ ਪਾਰ ਕਰਕੇ ਸਾਹਮਣੇ ਤੋਂ ਆ ਰਹੇ ਕਾਰ ਨਾਲ ਟਕਰਾਈ, ਔਰਤ ਦੀ ਮੌਤ



**ਗੁਰਾਇਆ (ਬਿੰਦਰ ਸੁਮਨ)**- ਦਿੱਲੀ-ਅੰਮ੍ਰਿਤਸਰ ਨੈਸ਼ਨਲ ਹਾਈਵੇ-44 'ਤੇ ਗੁਰਾਇਆ 'ਚ ਥਾਣਾ ਸਦਰ ਦੇ ਸਾਹਮਣੇ ਪੁਲ 'ਤੇ ਵਾਪਰੇ ਸੜਕ ਹਾਦਸੇ 'ਚ ਦੋ ਕਾਰਾਂ ਦੀ ਆਪਸ 'ਚ ਟੱਕਰ ਹੋਣ ਕਾਰਨ ਦੋਵੇਂ ਕਾਰਾਂ ਦੇ ਪਰਖੱਚੇ ਉੱਡ ਗਏ। ਇਸ ਹਾਦਸੇ 'ਚ ਇੱਕ ਮਹਿਲਾ ਅਧਿਆਪਕ ਦੀ ਮੌਤ ਹੋ ਗਈ ਜਦਕਿ ਉਸਦਾ ਪਤੀ ਜੋ ਕਿ ਗੰਭੀਰ ਰੂਪ 'ਚ ਜਖਮੀ ਹੋ ਗਿਆ। ਹੌਂਡਾ ਸਿਟੀ ਕਾਰ ਨੰਬਰ (ਸੀ.ਐੱਚ.-01ਏ.ਬੀ.-6049) 'ਚ ਇਕ ਆਰਮੀ ਕੈਪਟਨ ਜੰਮੂ ਤੋਂ ਲੁਧਿਆਣਾ ਵੱਲ ਜਾ ਰਿਹਾ ਸੀ, ਜਦੋਂ ਮੁੱਖ ਮਾਰਗ 'ਤੇ ਡੱਲੇਵਾਲ ਫਾਟਕ ਦੇ ਸਾਹਮਣੇ ਫਲਾਈਓਵਰ 'ਤੇ ਪੁੱਜੀ ਤਾਂ ਗੱਡੀ ਦਾ ਅੱਗੇ ਦਾ ਟਾਇਰ ਫੱਟ ਗਿਆ। ਗੱਡੀ ਬੇਕਾਬੂ ਹੋ ਕੇ ਡਿਵਾਈਡਰ ਪਾਰ ਕਰਕੇ ਦੂਜੇ ਪਾਸੇ ਪਹੁੰਚ ਗਈ ਜੋ ਫਿਲੌਰ ਤੋਂ ਫਗਵਾੜਾ ਵੱਲ ਆ ਰਹੀ ਸਵਿਫਟ ਡਿਜਾਇਰ ਗੱਡੀ (ਪੀਬੀ-09ਵਾਈ-4336) ਨਾਲ ਟਕਰਾ ਗਈ। ਮੌਕੇ 'ਤੇ ਰਾਹਗੀਰਾਂ ਅਤੇ ਪੀ ਸੀ ਆਰ ਟੀਮ ਏ. ਐੱਸ. ਆਈ ਸਰਬਜੀਤ ਸਿੰਘ ਅਤੇ ਏ.ਐੱਸ.ਆਈ. ਜਸਵਿੰਦਰ ਸਿੰਘ ਨੇ ਪੂਰੀ ਕੀਤੀ। ਜਿਸ 'ਚ ਹੌਂਡਾ ਸਿਟੀ 'ਚ ਆਰਮੀ ਦੇ ਕੈਪਟਨ ਗੁਰਕਮਲ ਸਿੰਘ ਪੁੱਤਰ ਹਰਦੀਪ ਸਿੰਘ ਵਾਸੀ ਲੁਧਿਆਣਾ ਅਤੇ ਡਿਜਾਇਰ 'ਚ ਸਵਾਰ ਲੈਕਚਰਾਰ ਪਤੀ-ਪਤਨੀ ਨੀਰਜ ਸ਼ਰਮਾ ਅਤੇ ਮੀਨਾਕਸ਼ੀ ਕਾਲੀਆ ਨੂੰ 108 ਐਂਬੂਲੈਂਸ 'ਚ ਲੈ ਕੇ ਫਗਵਾੜਾ ਦੇ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਜਿੱਥੇ ਜਖਮੀਆਂ ਦੀ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਜਲੰਧਰ ਰੈਫਰ ਕਰ ਦਿੱਤਾ ਗਿਆ ਹੈ। ਪਤੀ-ਪਤਨੀ ਨੀਰਜ ਸ਼ਰਮਾ ਅਤੇ ਮੀਨਾਕਸ਼ੀ ਕਾਲੀਆ ਪਿੰਡ ਬਡਾਪਿੰਡ ਦੇ ਸਰਕਾਰੀ ਸਕੂਲ 'ਚ ਕੈਮਿਸਟਰੀ ਅਤੇ ਫਿਜ਼ਿਕਸ ਦੇ ਲੈਕਚਰਾਰ ਹਨ। ਉਹ ਸਕੂਲ ਤੋਂ ਛੁੱਟੀ ਹੋ ਕੇ ਫਗਵਾੜਾ ਸਥਿਤ ਆਪਣੇ ਘਰ ਪਰਤ ਰਹੇ ਸਨ। ਉਧਰ, ਦੇਰ ਰਾਤ ਜਖਮੀ ਲੈਕਚਰਾਰ ਮੀਨਾਕਸੀ ਕਾਲੀਆ ਦੀ ਮੌਤ ਹੋ ਜਾਣ ਦੀ ਖਬਰ ਸਾਹਮਣੇ ਆਈ ਹੈ। ਪਤੀ-ਪਤਨੀ ਨੂੰ ਵਿਦੇਸ਼ੀ ਵੀਜ਼ਾ ਮਿਲਿਆ ਹੋਇਆ ਸੀ। ਦੋਵੇਂ ਪਤੀ-ਪਤਨੀ ਬਹੁਤ ਖੁਸ਼ ਸਨ।

## ਬਾਲ ਭਲਾਈ ਕੌਂਸਲ ਵੱਲੋਂ ਪੇਂਟਿੰਗ ਮੁਕਾਬਲੇ

**ਜਲੰਧਰ (ਸੁਰਿੰਦਰ ਕੁਮਾਰ)** ਬਾਲ ਭਲਾਈ ਕੌਂਸਲ ਜਲੰਧਰ ਵੱਲੋਂ ਮਿਤੀ ਰੈਡ ਕਰਾਸ ਭਵਨ, ਜਲੰਧਰ ਵਿਖੇ 5 ਤੋਂ 18 ਸਾਲ ਦੀ ਉਮਰ ਦੇ ਸਕੂਲੀ ਵਿਦਿਆਰਥੀਆਂ ਦੇ ਜ਼ਿਲ੍ਹਾ ਪੱਧਰੀ ਪੇਂਟਿੰਗ ਮੁਕਾਬਲੇ ਕਰਵਾਏ ਗਏ। ਬਾਲ ਭਲਾਈ ਕੌਂਸਲ, ਪੰਜਾਬ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ ਹੇਠ ਬੱਚਿਆਂ ਦੇ ਵੱਖ-ਵੱਖ 4 ਗਰੁੱਪਾਂ ਤਹਿਤ ਇਹ ਮੁਕਾਬਲੇ ਕਰਵਾਏ ਗਏ, ਜਿਸ 'ਚ 33 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਡਾ: ਕੰਵਲਪ੍ਰੀਤ ਕੌਰ ਚੇਅਰਪਰਸਨ ਜਿਲ੍ਹਾ ਭਲਾਈ ਕੌਂਸਲ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਇੰਦਰ ਦੇਵ ਸਿੰਘ ਮਿਨਹਾਸ ਸੈਕਟਰੀ ਰੈਡ ਕਰਾਸ ਜਲੰਧਰ ਹਾਜ਼ਰ ਸਨ। ਮੁਕਾਬਲੇ-2022 ਦੇ ਜੇਤੂ ਰਹੇ ਜ਼ਿਲ੍ਹਾ ਜਲੰਧਰ ਦੇ 8 ਵਿਦਿਆਰਥੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦਿੱਤੇ ਗਏ। ਨੈਸ਼ਨਲ ਪੇਂਟਿੰਗ 'ਚ ਗ੍ਰੀਨ ਗਰੁੱਪ ਦੇ ਵਿਦਿਆਰਥੀਆਂ 'ਚੋਂ ਨਵਿਯਾ ਨੇ ਪਹਿਲਾ ਸਥਾਨ, ਮੈਰਾ ਭਾਟੀਆ ਨੇ ਦੂਜਾ ਸਥਾਨ, ਪਾਰਥ ਗੁਪਤਾ ਨੇ ਤੀਜਾ ਸਥਾਨ ਹਾਸਲ ਕੀਤਾ। ਵਾਇਟ ਗਰੁੱਪ ਦੇ ਵਿਦਿਆਰਥੀਆਂ ਵਿਚੋਂ ਰਿਧੀ ਖੱਟਰ ਨੇ ਪਹਿਲਾ ਸਥਾਨ, ਰੂਹਾਨ ਦੰਗ ਨੇ ਦੂਜਾ ਸਥਾਨ, ਅੰਸ਼ਿਕਾ ਜੰਗੀਰ ਨੇ ਤੀਜਾ ਸਥਾਨ ਹਾਸਲ ਕੀਤਾ। ਯੈਲੋ ਗਰੁੱਪ ਦੇ ਵਿਦਿਆਰਥੀਆਂ 'ਚੋਂ ਅਮਨਾਹ ਖਾਤੂਨ ਨੇ ਰਾਸਟਰੀ ਪੇਂਟਿੰਗ ਮੁਕਾਬਲੇ ਵਿੱਚ ਪਹਿਲਾ, ਤਨਿਸ਼ ਨੇ ਦੂਜਾ ਅਤੇ ਸੋਨਾਕਸ਼ੀ ਨੇ ਤੀਜਾ ਸਥਾਨ ਹਾਸਲ ਕੀਤਾ। ਮਲਟੀਪਲ ਅਪਾਹਜਤਾ ਵਾਲੇ ਵਿਦਿਆਰਥੀਆਂ 'ਚੋਂ ਸਿਮਰਦੀਪ ਕੌਰ ਨੇ ਪਹਿਲਾ, ਮੁਕੇਸ਼ ਨੇ ਦੂਜਾ ਅਤੇ ਸਹਿਬਜੀਤ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਰੈਡ ਗਰੁੱਪ ਦੇ ਦਿਵਿਆਂਗ ਵਿਦਿਆਰਥੀਆਂ 'ਚੋਂ ਦਮਨ ਨੇ ਪਹਿਲਾ ਸਥਾਨ ਅਤੇ ਸਮਰ ਨੇ ਦੂਜਾ ਸਥਾਨ ਹਾਸਲ ਕੀਤਾ।

## ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਯੂਨੀਅਨ ਦੀ ਮਹੀਨਾਵਾਰ ਮੀਟਿੰਗ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਪੰਜਾਬ ਪੈਨਸ਼ਨਰਜ਼ ਵੈਲਫੇਅਰ ਯੂਨੀਅਨ ਹੁਸ਼ਿਆਰਪੁਰ ਦੀ ਮੀਟਿੰਗ ਸੂਬਾ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਅਜਨੋਹਾ ਦੀ ਪ੍ਰਧਾਨਗੀ ਅਧੀਨ ਇਸਲਾਮਾਬਾਦ ਹੁਸ਼ਿਆਰਪੁਰ ਵਿਖੇ ਹੋਈ ਅਜਨੋਹਾ ਨੇ ਪਿਛਲੇ ਸਮੇਂ ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਵੱਲੋਂ ਪੰਜਾਬ ਸਰਕਾਰ ਵਿਰੁੱਧ ਕੀਤੇ ਸੰਘਰਸ਼ਾਂ ਸੰਬੰਧੀ ਚਾਨਣਾ ਪਾਇਆ ਅਤੇ ਸਰਕਾਰ ਵੱਲੋਂ ਮੰਗਾਂ ਨਾ ਮੰਨਣ ਦੀ ਸੂਰਤ 'ਚ 14 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਅਤੇ ਮੁਜਾਰੇ 'ਚ ਸ਼ਮੂਲੀਅਤ ਕਰਨ ਲਈ ਪ੍ਰੇਰਿਤ ਕੀਤਾ। ਮੀਟਿੰਗ 'ਚ ਪੰਜਾਬ ਪੈਨਸ਼ਨਰਜ਼ ਵੈਲਫੇਅਰ ਯੂਨੀਅਨ ਹੁਸ਼ਿਆਰਪੁਰ ਦੇ ਪ੍ਰਧਾਨ ਭੁਪਿੰਦਰ ਸਿੰਘ, ਜਨਰਲ ਸਕੱਤਰ ਸਵਰਨ ਸਿੰਘ ਲੈਕਚਰਾਰ, ਸਹਾਇਕ ਸਕੱਤਰ ਬਲਵੀਰ ਸਿੰਘ, ਖਜਾਨਚੀ ਪ੍ਰਿੰਸੀਪਲ ਹਰਵਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਮਹਿੰਦਰ ਪਾਲ ਸਿੰਘ, ਆਰਗੇਨਾਈਜਰ ਸਕੱਤਰ ਪਰਮਜੀਤ ਸਿੰਘ ਸ਼ਾਹੀ ਹਾਜ਼ਰ ਸਨ। ਯੂਨੀਅਨ ਦੇ ਸਰਪ੍ਰਸਤ ਬਹਾਦਰ ਸਿੰਘ ਨੇ ਪੈਨਸ਼ਨਰਾਂ ਵੱਲੋਂ ਲਾਈਫ ਟਾਈਮ ਏਰੀਅਰ ਫਾਰਮ ਭਰ ਕੇ ਬੈਂਕਾਂ ਨੂੰ ਦੇਣ ਸੰਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਜਿਹੜੇ ਪੈਨਸਨਰ ਲਾਈਫ ਟਾਈਮ ਏਰੀਅਰ ਦੇ ਫਾਰਮ ਭਰਨਾ ਚਾਹੁੰਦੇ ਹੋਣ ਉਹ ਸਰਕਾਰੀ ਪ੍ਰਾਇਮਰੀ ਸਕੂਲ ਅਸਲਾਮਾਂਬਾਦ ਵਿਖੇ 8 ਅਕਤੂਬਰ ਦਿਨ ਐਤਵਾਰ ਨੂੰ 10:30 ਵਜੇ ਆ ਕੇ ਫਾਰਮ ਭਰ ਸਕਦੇ ਹਨ।

7--Otc-PAGE- 9 qxd.qxd 10/6/2023 9:56 PM Page 1



# ਪੰਜਾਬ 'ਚ ਝੋਨੇ ਦੀ ਖ੍ਰੀਦ ਸੁਚਾਰੂ ਤਰੀਕੇ ਨਾਲ ਚੱਲ ਰਹੀ : ਕਟਾਰੂਚੱਕ



**ਫਿਲੌਰ ( ਨਿਰਮਲ )** -ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਹੈ ਕਿ ਪੰਜਾਬ ਵਿਚ ਝੋਨੇ ਦੀ ਖਰੀਦ ਸੁਚਾਰੂ ਢੰਗ ਨਾਲ ਚੱਲ ਰਹੀ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਿਸਾਨਾਂ ਦੀ ਫਸਲ ਦਾ ਦਾਣਾ-ਦਾਣਾ ਘੱਟੋ ਘੱਟ ਸਰਕਾਰੀ ਕੀਮਤ 'ਤੇ ਖਰੀਦਣਾ ਯਕੀਨੀ ਬਣਾਵੇਗੀ।

ਇੱਥੇ ਫਿਲੌਰ ਵਿਖੇ ਝੋਨੇ ਦੀ ਖਰੀਦ ਦਾ ਜਾਇਜ਼ਾ ਲੈਣ ਮੌਕੇ ਉਨ੍ਹਾਂ ਜਿੱਥੇ ਕਿਸਾਨਾਂ ਤੇ ਆੜ੍ਹਤੀਆਂ ਨਾਲ ਗੱਲਬਾਤ ਦੌਰਾਨ ਖ੍ਰੀਦ ਪ੍ਰਕ੍ਰਿਆ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਉੱਥੇ ਹੀ ਦੱਸਿਆ ਕਿ ਪੰਜਾਬ ਦੀਆਂ ਖਰੀਦ ਏਜੰਸੀਆਂ ਵਲੋਂ 182 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਜਾਵੇਗੀ । ਉਨ੍ਹਾਂ ਮੰਡੀ ਵਿਚ ਖਰੀਦ ਪ੍ਰਬੰਧਾਂ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਖ੍ਰੀਦ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਰਿਜ਼ਰਵ ਬੈਂਕ ਤੋਂ 37000 ਕਰੋੜ ਰੁਪੈ ਦੀ ਕਰੈਡਿਟ ਲਿਮਟ, ਬਾਰਦਾਨੇ ਆਦਿ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ। ਕੈਬਨਿਟ ਮੰਤਰੀ ਨੇ ਵੱਖ-ਵੱਖ ਖਰੀਦ ਏਜੰਸੀਆਂ ਮਾਰਕਫੈਡ, ਪਨਸਪ, ਵੇਅਰਹਾਊਸ ਤੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਲਗਾਤਾਰ ਮੰਡੀਆਂ ਦਾ ਦੌਰਾ ਕਰਨ ਤਾਂ ਜੋ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਵਿਚ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਇਹ ਵੀ ਕਿਹਾ ਕਿ ਕਿਸਾਨਾਂ ਨੂੰ ਖਰੀਦੀ ਗਈ ਫਸਲ ਦੀ ਅਦਾਇਗੀ ਵੀ 48 ਘੰਟੇ ਦੇ ਅੰਦਰ-ਅੰਦਰ ਕੀਤੀ ਜਾਣੀ ਯਕੀਨੀ ਬਣਾਈ ਜਾਵੇ। ਇਸ ਮੌਕੇ ਉਨ੍ਹਾਂ ਜਲੰਧਰ ਜਿਲ੍ਹੇ ਵਿਚ ਖਰੀਦ ਪ੍ਰਬੰਧਾਂ ਦੀ ਸਮੀਖਿਆ ਵੀ ਕੀਤੀ ਜਿਸ ਦੌਰਾਨ ਅਧਿਕਾਰੀਆਂ ਨੇ ਦੱਸਿਆ ਕਿ ਜਿਲ੍ਹੇ ਵਿਚ 1062004 ਮੀਟਰਕ ਟਨ ਝੋਨੇ ਦੀ ਖਰੀਦ ਦਾ ਟੀਚਾ ਹੈ, ਜਿਸ ਲਈ 81 ਮੰਡੀਆਂ ਵਿਚ ਖਰੀਦ ਚੱਲ ਰਹੀ ਹੈ। ਬੀਤੇ ਕੱਲ੍ਹ ਤੱਕ ਜਲੰਧਰ ਜ਼ਿਲ੍ਹੇ ਵਿਚ 10000 ਮੀਟਰਕ ਟਨ ਝੋਨੇ ਦੀ ਸਰਕਾਰੀ ਖਰੀਦ ਮੁੱਲ 2203 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖਰੀਦ ਕੀਤੀ ਗਈ ਹੈ। ਖਰੀਦੇ ਗਏ ਝੋਨੇ ਦੀ ਬਦਲੇ ਕਿਸਾਨਾਂ ਨੂੰ ਨਿਰਧਾਰਿਤ ਸਮੇਂ ਦੇ ਅੰਦਰ-ਅੰਦਰ 4 ਕਰੋੜ ਰੁਪਏ ਦੀ ਅਦਾਇਗੀ ਵੀ ਕੀਤੀ ਜਾ ਚੁੱਕੀ ਹੈ। ਇਸ ਮੌਕੇ ਐਸ.ਡੀ.ਐਮ. ਅਮਨਪਾਲ ਸਿੰਘ, ਜਿਲ੍ਹਾ ਖੁਰਾਕ ਤੇ ਸਿਵਲ ਸਪਲਾਈ ਅਧਿਕਾਰੀ ਨਰਿੰਦਰ ਸਿੰਘ ਤੇ ਹੋਰ ਹਾਜ਼ਰ ਸਨ।

# ਤਰਕਸ਼ੀਲ ਸੁਸਾਇਟੀ ਵੱਲੋਂ ਪੱਤਰਕਾਰਾਂ ਨੂੰ ਗ੍ਰਿਫ਼ਤਾਰ ਕਰਨ ਦੀ ਨਿਖੇਧੀ

**ਜਲੰਧਰ (ਕੇਸਰ, ਰਾਜੇਸ਼ ਥਾਪਾ)** ਤਰਕਸ਼ੀਲ ਸੁਸਾਇਟੀ ਪੰਜਾਬ ਦੀ ਜ਼ੋਨ ਜਲੰਧਰ ਕਮੇਟੀ ਨੇ ਦਿੱਲੀ ਪੁਲਸ ਦੇ ਵਿਸ਼ੇਸ਼ ਸੈੱਲ ਵੱਲੋਂ ਮੀਡੀਆ ਅਦਾਰੇ 'ਨਿਊਜ ਕਲਿੱਕ' ਦੇ 30 ਟਿਕਾਣਿਆਂ ਉਤੇ ਛਾਪੇ ਮਾਰ ਕੇ ਇਸਦੇ ਸੰਸਥਾਪਕ ਪ੍ਰਬੀਰ ਪੁਰਕਾਇਸਥ ਅਤੇ ਮਨੁੱਖੀ ਵਸੀਲਾ ਵਿਭਾਗ ਦੇ ਮੁਖੀ ਅਮਿਤ ਚਕਰਵਰਤੀ ਨੂੰ ਯੂ ਏ ਪੀ ਏ ਦੇ ਕਾਲੇ ਕਾਨੂੰਨ ਹੇਠ ਗ੍ਰਿਫਤਾਰ ਕਰਨ ਅਤੇ ਅਦਾਰੇ ਨਾਲ ਸਬੰਧਤ ਲੈਪਟਾਪ, ਮੋਬਾਈਲ ਅਤੇ ਅਹਿਮ ਦਸਤਾਵੇਜ ਜ਼ਬਤ ਕੀਤੇ ਜਾਣ ਦੀ ਫਾਸ਼ੀਵਾਦੀ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ ਹੈ ਅਤੇ ਮੋਦੀ ਸਰਕਾਰ ਤੋਂ ਇਸ ਕੇਸ ਨੂੰ ਤੁਰੰਤ ਰੱਦ ਕਰਕੇ ਉਨ੍ਹਾਂ ਨੂੰ ਬਿਨਾਂ ਸਰਤ ਰਿਹਾ ਕਰਨ ਅਤੇ ਜ਼ਬਤ ਉਪਕਰਨਾਂ ਨੂੰ ਵਾਪਸ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ।

ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਜਲੰਧਰ ਦੇ ਪ੍ਰਧਾਨ ਸੁਰਜੀਤ ਟਿੱਬਾ ਅਤੇ ਮੈਂਬਰ ਸੁਖਦੇਵ ਫਗਵਾੜਾ, ਸੰਦੀਪ ਦਰਦੀ, ਵਿਜੈ ਰਾਹੀ , ਨਸੀਬ ਚੰਦ ਬੱਬੀ, ਸੁਖਵਿੰਦਰ ਬਾਗਪੁਰ, ਬਿੱਟੂ ਰੁਪੇਵਾਲੀ ਅਤੇ ਮਨਜੀਤ ਸਿੰਘ ਪ੍ਰਿੰਸੀਪਲ ਸਾਹਕੋਟ ਨੇ ਇਸ ਸੰਬੰਧੀ ਇਕ ਪ੍ਰੈੱਸ ਬਿਆਨ ਰਾਹੀਂ ਦਿੱਲੀ ਪੁਲਸ ਦੀ ਇਸ ਧੱਕੇਸ਼ਾਹੀ ਨੂੰ ਮੀਡੀਏ 'ਤੇ ਅਣਐਲਾਨੀ ਐਮਰਜੈਂਸੀ ਕਰਾਰ ਦਿੰਦਿਆਂ ਕਿਹਾ ਕਿ ਮੋਦੀ ਸਰਕਾਰ ਦੇ ਘਪਲਿਆਂ, ਝੂਠੇ ਵਾਅਦਿਆਂ, ਲੋਕ ਵਿਰੋਧੀ ਨੀਤੀਆਂ ਅਤੇ ਫਿਰਕੂ ਸਾਜਿਸ਼ਾਂ ਦਾ ਪਰਦਾਫਾਸ਼ ਕਰਨ ਵਾਲੇ ਇਸ ਮੀਡੀਆ ਅਦਾਰੇ 'ਤੇ ਦਿੱਲੀ ਪੁਲਸ ਵੱਲੋਂ ਛਾਪੇ ਮਾਰਨ ਅਤੇ ਡਿਜ਼ੀਟਲ ਉਪਕਰਨ ਜ਼ਬਤ ਕਰਨ ਦੀ ਗ਼ੈਰ ਜਮਹੂਰੀ ਕਾਰਵਾਈ ਪ੍ਰੈਸ ਦੀ ਆਜ਼ਾਦੀ ਅਤੇ ਪੱਤਰਕਾਰਾਂ ਦੀ ਵਿਚਾਰ ਪ੍ਰਗਟਾਵੇ ਦੀ ਨਿੱਜੀ ਆਜ਼ਾਦੀ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ ਅਤੇ ਤਰਕਸ਼ੀਲ ਸੁਸਾਇਟੀ ਇਸਦਾ ਘੋਰ ਵਿਰੋਧ ਕਰਦੀ ਹੈ। ਤਰਕਸ਼ੀਲ ਆਗੂਆਂ ਨੇ ਦਿੱਲੀ ਪੁਲਸ ਵਲੋਂ ਨਾਮਵਰ ਪੱਤਰਕਾਰਾਂ ਉਰਮਿਲੇਸ, ਅਭਿਸਾਰ ਸ਼ਰਮਾ, ਭਾਸਾ ਸਿੰਘ, ਔਨਿਨਦਿਓ ਚਕਰਵਰਤੀ, ਪ੍ਰੰਜਯ ਗੁਹਾ ਠਾਕੁਰਤਾ, ਇਤਿਹਾਸਕਾਰ ਸੋਹੇਲ ਹਾਸਮੀ ਅਤੇ ਸੰਜੇ ਰਜੌਰਾ 'ਤੇ ਬਿਨਾਂ ਕਿਸੇ ਦੋਸ ਦੇ ਕੀਤੀ ਛਾਪੇਮਾਰੀ ਦੀ ਸਖਤ ਨਿਖੇਧੀ ਕੀਤੀ।

# ਗਗਨ ਮਾਨ ਨੇ ਨਵਾਂ ਗਾਓਂ ਐਮ ਸੀ ਖੇਤਰ 'ਚ ਕਾਨੂੰਨੀ ਤੇ ਗੈਰ-ਕਾਨੂੰਨੀ ਉਸਾਰੀਆਂ ਦੇ ਸਰਵੇਖਣ ਦੇ ਆਦੇਸ਼ ਦਿੱਤੇ

**ਕੁਰਾਲੀ, (ਮੋਹਨ ਅੱਗਰਵਾਲ ਜੋਗਾ)**-ਪੰਜਾਬ ਦੇ ਸੈਰ ਸਪਾਟਾ ਮੰਤਰੀ ਅਤੇ ਖਰੜ ਤੋਂ ਵਿਧਾਇਕ ਅਨਮੋਲ ਗਗਨ ਮਾਨ ਨੇ ਨਵਾਂ ਗਾਓਂ ਨਗਰ ਕੌਂਸਲ ਸੀਮਾ 'ਚ ਚੱਲ ਰਹੀਆਂ ਕਾਨੂੰਨੀ ਅਤੇ ਗੈਰ-ਕਾਨੂੰਨੀ ਉਸਾਰੀਆਂ ਦਾ ਸਰਵੇਖਣ ਕਰਨ ਦੇ ਨਾਲ-ਨਾਲ ਨਗਰ ਕੌਂਸਲ ਦੀ ਹੱਦਬੰਦੀ ਅਤੇ ਨਗਰ ਕੌਂਸਲ ਦੀ ਮਾਲਕੀ ਵਾਲੀ ਜ਼ਮੀਨ ਦੀ ਤੁਰੰਤ ਪ੍ਰਭਾਵ ਨਾਲ ਸਨਾਖਤ ਕਰਨ ਦੇ ਹੁਕਮ ਦਿੱਤੇ ਹਨ।ਨਗਰ ਕੌਂਸਲ ਦਫਤਰ ਵਿਖੇ ਆਪਣੀ ਸਮੀਖਿਆ ਮੀਟਿੰਗ ਦੌਰਾਨ, ਉਨ੍ਹਾਂ ਨੇ ਇਲਾਕੇ ਵਿੱਚ ਗੈਰ-ਕਾਨੂੰਨੀ ਉਸਾਰੀਆਂ ਨੂੰ ਰੋਕਣ ਦੀ ਲੋੜ 'ਤੇ ਜੋਰ ਦਿੱਤਾ। ਉਨ੍ਹਾਂ ਕਿਹਾ ਕਿ ਕਿਉਂਕਿ ਨਗਰ ਕੌਂਸਲ ਖੇਤਰ, ਰਾਜ ਦੀ ਰਾਜਧਾਨੀ ਦੇ ਨੇੜੇ ਹੈ, ਇਸ ਲਈ ਖੇਤਰ ਵਿੱਚ ਯੋਜਨਾਬੱਧ ਵਿਕਾਸ ਜ਼ਰੂਰੀ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਆਮ ਲੋਕਾਂ ਦੀਆਂ ਸ਼ਿਕਾਇਤਾਂ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੋਣ ਤਾਂ ਜੋ ਵਸਨੀਕ ਬੁਨਿਆਦੀ ਨਾਗਰਿਕ ਸਹੂਲਤਾਂ, ਜਿਸ ਦੇ ਉਹ ਹੱਕਦਾਰ ਹਨਲਈ ਇੰਤਜਾਰ ਨਾ ਕਰ ਸਕਣ।

ਜਲ ਸਪਲਾਈ, ਸਟਰੀਟ ਲਾਈਟਾਂ ਅਤੇ ਸੀਵਰੇਜ ਦੀਆਂ ਸਹੂਲਤਾਂ ਦੀ ਉਪਲਬੱਧਤਾ 'ਤੇ ਜੋਰ ਦਿੰਦਿਆਂ, ਉਨ੍ਹਾਂ ਮੀਟਿੰਗ ਵਿੱਚ ਹਾਜਰ ਜਲ ਸਪਲਾਈ ਅਤੇ ਸੈਨੀਟੇਸਨ ਅਧਿਕਾਰੀਆਂ ਨੂੰ ਬਕਾਇਆ ਪਏ ਦੋ ਟਿਊਬਵੈੱਲਾਂ ਦਾ ਕੰਮ ਬਿਨਾਂ ਕਿਸੇ ਦੇਰੀ ਤੋਂ ਸੁਰੂ ਕਰਨ ਦੇ ਨਿਰਦੇਸ ਦਿੱਤੇ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋ ਨਵੇਂ ਟਿਊਬਵੈੱਲਾਂ ਨਾਲ ਇਨ੍ਹਾਂ ਦੀ ਗਿਣਤੀ 29 ਹੋ ਜਾਵੇਗੀ। ਸੈਰ ਸਪਾਟਾ ਮੰਤਰੀ ਅਨਮੋਲ ਗਗਨ ਮਾਨ ਨੇ ਅੱਗੇ ਦੱਸਿਆ ਕਿ 7.25 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦੇ ਟੈਂਡਰ ਅਲਾਟ ਕੀਤੇ ਜਾ ਚੁੱਕੇ ਹਨ ਅਤੇ ਜਲਦੀ ਹੀ ਨਗਰ ਕੌਂਸਲ ਖੇਤਰ ਨੂੰ ਨਵਾਂ ਰੂਪ ਦਿੱਤਾ ਜਾਵੇਗਾ। ਇਸੇ ਤਰ੍ਹਾਂ 7.25 ਕਰੋੜ ਰੁਪਏ ਦੇ ਹੋਰ ਵਿਕਾਸ ਕਾਰਜ ਤੇ ਟੈਂਡਰ ਲਾਉਣ ਲਈ ਜਲਦ ਤਿਆਰ ਹੋਣਗੇ ਕਿਉਂਕਿ ਕੰਮਾਂ ਦੀਆਂ ਤਜਵੀਜਾਂ ਪ੍ਰਗਤੀ ਅਧੀਨ ਹਨ।



# ਕਾਮਰੇਡ ਕੁਲਦੀਪ ਸਿੰਘ ਤੇ ਮੋਹਣ ਸਿੰਘ ਮਰਵਾਹਾ ਦੇ ਬਰਸੀ ਸਮਾਗਮ ਮਨਾਏ




**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਪੈਨਸ਼ਨਰਸ ਯੂਨੀਅਨ ਹੁਸ਼ਿਆਰਪੁਰ ਦੀ ਮਹੀਨਾਵਾਰ ਮੀਟਿੰਗ ਪਾਰਟੀ ਦੇ ਦਫਤਰ ਵਿਖੇ ਗੁਰਬਚਨ ਸਿੰਘ ਬੁਲੋਵਾਲ ਦੀ ਪ੍ਰਧਾਨਗੀ ਹੇਠ ਹੋਈ। ਪਿਛਲੇ ਸਮੇਂ ਦੌਰਾਨ ਵਿਛੜੇ ਨੇਤਾ ਕਾਮਰੇਡ ਕੁਲਦੀਪ ਸਿੰਘ ਅਤੇ ਮੋਹਨ ਸਿੰਘ ਮਰਵਾਹਾ ਦੇ ਬਰਸੀ ਸਮਾਗਮ ਮੌਕੇ ਉਹਨਾਂ ਦੀਆਂ ਤਸਵੀਰਾਂ 'ਤੇ ਫੁੱਲ ਮਾਲਾਵਾਂ ਪਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਯੂਨੀਅਨ ਦੇ ਮੁੱਖ ਬੁਲਾਰਿਆਂ ਓਂਕਾਰ ਸਿੰਘ ਪ੍ਰਧਾਨ, ਅਮਰੀਕ ਸਿੰਘ ਜਨਰਲ ਸਕੱਤਰ, ਪ੍ਰਿੰਸੀਪਲ ਚਰਨ ਸਿੰਘ, ਜਗਜੀਤ ਸਿੰਘ ਜੱਗੀ ਡਿਪਟੀ ਜਨਰਲ ਸਕੱਤਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੁਲਦੀਪ ਸਿੰਘ ਇੱਕ ਸੰਸਥਾ ਸਨ ਜਿਨ੍ਹਾਂ ਨੇ ਆਪਣੇ ਸਾਰੇ ਜੀਵਨ ਵਿੱਚ ਪੰਜਾਬ ਰੋਡਵੇਜ ਵਿੱਚ ਵਿੱਚ ਸਰਵਿਸ ਕਰਦਿਆਂ ਮੁਲਾਜਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਸਰਕਾਰ ਪਾਸੋਂ ਮਨਵਾਉਣ ਲਈ ਆਖਰੀ ਦਮ ਤੱਕ ਸੰਘਰਸ਼ ਕੀਤਾ। ਉਹ ਪੰਜਾਬ ਸੁਬਾਰਡੀਨੇਡ ਸਰਵਿਸਿਜ ਫੈਡਰੇਸਨ ਦੇ ਜਨਰਲ ਸਕੱਤਰ ਦੇ ਅਹੁਦੇ 'ਤੇ ਵੀ ਰਹੇ। ਸੇਵਾ ਮੁਕਤੀ ਪਿੱਛੋਂ ਉਹਨਾਂ ਨੇ ਪਹਿਲਾਂ ਪੰਜਾਬ ਪੈਨਸ਼ਨਰਜ ਯੂਨੀਅਨ ਦਾ ਗਠਨ ਕੀਤਾ। ਇੱਕ ਨਾਮੁਰਾਦ ਬਿਮਾਰੀ ਨੇ ਉਹਨਾਂ ਨੂੰ ਆਪਣੀ ਜਕੜ ਵਿੱਚ ਲੈ ਲਿਆ, ਜਿਸ ਕਰਕੇ ਅੱਜ ਦੇ ਦਿਨ 5 ਅਕਤੂਬਰ 2019 ਨੂੰ ਉਹ ਸਾਡੇ ਤੋਂ ਸਦਾ ਲਈ ਵਿਛੜ ਗਏ। ਇਸੇ ਹੀ ਤਰ੍ਹਾਂ ਮੋਹਨ ਸਿੰਘ ਮਰਵਾਹਾ ਜੋ ਪੰਜਾਬ ਪੈਨਸ਼ਨਰ ਯੂਨੀਅਨ ਹੁਸ਼ਿਆਰਪੁਰ ਦੇ ਪ੍ਰਧਾਨ ਸਨ, ਉਹਨਾਂ ਨੇ ਸਿੱਖਿਆ ਵਿਭਾਗ ਵਿੱਚ ਸਰਵਿਸ ਕੀਤੀ ਅਤੇ ਸੇਵਾ ਮੁਕਤੀ ਤੇ ਉਹ ਪੰਜਾਬ ਪੈਨਸ਼ਨਰ ਯੂਨੀਅਨ ਦੇ ਪ੍ਰਧਾਨ ਬਣੇ। ਸਿੱਖਿਆ ਵਿਭਾਗ ਵਿੱਚ ਸਰਵਿਸ ਕਰਦੇ ਸਮੇਂ ਉਹ ਮਨਿਸਟੀਰੀਅਲ ਸਟਾਫ ਐਸੋਸੀਏਸ਼ਨ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਵੀ ਰਹੇ। ਆਖਰ 17 ਸਤੰਬਰ 2019 ਨੂੰ ਉਹ ਵੀ ਸਦਾ ਲਈ ਵਿਛੋੜਾ ਦੇ ਗਏ। ਇਨ੍ਹਾਂ ਦੋਵਾਂ ਨੇਤਾਵਾਂ ਦੀ ਆਤਮਾ ਦੀ ਸ਼ਾਂਤੀ ਲਈ ਅਤੇ ਪਰਿਵਾਰ ਨੂੰ ਭਾਣਾ ਮਿੱਠਾ ਕਰਕੇ ਮੰਨਣ ਦੀ ਅਰਦਾਸ ਹੋਈ। ਇਸ ਮੌਕੇ ਕੁਲਦੀਪ ਸਿੰਘ ਦੇ ਬੇਟੇ ਅਜਵਿੰਦਰ ਸਿੰਘ ਹਾਜਰ ਸਨ। ਸਰਬ ਸੰਮਤੀ ਨਾਲ ਇਹ ਵੀ ਫੈਸਲਾ ਹੋਇਆ ਕਿ ਸਾਂਝਾ ਮੋਰਚਾ ਵੱਲੋਂ 14 ਅਕਤੂਬਰ ਨੂੰ ਚੰਡੀਗੜ੍ਹ ਹੋਣ ਵਾਲੀ ਰੈਲੀ ਵਿੱਚ ਵੱਧ ਚੜ ਕੇ ਪੈਨਸ਼ਨਰ ਹਿੱਸਾ ਲੈਣਗੇ। ਉਪਰੋਕਤ ਤੋਂ ਇਲਾਵਾ ਮੀਟਿੰਗ ਵਿੱਚ ਕਿਸ਼ਨ ਦਾਸ, ਸੁਰਿੰਦਰ ਸਿੰਘ, ਜੋਗਾ ਸਿੰਘ, ਸੁਰਜੀਤ ਸਿੰਘ, ਬਿੱਕਰ ਸਿੰਘ, ਕੁਲਦੀਪ ਸਿੰਘ ਸੈਣੀ, ਮਹਿੰਦਰ ਸਿੰਘ, ਗੁਰਦੀਪ ਸਿੰਘ, ਸੁਰਜੀਤ ਸਿੰਘ, ਕਿਸ਼ਨ ਗੋਪਾਲ, ਹਰਬੰਸ ਲਾਲ, ਬਲਵਿੰਦਰ ਸਿੰਘ, ਅੰਮ੍ਰਿਤ ਲਾਲ, ਬਲਵੀਰ ਸਿੰਘ, ਦਵਿੰਦਰ ਸਿੰਘ, ਗੁਰਜਿੰਦਰ ਸਿੰਘ, ਜਸਵੀਰ ਸਿੰਘ, ਓਕਾਰ ਸਿੰਘ, ਜਸਵੰਤ ਸਿੰਘ, ਅਮਰਜੀਤ ਸਿੰਘ, ਬਲਵਿੰਦਰ ਸਿੰਘ, ਬਲਦੇਵ ਸਿੰਘ, ਗੁਰਚਰਨ ਸਿੰਘ, ਹਰਭਜਨ ਸਿੰਘ ਆਦਿ ਹਾਜਰ ਸਨ।

# ਮਨੋਲੀਆਂ ਵਿਖੇ ਮਹੀਨਾਵਾਰ ਗੁਰਮਤਿ ਕਥਾ ਸਮਾਗਮ ਕਰਵਾਇਆ





**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**-ਸਾਹਿਬਜਾਦਾ ਬਾਬਾ ਅਜੀਤ ਸਿੰਘ ਸੇਵਾ ਸੁਸਾਇਟੀ ਇਲਾਕਾ ਮਾਹਿਲਪੁਰ ਵੱਲੋਂ ਮਹੀਨਾਵਾਰ ਗੁਰਮਤਿ ਕਥਾ ਸਮਾਗਮ ਪਿੰਡ ਮਨੋਲੀਆਂ 'ਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਸ਼ਾਮ ਨੂੰ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਉਪਰੰਤ ਭਾਈ ਬਲਵੀਰ ਸਿੰਘ ਖਾਲਸਾ ਦੇ ਜਥੇ ਨੇ ਸੰਗਤਾਂ ਨੂੰ ਕੀਰਤਨ ਰਾਹੀਂ ਉਸ ਪਰਮਾਤਮਾ ਨਾਲ ਜੋੜਿਆ,ਜੋ ਇਸ ਬ੍ਰਹਿਮੰਡ ਦੇ ਕਣ ਕਣ ਵਿੱਚ ਮੌਜੂਦ ਹੈ। ਇਸ ਤੋਂ ਬਾਅਦ ਭਾਈ ਸੁਖਜੀਤ ਸਿੰਘ ਕਪੂਰਥਲਾ ਸਾਬਕਾ ਐਕਸੀਅਨ ਨੇ ਕਥਾ ਕਰਦਿਆਂ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਭਾਈ ਜੇਠਾ ਜੀ ਦੇ ਸਿਰ ਤੋਂ ਜਦੋਂ ਮਾਤਾ ਪਿਤਾ ਦਾ ਸਾਇਆ ਉੱਠ ਗਿਆ ਤਾਂ ਉਹਨਾਂ ਦੀ ਕਿਸੇ ਨੇ ਵੀ ਕੋਈ ਸਹਾਇਤਾ ਨਹੀਂ ਕੀਤੀ ਗੁਰੂ ਅਮਰਦਾਸ ਜੀ ਦੀ ਸੰਗਤ ਅਤੇ ਸੇਵਾ ਕਰਕੇ ਭਾਈ ਜੇਠਾ ਜੀ ਗੁਰੂ ਰਾਮਦਾਸ ਜੀ ਬਣੇ ਅੱਜ ਉਨ੍ਹਾਂ ਦੀਆਂ ਅਪਾਰ ਰਹਿਮਤਾਂ ਨਾਲ ਸਰੋਵਰ ਅਤੇ ਗੁਰੂ ਰਾਮਦਾਸ ਜੀ ਦੇ ਲੰਗਰ ਸੰਗਤਾਂ ਲਈ 24 ਘੰਟੇ ਖੁੱਲ੍ਹੇ ਹਨ। ਸਮਾਗਮ ਦੇ ਅਖੀਰ ਵਿੱਚ ਸੁਸਾਇਟੀ ਦੇ ਪ੍ਰਧਾਨ ਜਥੇਦਾਰ ਹਰਬੰਸ ਸਿੰਘ ਸਰਹਾਲਾਂ ਨੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਦੱਸਿਆ ਕਿ 28 ਅਕਤੂਬਰ ਨੂੰ ਗੁਰਦੁਆਰਾ ਟਾਹਲੀ ਸਾਹਿਬ ਗੋਂਦਪੁਰ ਵਿਖੇ ਵੱਡਾ ਸਮਾਗਮ ਕੀਤਾ ਜਾ ਰਿਹਾ ਹੈ ਜਿਹੜਾ ਅਕਾਲੀ ਫੂਲਾ ਸਿੰਘ ਦੇ 200 ਸਾਲਾ ਸ਼ਹੀਦੀ ਦਿਹਾੜੇ, ਜੱਸਾ ਸਿੰਘ ਰਾਮਗੜ੍ਹੀਆ ਦੇ 300 ਜਨਮ ਦਿਹਾੜੇ ਅਤੇ ਜੈਤੋ ਦੇ ਮੋਰਚੇ ਦੇ 100 ਸਾਲਾ ਸਮਾਗਮ ਨੂੰ ਸਮਰਪਿਤ ਹੋਵੇਗਾ। ਇਸ ਮੌਕੇ ਸਰਦਾਰ ਗੁਰਦੇਵ ਸਿੰਘ, ਚਰਨਜੀਤ ਸਿੰਘ, ਭਾਈ ਬਲਵੀਰ ਸਿੰਘ ਮਨੋਲੀਆਂ, ਸਰਦਾਰ ਮਨਜੀਤ ਸਿੰਘ ਸਰਹਾਲਾ ਕਲਾਂ, ਸਿਮਰਪਾਲ ਸਿੰਘ, ਕੁਲਦੀਪ ਸਿੰਘ, ਜਸਵਿੰਦਰ ਕੌਰ ਸਰਹਾਲਾ ਖੁਰਦ, ਲੰਬੜਦਾਰ ਦਵਿੰਦਰ ਸਿੰਘ, ਪ੍ਰਧਾਨ ਕੁਲਵੰਤ ਸਿੰਘ ਗੋਂਦਪੁਰ, ਸਰਦਾਰ ਸੋਹਣ ਸਿੰਘ ਸਮੇਤ ਪਿੰਡ ਮਨੋਲੀਆਂ ਅਤੇ ਦਾਦੂਵਾਲ ਦੀਆਂ ਸੰਗਤਾਂ ਸਮੇਤ ਇਲਾਕੇ ਦੀਆਂ ਸੰਗਤਾਂ ਹਾਜਰ ਸਨ।

# ਨਿਊਜ਼ ਕਲਿੱਕ 'ਤੇ ਛਾਪੇਮਾਰੀ ਤੇ ਐੱਸ ਵਾਈ ਐੱਲ ਦੀ ਉਸਾਰੀ ਦੇ ਵਿਰੋਧ 'ਚ ਰੋਸ ਪ੍ਰਦਰਸ਼ਨ ਦਾ ਸੱਦਾ

**ਚੰਡੀਗੜ੍ਹ (ਗੁਰਜੀਤ ਬਿੱਲਾ)** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੀ ਪੰਜਾਬ ਰਾਜ ਕਮੇਟੀ ਨੇ ਦਿੱਲੀ ਪੁਲਸ ਦੇ ਵਿਸ਼ੇਸ਼ ਸੈੱਲ ਵੱਲੋਂ ਆਨਲਾਈਨ ਨਿਊਜ਼ 'ਨਿਊਜ਼ ਕਲਿੱਕ' ਦੇ ਦਫ਼ਤਰ ਨੂੰ ਸੀਲ ਕਰਨ, ਇਸ ਨਾਲ ਸਬੰਧਤ ਪੱਤਰਕਾਰਾਂ ਦੇ ਟਿਕਾਣਿਆਂ ਉੱਪਰ ਛਾਪੇ ਮਾਰਨ, ਉਹਨਾਂ ਨੂੰ ਪੁਲਸ ਹਿਰਾਸਤ 'ਚ ਲੈ ਕੇ ਪੁੱਛਗਿੱਛ ਕਰਨ ਅਤੇ ਐਸ.ਵਾਈ.ਐਲ. ਦੇ ਮੁੱਦੇ 'ਤੇ ਸੁਪਰੀਮ ਕੋਰਟ ਵੱਲੋਂ ਪੰਜਾਬ ਦੇ ਖੇਤਰ ਵਿੱਚ ਨਹਿਰ ਦੀ ਉਸਾਰੀ ਲਈ ਸਰਵੇ ਕਰਨ ਦੇ ਹੁਕਮਾਂ ਦੇ ਵਿਰੋਧ 'ਚ 9 ਅਕਤੂਬਰ ਨੂੰ ਸੂਬੇ ਭਰ 'ਚ ਵਿਰੋਧ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ।

ਪਾਰਟੀ ਦੀ ਸੂਬਾ ਕਮੇਟੀ ਦੇ ਮੈਂਬਰ ਕਾਮਰੇਡ ਅਜਮੇਰ ਸਿੰਘ ਨੇ ਜਾਰੀ ਬਿਆਨ ਰਾਹੀਂ ਕਿਹਾ ਕਿ ਇਹ ਛਾਪੇਮਾਰੀ ਸਰਕਾਰ ਦੀਆਂ ਨੀਤੀਆਂ ਨਾਲੋਂ ਵਖਰੇਵਾਂ ਰੱਖਣ, ਅਲੋਚਨਾ ਕਰਨ ਅਤੇ ਵਿਰੋਧੀ ਆਵਾਜ਼ ਨੂੰ ਦਬਾਉਣ ਲਈ ਪੱਤਰਕਾਰਾਂ, ਲੇਖਕਾਂ, ਜਮਹੂਰੀ ਹੱਕਾਂ ਦੇ ਰਾਖੇ ਕਾਰਕੁਨਾਂ ਅਤੇ ਸਿਆਸੀ ਵਿਰੋਧੀਆਂ ਨੂੰ ਦਬਾਉਣ, ਧਮਕਾਉਣ ਦੇ ਫਾਸ਼ੀਵਾਦੀ ਹਮਲਿਆਂ ਦੇ ਜਾਰੀ ਰੱਖਣ ਦਾ ਹੀ ਹਿੱਸਾ ਹੈ। ਵਿਦੇਸ਼ੀ ਫੰਡ ਲੈਣ ਅਤੇ ਚੀਨ ਪੱਖੀ ਪ੍ਰਾਪੇਗੰਡੇ ਦੇ ਬਹਾਨੇ ਪੁਲਸ ਹਿਰਾਸਤ ਵਿੱਚ ਲਏ ਗਏ ਪੱਤਰਕਾਰਾਂ, ਇਤਿਹਾਸਕਾਰਾਂ ਅਤੇ ਵਿਅੰਗਕਾਰਾਂ ਤੋਂ ਨਾਗਰਿਕਤਾ ਸੋਧ ਬਿੱਲ ਅਤੇ ਕਿਸਾਨ ਅੰਦੋਲਨ ਸੰਬੰਧੀ ਪੁੱਛੇ ਗਏ ਸਵਾਲ ਸਰਕਾਰ ਦੇ ਅਸਲੀ ਇਰਾਦਿਆਂ ਨੂੰ ਸਾਹਮਣੇ ਲਿਆਉਂਦੇ ਹਨ। ਪਾਰਟੀ ਨੇ ਸਮੁੱਚੀਆਂ ਜਮਹੂਰੀ ਅਤੇ ਇਨਕਲਾਬੀ ਸ਼ਕਤੀਆਂ ਨੂੰ ਸਰਕਾਰ ਦੇ ਇਹਨਾਂ ਫਾਸ਼ੀਵਾਦੀ ਹਮਲਿਆਂ ਅਤੇ ਪਾਣੀਆਂ ਦੇ ਮੁੱਦੇ 'ਤੇ ਪੰਜਾਬ ਵਿਰੋਧੀ ਹਰ ਫੈਸਲੇ ਦੇ ਵਿਰੁੱਧ ਵਿਸ਼ਾਲ ਲਾਮਬੰਦੀ ਉਸਾਰ ਕੇ 9 ਅਕਤੂਬਰ ਨੂੰ ਹੋ ਰਹੇ ਪ੍ਰਦਰਸ਼ਨਾਂ 'ਚ ਭਰਵੀਂ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਹੈ।

# ਸਵੱਛਤਾ ਦਿਵਸ ਮਨਾਇਆ



**ਭੋਗਪੁਰ ( ਕੁਲਵੀਰ ਸਿੰਘ ਕਾਹਲੋਂ)** ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ 'ਚ 'ਮੇਰੀ ਮਾਟੀ ਮੇਰਾ ਦੇਸ਼' ਪ੍ਰੋਗਰਾਮ ਤਹਿਤ ਸਵੱਛਤਾ ਦਿਵਸ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਦੀ ਪ੍ਰਿੰਸੀਪਲ ਮੈਡਮ ਨਵਦੀਪ ਕੌਰ ਦੇ ਸੰਦੇਸ਼ ਨਾਲ ਹੋਈ ਉਹਨਾ ਨੇ ਬੱਚਿਆ ਨੂੰ ਸਫਾਈ ਦਾ ਮਹੱਤਵ ਸਮਝਾਇਆ। ਇਸ ਤੋਂ ਬਾਅਦ ਅਧਿਆਪਿਕਾ ਤੇ ਬੱਚਿਆਂ ਨਾਲ ਮਿਲ ਕੇ ਸਫਾਈ ਕੀਤੀ।

# ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਤਹਿਤ ਗਤੀਵਿਧੀਆਂ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** -ਸਿਵਲ ਸਰਜਨ ਜਲੰਧਰ ਡਾਕਟਰ ਰਮਨ ਸ਼ਰਮਾ ਦੇ ਹੁਕਮਾਂ ਅਨੁਸਾਰ ਅਤੇ ਐਸ.ਐਮ.ਓ., ਪੀ.ਐਚ.ਸੀ. ਡਾਕਟਰ ਰਿਚਰਡ ਓਹਰੀ ਤੇ ਅੰਮ੍ਰਿਤਪਾਲ ਸਿੰਘ ਐਚ. ਆਈ ਦੀ ਅਗਵਾਈ ਹੇਠ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿਮ ਤਹਿਤ ਗਤੀਵਿਧੀਆਂ ਕੀਤੀਆਂ ਗਈਆਂ। ਜਿਸ ਦੇ ਵਿੱਚ ਭੋਗਪੁਰ ਅਰਬਣ ਏਰੀਏ ਦੀਆਂ ਨਰਸਰੀਆਂ, ਸਰਕਾਰੀ ਸਕੂਲਾਂ, ਕਾਲਜਾਂ, ਵਾਸ਼ਿੰਗ ਸੈਂਟਰਾਂ, ਪੁਲਸ ਸਟੇਸ਼ਨ ਆਦਿ ਦੀਆਂ ਡੇਂਗੂ ਲਾਰਵਾ ਚੈਕਿੰਗ ਸਬੰਧੀ ਦੂਰ ਕੀਤਾ ਗਿਆ। ਇਸ ਦੌਰਾਨ ਜਿਸ ਸਥਾਨ 'ਤੇ ਲਾਰਵਾ ਮਿਲਿਆ ਉਸ ਲਾਰਵੇ ਨੂੰ ਨਸ਼ਟ ਕੀਤਾ ਗਿਆ। ਇਸ ਟੂਰ ਦੌਰਾਨ ਲੋਕਾਂ ਨੂੰ ਡੇਂਗੂ / ਮਲੇਰੀਆ ਬੁਖਾਰ ਤੋਂ ਬਚਾ ਬਾਰੇ ਜਾਗਰੂਕ ਕੀਤਾ ਗਿਆ। ਇਸ ਟੀਮ ਵਿੱਚ ਮਲਟੀ ਪਰਪਸ ਹੈਲਥ ਵਰਕਰ ਮੇਲ ਟੀਮ ਸੀ.ਐਚ.ਸੀ ਕਾਲਾ ਬਕਰਾ, ਅੰਮ੍ਰਿਤਪਾਲ ਸਿੰਘ ਐਚ ਆਈ, ਗੁਰਮੇਜ ਸਿੰਘ ਐਚ ਆਈ, ਗੁਰਇਕਬਾਲ ਸਿੰਘ, ਸੰਦੀਪ ਕੁਮਾਰ ਸਲਾਰੀਆ, ਸੁਖਵਿੰਦਰ ਪਾਲ, ਗੁਰਮੀਤ ਸਿੰਘ, ਅਮਰਜੀਤ ਸਿੰਘ, ਰਜਿੰਦਰ ਕੁਮਾਰ, ਸੰਦੀਪ ਪਾਲ ਸਿੰਘ, ਬਲਵਿੰਦਰ ਸਿੰਘ, ਸੁਰਜੀਤ ਸਿੰਘ, ਵਿਜੇ ਕੁਮਾਰ ਹੀਰਾ, ਵਿਜੇ ਕੁਮਾਰ, ਰਣਜੀਤ ਸਿੰਘ, ਮਲੂਕ ਸਿੰਘ, ਟੀਮ ਮੈਂਬਰਾਂ ਨੇ ਹਿੱਸਾ ਲਿਆ।



# 540 ਗ੍ਰਾਮ ਨਸ਼ੀਲੇ ਪਦਾਰਥ ਸਮੇਤ 4 ਗ੍ਰਿਫ਼ਤਾਰ




**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )** ਐਸ ਆਈ ਜਗਜੀਤ ਸਿੰਘ ਮੁੱਖ ਅਫਸਰ ਥਾਣਾ ਮੇਹਟੀਆਣਾ ਨੇ ਦੱਸਿਆ ਕਿ ਉਨ੍ਹਾਂ ਨੇ ਧਰਮਿੰਦਰ ਕੁਮਾਰ ਉਰਫ ਸੋਨੂੰ ਪੁੱਤਰ ਰਾਮ ਸਰਨ ਵਾਸੀ ਖੇੜਾ ਕਲਾ ਹਰਮੋਇਆ ਨੂੰ ਸਮੇਤ 210 ਗ੍ਰਾਮ ਨਸ਼ੀਲਾ ਪਦਾਰਥ ਅਤੇ ਅਵਤਾਰ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਫਲਾਹੀ ਨੂੰ ਸਮੇਤ 140 ਗ੍ਰਾਮ ਨਸ਼ੀਲਾ ਪਦਾਰਥ ਦੇ ਡਵਿਤਾ ਅਹਿਰਾਣਾ ਤੋਂ ਮੋਟਰਸਾਇਕਲ ਨੰਬਰੀ : 07—8732 ਮਾਰਕਾ ਹਾਂਡਾ 'ਤੇ ਕਾਬੂ ਕਰਕੇ ਮੁਕੱਦਮਾ ਨੰਬਰ 95 ਅ.ਪ. 22-61-85 ਐਨ.ਡੀ.ਪੀ.ਐਸ. ਐਕਟ ਥਾਣਾ ਮੇਹਟੀਆਣਾ ਦਰਜ ਕੀਤਾ। ਇਕ ਹੋਰ ਮਾਮਲੇ 'ਚ ਏ ਐਸ ਆਈ ਵਿਜੇ ਕੁਮਾਰ ਥਾਣਾ ਮੇਹਟੀਆਣਾ ਨੇ ਸਮੇਤ ਪੁਲਸ ਪਾਰਟੀ ਦੇ ਕਰਨ ਕੁਮਾਰ ਪੁੱਤਰ ਰਾਜ ਕੁਮਾਰ ਵਾਸੀ ਮੋਨਾ ਕਲਾ ਨੂੰ 70 ਗ੍ਰਾਮ ਨਸ਼ੀਲੇ ਪਦਾਰਥ ਸਮੇਤ ਤੇ ਗੁਰਪ੍ਰੀਤ ਕੌਰ ਪਤਨੀ ਸੰਦੀਪ ਸਿੰਘ ਵਾਸੀ ਭੀਲੋਵਾਲ ਥਾਣਾ ਚੱਬੇਵਾਲ ਨੂੰ 120 ਗ੍ਰਾਮ ਨਸ਼ੀਲੇ ਪਦਾਰਥ ਸਮੇਤ ਅਹਿਰਾਣਾ ਕਲਾਂ ਤੋਂ ਮੋਟਰਸਾਇਕਲ ਨੰਬਰੀ 07—1463 ਮਾਰਕਾ ਹਾਂਡਾ ਤੋਂ ਕਾਬੂ ਕਰਕੇ ਮੁਕੱਦਮਾ ਨੰਬਰ 96 ਅ. ਧ. 22-61-85 ਐਨ. ਡੀ.ਪੀ.ਐਸ. ਐਕਟ ਥਾਣਾ ਮੇਹਟੀਆਣਾ ਦਰਜ ਕੀਤਾ ਹੈ।

# ਆਰ ਐੱਮ ਪੀ ਆਈ ਆਗੂਆਂ ਨੇ ਮੂੰਹ 'ਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਕੀਤਾ ਜ਼ੁਬਾਨਬੰਦੀ ਦਾ ਵਿਰੋਧ



**ਜਲੰਧਰ, (ਕੇਸਰ, ਰਜੇਸ਼ ਥਾਪਾ)** -ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐਮਪੀਆਈ) ਦੇ ਸੈਂਕੜੇ ਕਾਰਕੁੰਨਾਂ ਨੇ ਇੱਥੇ ਕੇਂਦਰ ਦੀ ਤਾਨਾਸ਼ਾਹੀ ਪ੍ਰਵਿਰਤੀਆਂ ਵਾਲੀ ਕਾਰਪੋਰੇਟ ਪੱਖੀ, ਫਿਰਕੂ-ਫਾਸ਼ੀ ਮੋਦੀ ਸਰਕਾਰ ਵੱਲੋਂ ਦੇਸ਼ ਵਾਸੀਆਂ ਸਿਰ ਮੜ੍ਹੀ ਗਈ ਅਣਐਲਾਨੀ ਐਮਰਜੈਂਸੀ ਅਤੇ ਮੀਡੀਆ ਦੀ ਆਜ਼ਾਦੀ ਦੇ ਕੀਤੇ ਜਾ ਰਹੇ ਘਾਣ ਖਿਲਾਫ਼ ਜ਼ਬਰਦਸਤ ਰੋਸ ਮੁਜ਼ਾਹਰਾ ਕੀਤਾ। ਮੁਜ਼ਾਹਰਾਕਾਰੀ 'ਨਿਊਜ਼ਕਲਿੱਕ' ਦੇ ਦਫਤਰਾਂ, ਕਰਮਚਾਰੀਆਂ ਤੇ ਪੱਤਰਕਾਰਾਂ ਅਤੇ ਅਦਾਰੇ ਨਾਲ ਜੁੜੇ ਨਾਮਵਰ ਬੁੱਧੀਜੀਵੀਆਂ ਦੇ ਘਰਾਂ ਅੰਦਰ ਮੋਦੀ ਸਰਕਾਰ ਦੇ ਹੁਕਮਾਂ ਤਹਿਤ ਦਿੱਲੀ ਪੁਲਸ ਵੱਲੋਂ ਮਾਰੇ ਗਏ ਗੈਰ ਕਾਨੂੰਨੀ ਛਾਪਿਆਂ, ਚੁਨਿੰਦਾ ਸ਼ਖ਼ਸੀਅਤਾਂ ਖਿਲਾਫ਼ ਯੂਏਪੀਏ ਤਹਿਤ ਮੁਕੱਦਮਾ ਦਰਜ ਕਰਨ ਅਤੇ ਡਿਜੀਟਲ ਸਾਜੋ-ਸਾਮਾਨ ਤੇ ਹੋਰ ਸਮੱਗਰੀ ਜ਼ਬਤ ਕੀਤੇ ਜਾਣ ਖਿਲਾਫ਼ ਹੱਥਾਂ 'ਚ ਫੜ੍ਹੀਆਂ ਤਖ਼ਤੀਆਂ ਅਤੇ ਜ਼ੋਰਦਾਰ ਨਾਅਰਿਆਂ ਰਾਹੀਂ ਤਿੱਖਾ ਰੋਸ ਪ੍ਰਗਟ ਕਰ ਰਹੇ ਸਨ। ਮੁਜ਼ਾਹਰਾਕਾਰੀਆਂ ਦੀ ਅਗਵਾਈ ਕਰ ਰਹੇ ਪ੍ਰਮੁੱਖ ਆਗੂਆਂ ਨੇ ਦੇਸ਼ ਭਰ ਵਿੱਚ ਸੰਵਿਧਾਨਿਕ ਤੇ ਮਨੁੱਖੀ ਅਧਿਕਾਰਾਂ ਅਤੇ ਸ਼ਹਿਰੀ ਆਜ਼ਾਦੀਆਂ ਦਾ ਗਲ ਘੁੱਟੇ ਜਾਣ ਵਿਰੁੱਧ ਰੋਸ ਵਜੋਂ ਆਪਣੇ ਮੂੰਹਾਂ ਤੇ ਜ਼ੁਬਾਨਬੰਦੀ ਦੇ ਪ੍ਰਤੀਕ ਦੇ ਤੌਰ 'ਤੇ ਕਾਲੀਆਂ ਪੱਟੀਆਂ ਬੰਨ੍ਹੀਆਂ ਹੋਈਆਂ ਸਨ। ਇਸ ਤੋਂ ਪਹਿਲਾਂ ਸਥਾਨਕ ਦੇਸ਼ ਭਗਤ ਯਾਦਗਾਰ ਵਿਖੇ ਇਕੱਠੇ ਹੋਏ ਪਾਰਟੀ ਕਾਰਕੁੰਨਾਂ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਪੱਖੋਂ ਅਸਲੋਂ ਨਖਿੱਧ ਸਾਬਤ ਹੋਏ ਮੋਦੀ-ਸ਼ਾਹ ਸਰਕਾਰ, ਜਾਬਰ ਹੱਥਕੰਡਿਆਂ ਰਾਹੀਂ ਵਿਰੋਧ ਦੀਆਂ ਆਵਾਜ਼ਾਂ ਦੀ ਸੰਘੀ ਘੁੱਟ ਕੇ ਤੀਜੀ ਵਾਰੀ ਦੇਸ਼ ਦੀ ਰਾਜ ਗੱਦੀ 'ਤੇ ਕਾਬਜ਼ ਹੋਣ ਲਈ ਤਰਲੋਮੱਛੀ ਹੋ ਰਹੀ ਹੈ, ਪਰ ਦੇਸ਼ ਦੇ ਲੋਕੀਂ ਇਸ ਪਿਛਾਂਹਖਿੱਚੂ ਸਰਕਾਰ ਨੂੰ ਸੱਤਾ ਤੋਂ ਬੇਦਖਲ ਕਰਨ ਦਾ ਪੱਕਾ ਮਨ ਬਣਾ ਚੁੱਕੇ ਹਨ। ਸਾਥੀ ਪਾਸਲਾ ਨੇ ਕਿਹਾ ਕਿ ਭਾਜਪਾ ਅਤੇ ਮੋਦੀ ਸਰਕਾਰ ਦੇ ਰਿੰਗ ਮਾਸਟਰ ਆਰਐਸਐਸ ਦੇ ਖਰੂਦੀ ਸੰਗਠਨ, ਫਿਰਕੂ ਵੰਡ ਤਿੱਖੀ ਕਰਨ ਲਈ ਮੁਸਲਮਾਨਾਂ ਤੇ ਈਸਾਈਆਂ ਖਿਲਾਫ਼ ਇਖਲਾਕ ਤੋਂ ਗਿਰੀ ਜਹਿਰੀਲੀ ਭਾਸ਼ਾ ਵਰਤਕੇ ਭੜਕਾਹਟਾਂ ਪੈਦਾ ਕਰਨ ਰਾਹੀਂ ਦੇਸ਼ ਭਰ 'ਚ ਭਰਾ ਮਾਰ ਦੰਗੇ ਕਰਵਾ ਕੇ ਮੋਦੀ ਨੂੰ ਜਿਤਾਉਣ ਦੀਆਂ ਸਾਜ਼ਿਸ਼ਾਂ ਪੂਰ ਚੜ੍ਹਾਉਣ 'ਚ ਗਲਤਾਨ ਹਨ। 'ਨਿਊਜ਼ਕਲਿੱਕ' ਅਤੇ ਦੂਸਰੇ ਲੋਕ ਪੱਖੀ ਮੀਡੀਆ ਸੰਸਥਾਨਾਂ ਨੂੰ ਉਕਤ ਵੰਡਵਾਦੀ ਸਾਜ਼ਿਸ਼ਾਂ ਅਤੇ ਮੋਦੀ-ਸ਼ਾਹ ਸਰਕਾਰ ਦੀਆਂ ਲੋਕ ਮਾਰੂ-ਦੇਸ਼ ਵਿਰੋਧੀ ਨੀਤੀਆਂ ਦਾ ਪਰਦਾਫਾਸ਼ ਕਰਨ ਬਦਲੇ ਹੀ ਹਕੂਮਤੀ ਕਹਿਰ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਈਡੀ, ਸੀਬੀਆਈ ਆਦਿ ਖੁਦ ਮੁਖਤਿਆਰ ਸੰਵਿਧਾਨਕ ਸੰਸਥਾਵਾਂ ਨੂੰ ਮੋਦੀ ਸਰਕਾਰ ਨੇ,ਆਪਣੇ ਜੇਬੀ ਸੰਗਠਨ ਬਣਾ ਲਿਆ ਹੈ ਅਤੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਫਰਜ਼ੀ ਕੇਸਾਂ ਵਿੱਚ ਉਲਝਾਉਣ ਲਈ ਇਨ੍ਹਾਂ ਦੀ ਰੱਜ ਕੇ ਦੁਰਵਰਤੋਂ ਕੀਤੀ ਜਾ ਰਹੀ ਹੈ ਜਿਸ ਤੋਂ ਸੰਘ-ਭਾਜਪਾ ਦੀ ਲੋਕ ਤੰਤਰ ਵਿਰੋਧੀ ਮੰਦੀ ਸੋਚ ਦਾ ਪ੍ਰਗਟਾਵਾ ਬਾਖੂਬੀ ਹੁੰਦਾ ਹੈ। ਇਸੇ ਤਾਨਾਸ਼ਾਹ ਮਾਨਸਿਕਤਾ ਅਧੀਨ ਹੀ ਪ੍ਰਗਤੀਸ਼ੀਲ ਧਾਰਾ ਦੇ ਜਹੀਨ ਦਾਨਸ਼ਵਰਾਂ ਤੇ ਕਾਰਕੁੰਨਾਂ ਨੂੰ ਜੇਲ੍ਹੀਂ ਡੱਕਿਆ ਜਾ ਰਿਹਾ ਹੈ। ਪੰਜਾਬ ਰਾਜ ਕਮੇਟੀ ਦੇ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਦੇਸ਼ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਸੰਘ-ਭਾਜਪਾ ਤੇ ਮੋਦੀ-ਸ਼ਾਹ ਸਰਕਾਰ ਵੱਲੋਂ ਉਛਾਲੇ ਜਾ ਰਹੇ ਦੇਸ਼ ਦੀ ਏਕਤਾ-ਅਖੰਡਤਾ ਅਤੇ ਜਮਹੂਰੀ, ਧਰਮ ਨਿਰਪੱਖ ਤੇ ਫੈਡਰਲ ਢਾਂਚੇ ਲਈ ਘਾਤਕ ਫਿਰਕੂ ਮੁੱਦਿਆਂ ਦੀ ਅਣਦੇਖੀ ਕਰਨ ਅਤੇ ਬੇਰੁਜ਼ਗਾਰੀ-ਮਹਿੰਗਾਈ ਆਦਿ ਬੁਨਿਆਦੀ ਮੁੱਦਿਆਂ 'ਤੇ ਧਿਆਨ ਕੇਂਦ੍ਰਿਤ ਕਰਦੇ ਹੋਏ ਦੇਸ਼ ਨੂੰ ਤਬਾਹ ਕਰਨ 'ਤੇ ਤੁਲੀ ਕੇਂਦਰੀ ਸਰਕਾਰ ਨੂੰ ਚਲਦਾ ਕਰਨ। ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਗੁਰਨਾਮ ਸਿੰਘ ਦਾਊਦ ਤੇ ਕੁਲਵੰਤ ਸਿੰਘ ਸੰਧੂ ਨੇ ਸਮੂਹ ਦੇਸ਼ ਭਗਤ ਤਾਕਤਾਂ ਨੂੰ ਮੋਦੀ-ਸ਼ਾਹ ਸਰਕਾਰ ਦੇ ਪਿਛਾਖੜੀ ਹੱਲੇ ਪਛਾੜਣ ਲਈ ਇਕਜੁੱਟ ਹੋਣ ਦਾ ਸੱਦਾ ਦਿੱਤਾ।

# ਫੈਕਟਰੀ ਦੇ ਮਾਲਕ ਅਗਰਵਾਲ 'ਤੇ ਭਾਜਪਾ ਨੇਤਾ ਨੇ ਤਾਣੀ ਪਿਸਤੌਲ, ਮਾਮਲਾ ਦਰਜ

**ਜਲੰਧਰ (ਸੁਰਿੰਦਰ ਕੁਮਾਰ)** ਜਲੰਧਰ-ਅੰਮ੍ਰਿਤਸਰ ਜੀ ਟੀ ਰੋਡ 'ਤੇ ਫੋਕਲ ਪੁਆਇੰਟ ਸਥਿਤ ਆਤਮਾ ਰਾਮ ਮੇਲਾ ਰਾਮ ਦੇ ਮਾਲਿਕ ਤੇ ਪਰਮੋਦ ਅਗਰਵਾਲ ਤੇ ਬੀ ਜੇ ਪੀ ਨੇਤਾ ਜੱਗਮੋਹਣ ਸ਼ਰਮਾ ਵਿੱਚ ਕਾਰੋਬਾਰ ਦੇ 57 ਹਜਾਰ ਰੁਪਏ ਦੇ ਲੈਣ ਦੇਣ ਨੂੰ ਲੈ ਕੇ ਵੱਡਾ ਹੰਗਾਮਾ ਹੋਇਆ ਜਿਸ ਦੇ ਚੱਲਦਿਆਂ ਜੱਗਮੋਹਣ ਸ਼ਰਮਾਂ ਤੇ ਉਸਦੇ ਪੁੱਤਰ ਨੇ ਗੁੱਸੇ ਵਿੱਚ ਆ ਕੇ ਆਤਮਾ ਰਾਮ ਮੇਲਾ ਰਾਮ ਦੇ ਮਾਲਿਕ ਪਰਮੋਦ ਅਗਰਵਾਲ ਦੇ ਸਿਰ 'ਤੇ ਗੋਲੀਆਂ ਨਾਲ ਭਰੀ ਪਿਸਤੌਲ ਤਾਣ ਦਿੱਤੀ । ਦੋਹਾਂ ਧਿਰਾਂ ਵਿੱਚਕਾਰ ਜੋਰਦਾਰ ਮਾਰਕੁੱਟ ਹੋਈ ਜਿਸ ਵਿੱਚ ਕੁੱਲ ਸੱਤ ਲੋਕ ਸ਼ਾਮਿਲ ਸਨ। ਫੈਕਟਰੀ ਵਰਕਰਾਂ ਨੇ ਇਨ੍ਹਾਂ ਹਮਲਾਵਰਾਂ ਨੂੰ ਮੌਕੇ 'ਤੇ ਕਾਬੂ ਕਰ ਲਿਆ ਤੇ ਥਾਣਾ ਪੁਲਸ ਡਵੀਜਨ ਨੰਬਰ ਅੱਠ ਦੀ ਪੁਲਸ ਦੇ ਹਵਾਲੇ ਕਰ ਦਿੱਤਾ। ਧਾਰਾ 452-323-511-506-148-149 ਤੇ ਅਸਲਾ ਐਕਟ 27-54-59 ਹੇਠ ਜੱਗਮੋਹਣ ਸ਼ਰਮਾ, ਗੌਰਵ ਸ਼ਰਮਾ ਤੇ ਉਸ ਦੇ ਪੰਜ ਹੋਰ ਸਾਥੀਆਂ 'ਤੇ ਮਾਮਲਾ ਦਰਜ ਕਰ ਦਿੱਤਾ ਗਿਆ ਹੈ।

ਅਗਰਵਾਲ ਨੇ ਦੱਸਿਆ ਕਿ ਉਹਨਾਂ ਦਾ ਬੀ ਜੇ ਪੀ ਨੇਤਾ ਜੱਗਮੋਹਣ ਸ਼ਰਮਾ ਨਾਲ 57 ਹਜਾਰ ਰੁਪਏ ਦਾ ਕਾਰੋਬਾਰੀ ਲੈਣ ਦੇਣ ਸੀ। ਪਰਮੋਦ ਅਗਰਵਾਲ ਆਪਣੀ ਫੈਕਟਰੀ ਵਿੱਚ ਬੈਠੇ ਸਨ ਤੇ ਉਸੇ ਸਮੇਂ ਬੀ ਜੇ ਪੀ ਨੇਤਾ ਜੱਗਮੋਹਣ ਸ਼ਰਮਾ ਉਸਦਾ ਪੁੱਤਰ ਗੌਰਵ ਸ਼ਰਮਾ ਆਪਣੇ ਪੰਜ ਹੋਰ ਸਾਥੀਆਂ ਨੂੰ ਨਾਲ ਲੈ ਕੇ ਉਨ੍ਹਾਂ ਦੀ ਫੈਕਟਰੀ ਵਿੱਚ ਆ ਧਮਕਿਆ ਤੇ ਉਹ 57 ਹਜਾਰ ਰੁਪਏ ਦੇ ਚੈੱਕ ਦੀ ਗੱਲ ਕਰਨ ਲੱਗ ਪਿਆ। ਅਗਰਵਾਲ ਨੇ ਕਿਹਾ ਕਿ ਤੁਸੀਂ ਚਾਹ ਪੀਉ ਫੈਕਟਰੀ ਦੇ ਕਰਮਚਾਰੀ ਨੂੰ ਬੈਂਕ ਵਿੱਚੋ ਪੈਸੇ ਕੱਢਵਾ ਕੇ ਲਿਆਉਣ ਲਈ ਭੇਜਿਆ ਹੋਇਆ ਹੈ।

ਇਨ੍ਹਾਂ ਸੁਣਦੇ ਹੀ ਜੱਗਮੋਹਣ ਗੁੱਸੇ ਵਿੱਚ ਆ ਗਿਆ ਤੇ ਪਰਮੋਦ ਦੇ ਮੂੰਹ 'ਤੇ ਜ਼ੋਰਦਾਰ ਥੱਪੜ ਜੜ੍ਹ ਦਿੱਤਾ ਜਦੋਂ ਪਰਮੋਦ ਦਾ ਪੁੱਤਰ ਸ਼ਿਵਮ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਜੱਗਮੋਹਣ ਸ਼ਰਮਾ ਉਸਦੇ ਪੁੱਤਰ ਗੌਰਵ ਸ਼ਰਮਾ ਤੇ ਉਹਨਾਂ ਦੇ ਨਾਲ ਆਏ ਪੰਜ ਹੋਰ ਸਾਥੀਆਂ ਨੇ ਅਚਾਨਕ ਪਿਸਤੌਲ ਕੱਢ ਕੇ ਪਰਮੋਦ ਦੀ ਕੰਨਪਟੀ 'ਤੇ ਰੱਖ ਦਿੱਤੀ ਪਰ ਅਚਾਨਕ ਗੋਲੀਆਂ ਜ਼ਮੀਨ 'ਤੇ ਡਿੱਗ ਗਈਆਂ। ਫਿਰ ਜਬਰਦਸ਼ਤੀ ਦਫਤਰ ਵਿੱਚੋ ਖਿੱਚ ਕੇ ਲੈ ਕੇ ਜਾ ਰਹੇ ਪਰਮੋਦ ਨੂੰ ਇੰਨ੍ਹਾਂ ਹਮਲਾਵਰਾਂ ਤੋਂ ਵਰਕਰਾਂ ਨੇ ਛੁਡਵਾਇਆ ਤੇ ਕਾਬੂ ਕਰ ਲਿਆ । ਇਸ ਘਟਨਾ ਦੀ ਤੁਰੰਤ ਸੂਚਨਾ ਵਰਕਰਾਂ ਨੇ ਥਾਣਾ ਅੱਠ ਦੀ ਪੁਲਸ ਨੂੰ ਦਿੱਤੀ । ਪੁਲਸ ਅਧਿਕਾਰੀ ਦਰਸ਼ਨ ਸਿੰਘ ਭਾਰੀ ਪੁਲਿਸ ਫੋਰਸ ਲੈ ਕੇ ਮੌਕੇ 'ਤੇ ਪੁੱਜੇ ਤੇ ਉਨ੍ਹਾਂ ਨੂੰ ਕਬਜੇ ਵਿੱਚ ਲੈ ਕੇ ਧਾਰਾ 27-54-59 -452-323 -511-506-362-148-149 ਤਹਿਤ ਮਾਮਲਾ ਦਰਜ ਕਰ ਲਿਆ।

# ਸੋਸ਼ਲਿਸਟ ਪਾਰਟੀ ਨੇ ਪ੍ਰਧਾਨ ਮੰਤਰੀ ਮੋਦੀ ਖਿਲਾਫ਼ ਕੇਸ ਦਰਜ ਕਰਨ ਲਈ ਕੀਤੀ ਮੰਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਮੁੱਖ ਮੰਤਰੀ ਪੰਜਾਬੀ ਭਗਵੰਤ ਮਾਨ ਨੂੰ ਸੋਸ਼ਲਿਸਟ ਪਾਰਟੀ ਇੰਡੀਆ ਵਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਈਮੇਲ ਕੀਤੀ ਸ਼ਿਕਾਇਤ ਮੁੱਖ ਮੰਤਰੀ ਦੀਆਂ ਹਿਦਾਇਤਾਂ 'ਤੇ ਡੀਜੀਪੀ ਰਾਹੀਂ ਜ਼ਿਲਾ ਪੁਲਸ ਮੁਖੀ ਨੂੰ ਕਾਰਵਾਈ ਲਈ ਪੁੱਜ ਗਈ ਹੈ। ਸੋਸ਼ਲਿਸਟ ਪਾਰਟੀ ਇੰਡੀਆ ਵਲੋਂ ਪੰਜਾਬ ਪ੍ਰਧਾਨ ਓਮ ਸਿੰਘ ਸਟਿਆਣਾ ਤੇ ਸਾਬਕਾ ਕੌਮੀ ਮੀਤ ਪ੍ਰਧਾਨ ਬਲਵੰਤ ਸਿੰਘ ਖੇੜਾ ਵੱਲੋਂ ਭੇਜੀ ਗਈ ਉਕਤ ਸ਼ਿਕਾਇਤ ਵਿੱਚ ਆਈਪੀਸੀ ਦੀ ਧਾਰਾ 153 (ਏ) ,153 (ਬੀ ),295 (ਏ ),505 (2) ਅਤੇ ਸੈਕਸ਼ਨ 123 (3ਏ ) ਅਤੇ 125 ਭਾਰਤ ਦੇ ਲੋਕ ਪ੍ਰਤੀਨਿਧ ਕਾਨੂੰਨ ਤਹਿਤ ਮੁਕੱਦਮਾ ਦਰਜ ਕਰਨ ਦੀ ਬੇਨਤੀ ਕੀਤੀ ਗਈ ਸੀ।

ਆਗੂਆਂ ਨੇ ਸ਼ਿਕਾਇਤ ਵਿੱਚ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਵੱਲੋਂ ਧਰਮ ਨੂੰ ਸਿਆਸਤ ਨਾਲ ਮਿਲਾ ਕੇ ਕਰਨਾਟਕ ਦੀਆਂ ਚੋਣਾਂ ਵਿੱਚ ਵੱਡੀਆਂ ਰੈਲੀਆਂ ਵਿੱਚ ਵੋਟਰਾਂ ਨੂੰ ਈਵੀਐੱਮ ਮਸ਼ੀਨ ਦਾ ਬਟਨ ਦਬਾਉਣ ਸਮੇਂ ਜੈ ਬਜਰੰਗ ਬਲੀ ਦਾ ਨਾਹਰਾ ਲਗਾਉਣ ਦੀ ਅਪੀਲ ਕੀਤੀ ਸੀ ਜਿਸ ਨਾਲ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਨੈਤਿਕ ਕਦਰਾਂ ਕੀਮਤਾਂ ਦੀ ਉਲੰਘਣਾ ਕੀਤੀ ਗਈ ਹੈ। ਇਸ ਸ਼ਿਕਾਇਤ ਨਾਲ ਵੀਡੀਓ ਕਲਿਪ ਵੀ ਨੱਥੀ ਕੀਤੀ ਗਈ ਹੈ।

# 'ਬੇਟੀ ਬਚਾਓ, ਬੇਟੀ ਪੜ੍ਹਾਓ' ਸਕੀਮ ਤਹਿਤ ਲੜਕੀਆਂ ਲਈ ਟ੍ਰੇਨਿੰਗ ਵਰਕਸ਼ਾਪ



**ਹੁਸ਼ਿਆਰਪੁਰ, (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)** ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ 'ਨਾਂਦੀ ਫਾਊਂਡੇਸ਼ਨਜ਼ ਮਹਿੰਦਰਾ ਪ੍ਰਾਈਡ ਕਲਾਸਰੂਮ' ਦੇ ਸਹਿਯੋਗ ਨਾਲ ਸਰਕਾਰੀ ਕਾਲਜ ਢੋਲਵਾਹਾ ਵਿਖੇ 'ਬੇਟੀ ਬਚਾਓ, ਬੇਟੀ ਪੜ੍ਹਾਓ' ਸਕੀਮ ਤਹਿਤ 6 ਰੋਜ਼ਾ (ਕੁੱਲ 36 ਘੰਟੇ) ਦੀ ਵਿਸ਼ੇਸ਼ ਟ੍ਰੇਨਿੰਗ ਵਰਕਸ਼ਾਪ ਦੀ ਸ਼ੁਰੂਆਤ ਕੀਤੀ ਗਈ। ਇਸ ਮੁਫ਼ਤ ਵਰਕਸ਼ਾਪ ਵਿਚ ਸਰਕਾਰੀ ਕਾਲਜ ਦੀਆਂ 62 ਵਿਦਿਆਰਥਣਾਂ ਹਿੱਸਾ ਲੈ ਰਹੀਆਂ ਹਨ। ਵਰਕਸ਼ਾਪ ਦੀ ਸ਼ੁਰੂਆਤ ਕਰਦਿਆਂ 'ਨਾਂਦੀ ਫਾਊਂਡੇਸ਼ਨਜ਼ ਮਹਿੰਦਰਾ ਪ੍ਰਾਈਡ ਕਲਾਸਰੂਮ' ਦੇ ਟ੍ਰੇਨਰ ਅੰਜੂ ਜੈਨ ਨੇ ਵਿਦਿਆਰਥਣਾਂ ਨੂੰ ਰੋਜ਼ਗਾਰ ਪ੍ਰਾਪਤ ਕਰਨ ਅਤੇ ਹੁਨਰ ਨੂੰ ਵਿਕਸਤ ਕਰਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਪਲੇਸਮੈਂਟ ਅਫ਼ਸਰ ਰਾਕੇਸ਼ ਕੁਮਾਰ ਨੇ ਵਿਦਿਆਰਥਣਾਂ ਨੂੰ ਦੱਸਿਆ ਕਿ ਕਿਸ ਤਰ੍ਹਾਂ ਵਿਦਿਆਰਥੀ ਜੀਵਨ ਵਿਚ ਉਹ ਪੜ੍ਹਾਈ ਕਰਦਿਆਂ ਕੇਵਲ ਕਿਤਾਬੀ ਗਿਆਨ 'ਚ ਹੀ ਨਾ ਉਲਝੀਆਂ ਰਹਿੰਦੀਆਂ ਹਨ ਅਤੇ ਜਦੋਂ ਉਹ ਰੋਜ਼ਗਾਰ ਦੀ ਭਾਲ 'ਚ ਜਾਂਦੀਆਂ ਹਨ ਤਾਂ ਉਹ ਸਾਫਟ ਸਕਿੱਲਜ਼ ਅਤੇ ਪਰਸਨੈਲਿਟੀ ਡਿਵੈਲਪਮੈਂਟ ਦੀ ਕਮੀ ਹੋਣ ਕਾਰਨ ਇੰਟਰਵਿਊ ਪਾਸ ਕਰਨ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਲਈ ਪ੍ਰਾਰਥੀਆਂ ਲਈ ਸਾਫਟ ਸਕਿੱਲਜ਼ ਅਤੇ ਪਰਸਨੈਲਿਟੀ ਡਿਵੈਲਪਮੈਂਟ ਦੀ ਟ੍ਰੇਨਿੰਗ ਬੇਹੱਦ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਇਸ 6 ਰੋਜ਼ਾ ਟ੍ਰੇਨਿੰਗ ਤੋਂ ਬਾਅਦ ਵਿਦਿਆਰਥਣਾਂ ਨੂੰ ਇਕ ਸਰਟੀਫਿਕੇਟ ਵੀ ਦਿੱਤਾ ਜਾਵੇਗਾ, ਜੋ ਕਿ ਉਨ੍ਹਾਂ ਨੂੰ ਭਵਿੱਖ 'ਚ ਰੋਜ਼ਗਾਰ ਹਾਸਲ ਵਿਚ ਬੇਹੱਦ ਲਾਹੇਵੰਦ ਸਾਬਿਤ ਹੋਵੇਗਾ। ਇਸ ਮੌਕੇ ਪ੍ਰਿੰਸੀਪਲ ਡਾ. ਕਸ਼ਮੀਰੀ ਲਾਲ, ਇੰਚਾਰਜ ਪਲੇਸਮੈਂਟ ਸੈੱਲ ਮੈਡਮ ਰੰਜਨਾ ਤੇ ਹੋਰ ਹਾਜ਼ਰ ਸਨ।

# ਹਲਕਾ ਵਿਧਾਇਕ ਰਾਜਾ ਨੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ





**ਅੱਡਾ ਸਰਾਂ (ਜਸਵੀਰ ਕਾਜਲ)**-ਪਿੰਡ ਧਾਮੀਆਂ ਖੁਰਦ ਵਿਖੇ ਇੱਕ ਸਮਾਗਮ ਕਰਵਾਇਆ ਗਿਆ । ਜਿਸ ਵਿੱਚ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਉਹਨਾਂ ਨਾਲ ਬਲਾਕ ਪ੍ਰਧਾਨ ਕੇਸ਼ਵ ਸੈਣੀ, ਅਵਤਾਰ ਸਿੰਘ, ਹਰਜਿੰਦਰ ਸਿੰਘ ਕੰਧਾਲਾ ਜੱਟਾਂ,ਵਿਜੈ ਕੁਮਾਰ ਸਰਕਲ ਪ੍ਰਧਾਨ, ਜਸਵੰਤ ਸਿੰਘ ਮਠਾਰੂ, ਮਲਕੀਤ ਸਿੰਘ ਧਾਮੀ, ਰਘਵੀਰ ਸਿੰਘ ਹੇਜਮਾ, ਚੌਂਕੀ ਇੰਚਾਰਜ ਰਜੇਸ ਕੁਮਾਰ ਵੀ ਹਾਜਰ ਸਨ। ਉਹਨਾਂ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਸੁਣਿਆ ਅਤੇ ਕਈਆਂ ਦਾ ਮੌਕੇ 'ਤੇ ਹੀ ਹੱਲ ਕੀਤਾ। ਇਸ ਮੌਕੇ ਉਹਨਾਂ ਪੀਣ ਵਾਲੇ ਪਾਣੀ ਦੇ ਟਿਊਬਵੈੱਲ ਲਈ ਪੰਜ ਲੱਖ ਅਤੇ ਧਾਮੀਆਂ ਤੋਂ ਨਾਰੀਅਲ ਜਾਂਦੀ ਸੜਕ ਲਈ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਉਹਨਾਂ ਕਿਹਾ ਕਿ ਪਿੰਡ ਵਿੱਚ ਜਲਦ ਹੀ ਸੋਲਰ ਲਾਈਟਾਂ ਲਗਵਾਈਆਂ ਜਾਣਗੀਆਂ ਤੇ ਪਿੰਡ ਦੇ ਸ਼ਮਸ਼ਾਨ ਘਾਟ ਨੂੰ ਵੀ ਪੱਕਾ ਕੀਤਾ ਜਾਵੇਗਾ। ਇਸ ਮੌਕੇ ਜਮਨਾ ਦੇਵੀ ਸਰਪੰਚ, ਜਸਵੰਤ ਸਿੰਘ ਪੰਚ, ਚਰਨਜੀਤ ਕੌਰ, ਸਰਬਜੀਤ ਕੌਰ, ਮਲਕੀਤ ਸਿੰਘ, ਹੁਸ਼ਿਆਰ ਸਿੰਘ ਨਰਿਆਲ,ਜਸਵਿੰਦਰ ਸਿੰਘ ਸੁਲਿੰਦਰ ਸਿੰਘ ਆਦਿ ਵੀ ਹਾਜਰ ਸਨ।

# ਆਮ ਚੋਣਾਂ, ਵਧਦੇ ਫਾਸ਼ੀਵਾਦੀ ਹਮਲੇ ਤੇ ਮੀਡੀਆ... (ਸ਼ਫ਼ਾ 4 ਦੀ ਬਾਕੀ)

ਉਹਨੂੰ ਦੇਸ਼ ਦੇ ਹਿੱਤ ਵਿੱਚ ਸਖ਼ਤ ਫੈਸਲੇ ਲੈਣ ਵਾਲਾ ਦੱਸਦੇ ਹਨ, ਪਰ ਉਹ ਇਹ ਨਹੀਂ ਦੱਸਦੇ ਕਿ ਨੋਟਬੰਦੀ ਅਤੇ ਜੀ.ਐੱਸ.ਟੀ. ਵਰਗੇ ਫੈਸਲੇ ਕਿਵੇਂ ਵਿਆਪਕ ਆਬਾਦੀ ਦੀ ਤਬਾਹੀ ਤੇ ਬਰਬਾਦੀ ਦਾ ਸਬੱਬ ਬਣੀ। ਨਾ ਹੀ ਉਹ ਇਹ ਦੱਸਦੇ ਹਨ ਕਿ ਕੋਰੋਨਾ ਸੰਕਟ ਦੇ ਦੌਰਾਨ ਅਚਾਨਕ ਲਾਏ ਗਏ ਤੁਗਲਕੀ ਲਾਕਡਾਊਨ ਨੇ ਕਿਵੇਂ ਵਿਆਪਕ ਮਜ਼ਦੂਰ ਮਿਹਨਤਕਸ਼ ਆਬਾਦੀ ਨੂੰ ਉਜਾੜਨ ਤੇ ਹੋਰ ਵੱਡੀਆਂ ਮੁਸ਼ਕਲਾਂ ਝੱਲਣ ਵਿੱਚ ਸੁੱਟਿਆ। ਕੋਰੋਨਾ ਦੀ ਦੂਸਰੀ ਲਹਿਰ ਸਮੇਂ ਜਦੋਂ ਲੱਖਾਂ ਲੋਕ ਇਲਾਜ ਦੀ ਘਾਟ ਕਰਕੇ ਮੌਤ ਦਾ ਸ਼ਿਕਾਰ ਹੋ ਰਹੇ ਸਨ ਅਤੇ ਲਾਸ਼ਾਂ ਗੰਗਾ ਵਿੱਚ ਤੈਰ ਰਹੀਆਂ ਸਨ ਤਾਂ ਇਹਨਾਂ ਮੌਤਾਂ ਲਈ ਮੋਦੀ ਸਰਕਾਰ ਦੇ ਲੋਕ ਵਿਰੋਧੀ ਚਰਿੱਤਰ ਨੂੰ ਦੋਸ਼ੀ ਠਹਿਰਾਉਣ ਦੀ ਥਾਂ ਮੀਡੀਆ ਸਰਕਾਰ ਦੇ ਸੋਹਲੇ ਗਾ ਰਿਹਾ ਸੀ। ਅੱਜ ਦੇਸ਼ ਵਿੱਚ ਬੇਰੁਜ਼ਗਾਰੀ ਮਹਾਂਮਾਰੀ ਵਾਂਗੂੰ ਵਧ ਰਹੀ ਹੈ, ਦੇਸ਼ ਦੀ ਅਰਥ ਵਿਵਸਥਾ ਵਿੱਚ 45 ਫੀਸਦੀ ਹਿੱਸਾ ਰੱਖਣ ਵਾਲਾ ਗੈਰ ਸੰਗਠਿਤ ਖੇਤਰ ਤਬਾਹੀ ਦੇ ਕੰਢੇ ਹੈ, ਮੇਡ-ਇਨ ਇੰਡੀਆ, ਸਟਾਰਟ-ਅਪ ਇੰਡੀਆ ਵਰਗੀਆਂ ਸਾਰੀਆਂ ਯੋਜਨਾਵਾਂ ਆਪਣੇ ਆਖਰੀ ਸਾਹਾਂ 'ਤੇ ਹਨ, ਪਰ ਇਹ ਨਿਊਜ਼ ਚੈਨਲ ਸ਼ਕਲ ਘਰੇਲੂ ਉਤਪਾਦ ਭਾਵ ਜੀ.ਡੀ.ਪੀ ਦੇ ਮਨਘੜਤ ਅੰਕੜੇ ਪੇਸ਼ ਕਰਕੇ ਇਹ ਦੱਸਦੇ ਹਨ ਕਿ ਦੇਸ਼ ਦੀ ਅਰਥ ਵਿਵਸਥਾ ਤਰੱਕੀ ਕਰ ਰਹੀ ਹੈ। ਮਨੁੱਖੀ ਵਿਕਾਸ ਸੂਚਕ ਅੰਕ ਦੇ ਜ਼ਿਆਦਾਤਰ ਮਾਪਦੰਡ ਵਿੱਚ ਭਾਰਤ ਦੁਨੀਆ ਦੇ ਸਭ ਤੋਂ ਅਖੀਰਲੇ ਡੰਡੇ ਉੱਤੇ ਲੁੜਕਿਆ ਹੋਇਆ ਹੈ, ਪਰ ਇਹ ਨਿਊਜ਼ ਚੈਨਲ ਦੱਸਦੇ ਹਨ ਕਿ ਦੇਸ਼ ਵਿਕਾਸ ਕਰ ਰਿਹਾ ਹੈ। ਦੇਸ਼ ਦੀ ਮਜ਼ਦੂਰ ਮਿਹਨਤਕਸ਼ ਲੋਕਾਈ ਮਹਿੰਗਾਈ ਨਾਲ ਕਰਾਹ ਰਹੀ ਹੈ, ਪਰ ਇਹ ਨਿਊਜ਼ ਚੈਨਲ ਭਾਰਤ ਦੀ ਥਾਂ ਪਾਕਿਸਤਾਨ ਵਿੱਚ ਵਧਦੀ ਮਹਿੰਗਾਈ ਉੱਤੇ ਸਟੋਰੀਆਂ ਚਲਾ ਕੇ ਅਤੇ ਉਥੋਂ ਦੇ ਮਾੜੇ ਹਾਲਾਤ ਨੂੰ ਪੇਸ਼ ਕਰਕੇ ਲੋਕਾਂ ਨੂੰ ਤਸੱਲੀ ਦਿੰਦੇ ਹਨ ਕਿ ਇਹ ਤਾਂ ਮੋਦੀ ਜੀ ਦੀ ਕ੍ਰਿਪਾ ਕਰਕੇ ਹੈ, ਨਹੀਂ ਤਾਂ ਸਾਡੀ ਹਾਲਤ ਵੀ ਪਾਕਿਸਤਾਨ ਵਰਗੀ ਹੁੰਦੀ। ਵਿਰੋਧੀ ਧਿਰ ਚੀਨ ਵੱਲੋਂ ਦੇਸ਼ ਦੀ ਜ਼ਮੀਨ ਹੜੱਪਣ ਅਤੇ ਇਸ ਉੱਤੇ ਪ੍ਰਧਾਨ ਮੰਤਰੀ ਦੀ ਚੁੱਪ ਉੱਤੇ ਸਵਾਲ ਖੜ੍ਹੇ ਕਰਦਾ ਹੈ ਤਾਂ ਇਹ ਨਿਊਜ਼ ਚੈਨਲ ਉਲਟਾ ਵਿਰੋਧੀ ਧਿਰ ਦੀ ਦੇਸ਼ ਭਗਤੀ ਉਤੇ ਸਵਾਲ ਖੜ੍ਹੇ ਕਰ ਦਿੰਦੇ ਹਨ ਅਤੇ ਉਹਦੇ ਦੋਸ਼ ਨੂੰ ਫੌਜ ਦਾ ਮਨੋਬਲ ਡੇਗਣ ਵਾਲਾ ਦਸਦੇ ਹਨ। ਉਹ ਚੀਨ ਦੇ ਨਾਲ ਵਿਵਾਦ, ਕਸ਼ਮੀਰ ਸਮੱਸਿਆ ਆਦਿ ਦੇ ਲਈ ਪਹਿਲੀਆਂ ਕਾਂਗਰਸ ਸਰਕਾਰਾਂ ਅਤੇ ਨਹਿਰੂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਅੱਜ ਮੋਦੀ ਸਰਕਾਰ ਅਤੇ ਵੱਖ-ਵੱਖ ਭਾਜਪਾਈ ਰਾਜ ਸਰਕਾਰਾਂ ਵਿੱਚ ਭ੍ਰਿਸ਼ਟਾਚਾਰ ਆਪਣੀ ਸਿਖਰ ਉੱਤੇ ਪਹੁੰਚਿਆ ਹੋਇਆ ਹੈ, ਪਰ ਇਹ ਨਿਊਜ਼ ਚੈਨਲ ਬਿਲਕੁਲ ਉਲਟੀਆਂ ਸਟੋਰੀਆਂ 'ਤੇ ਖ਼ਬਰਾਂ ਚਲਾਉਂਦੇ ਹਨ ਕਿ ਮੋਦੀ ਰਾਜ ਵਿੱਚ ਦੇਸ਼ ਭ੍ਰਿਸ਼ਟਾਚਾਰ ਮੁਕਤ ਹੋ ਰਿਹਾ ਹੈ। ਇਸ ਤੋਂ ਬਿਨਾਂ ਅੱਜ ਇਨ੍ਹਾਂ ਨਿਊਜ਼ ਚੈਨਲਾਂ ਉੱਤੇ ਹਿੰਦੂਆਂ ਦੇ ਤਿਉਹਾਰਾਂ ਅਤੇ ਧਾਰਮਿਕ ਰੀਤੀ-ਰਿਵਾਜਾਂ ਦਾ ਗੁਣਗਾਨ ਤਾਂ ਹੋ ਰਿਹਾ ਹੈ, ਪਰ ਮੁਸਲਮਾਨਾਂ ਦੀ ਖੁੱਲ੍ਹੇ ਵਿੱਚ ਨਮਾਜ਼ ਅਤੇ ਉਹਨਾਂ ਦੇ ਧਾਰਮਿਕ ਪਹਿਰਾਵੇ ਹਿਜਾਬ ਦੀ ਕੱਟੜ ਅਲੋਚਨਾ ਵੀ ਆਮ ਹੋ ਚੁੱਕੀ ਹੈ। ਵੱਖ-ਵੱਖ ਅਖ਼ਬਾਰ ਵਿਸ਼ੇਸ਼ ਕਰਕੇ ਹਿੰਦੀ ਦੇ ਦੈਨਿਕ ਅਖ਼ਬਾਰ ਵੀ ਇਸ ਨਫ਼ਰਤ ਦੇ ਕਾਰੋਬਾਰ ਵਿੱਚ ਅੱਗੇ ਵਧਣ ਤੋਂ ਪਿੱਛੇ ਨਹੀਂ ਹਨ। ਦੈਨਿਕ ਜਾਗਰਣ ਨੇ ਤਾਂ ਇਸੇ ਸਾਲ 22 ਅਗਸਤ ਦੇ ਆਪਣੇ ਅੰਕ ਵਿੱਚ ਫਰੰਟ ਪੇਜ ਉੱਤੇ ਇਸ ਹੈਡਿੰਗ ਨਾਲ-"ਭਾਰਤ ਨੇ ਪਾਕਿਸਤਾਨ ਉੱਤੇ ਫਿਰ ਕੀਤੀ ਸਰਜੀਕਲ ਸਟਰਾਈਕ"-ਦੇ ਨਾਲ ਇੱਕ ਵੱਡੀ ਸਾਰੀ ਖ਼ਬਰ ਲਾ ਦਿੱਤੀ, ਜਿਹੜੀ ਕਿ ਇੱਕਦਮ ਫਰਜ਼ੀ ਸੀ ਅਤੇ ਜਿਸ ਉੱਤੇ ਭਾਰਤੀ ਫੌਜ ਤੱਕ ਨੂੰ ਅਧਿਕਾਰਿਤ ਬਿਆਨ ਜਾਰੀ ਕਰਕੇ ਇਸ ਦਾ ਖੰਡਨ ਕਰਨਾ ਪਿਆ, ਜਦੋਂ ਕਿ ਹਿੰਦੀ ਦੇ ਜ਼ਿਆਦਾਤਰ ਖੇਤਰੀ ਤੋਂ ਛੋਟੇ ਅਖ਼ਬਾਰ ਜਿਹੜੇ ਕਿ ਸਰਕਾਰੀ ਇਸ਼ਤਿਹਾਰਾਂ ਉੱਤੇ ਬਹੁਤ ਹੱਦ ਤੱਕ ਨਿਰਭਰ ਹਨ, ਵੀ ਅੱਜ ਦੇ ਦੌਰ ਵਿੱਚ ਹਿੰਦੂ ਫਾਸ਼ੀਵਾਦੀਆਂ ਦੇ ਏਜੰਡੇ ਨੂੰ ਹੀ ਅੱਗੇ ਵਧਾ ਰਹੇ ਹਨ।

ਦੂਸਰੇ ਪਾਸੇ ਅੰਗਰੇਜ਼ੀ ਦੇ ਲੱਗਭੱਗ ਸਾਰੇ ਪ੍ਰਮੁੱਖ ਅਖ਼ਬਾਰ ਸੰਘੀ ਮੰਡਲੀ ਦੇ ਅਨੁਰੂਪ ਹੈਡਲਾਈਨ ਮੈਨੇਜਮੈਂਟ ਅਤੇ ਖ਼ਬਰਾਂ ਵਿੱਚੋਂ ਉਹਨਾਂ ਲਈ ਦਿੱਕਤਾਂ ਖੜ੍ਹੀਆਂ ਕਰਨ ਵਾਲੇ ਮਹੱਤਵਪੂਰਨ ਤੱਥਾਂ ਨੂੰ ਗਾਇਬ ਕਰਕੇ ਬਹੁਤ ਸੂਖਮਤਾ ਦੇ ਨਾਲ ਹਿੰਦੂ ਫਾਸ਼ੀਵਾਦੀਆਂ ਦੇ ਏਜੰਡੇ ਨੂੰ ਅੱਗੇ ਵਧਾ ਰਹੇ ਹਨ। ਜੈਪੁਰ, ਮੁੰਬਈ ਐਕਸਪ੍ਰੈਸ (ਰੇਲ) ਦੀ ਉਹ ਘਟਨਾ ਜਿਸ ਵਿੱਚ ਚੇਤਨ ਚੌਧਰੀ ਨਾਂਅ ਦੇ ਰੇਲਵੇ ਸੁਰੱਖਿਆ ਬਲ ਦੇ ਸਿਪਾਹੀ ਨੇ ਆਪਣੀ ਡਿਊਟੀ ਦੇ ਦੌਰਾਨ ਮੌਜੂਦ ਆਪਣੇ ਇੱਕ ਸੀਨੀਅਰ ਟੀਕਾਰਾਮ ਮੀਨਾ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਅਤੇ ਫਿਰ ਟਰੇਨ ਦੇ ਵੱਖ-ਵੱਖ ਡੱਬਿਆਂ ਵਿੱਚ ਘੁੰਮਦਾ ਹੋਇਆ ਚਿੰਨ੍ਹਤ ਕਰਕੇ ਤਿੰਨ ਮੁਸਲਮਾਨਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਇਸ ਦੌਰਾਨ ਉਹਨੇ ਕਿਹਾ ਕਿ "ਇਹ ਲੋਕ ਪਾਕਿਸਤਾਨ ਵੱਲੋਂ ਅਪਰੇਟ ਹੁੰਦੇ ਹਨ। ਸਾਡੀ ਮੀਡੀਆ ਕਵਰੇਜ ਦਿਖਾ ਰਹੀ ਹੈ। ਪਤਾ ਲੱਗ ਰਿਹਾ ਹੈ ਕਿ ਉਹਨਾਂ ਨੂੰ ਸਭ ਪਤਾ ਚੱਲ ਰਿਹਾ ਹੈ। ਇਹਨਾਂ ਦੇ ਆਕਾ ਹਨ ਉੱਥੇ, ਜੇ ਵੋਟ ਦੇਣੀ ਹੈ ਹਿੰਦੋਸਤਾਨ ਵਿੱਚ ਰਹਿਣਾ ਹੈ ਤਾਂ ਮੈਂ ਕਹਿੰਦਾ ਹਾਂ ਕਿ ਮੋਦੀ-ਯੋਗੀ ਨੂੰ ਵੋਟ ਦਿਓ। ਇਹੋ ਦੋ ਹਨ ਅਤੇ ਤੁਹਾਡੇ ਠਾਕੁਰੇ। ਪਰ ਅੰਗਰੇਜ਼ੀ ਦੇ ਸਾਰੇ ਪ੍ਰਮੁੱਖ ਅਖ਼ਬਾਰਾਂ ਨੇ ਘਟਨਾ ਦੀ ਰਿਪੋਰਟਿੰਗ ਵਿੱਚ ਚੇਤਨ ਚੌਧਰੀ ਵੱਲੋਂ ਕਹੀਆਂ ਗਈਆਂ ਇਹਨਾਂ ਸਾਰੀਆਂ ਗੱਲਾਂ ਨੂੰ ਪੂਰੀ ਤਰ੍ਹਾਂ ਗਾਇਬ ਕਰ ਦਿੱਤਾ, ਜਦੋਂ ਕਿ ਇਹਨਾਂ ਗੱਲਾਂ ਤੋਂ ਸਪੱਸ਼ਟ ਹੈ ਕਿ ਚੇਤਨ ਚੌਧਰੀ ਦੇ ਦਿਮਾਗ ਵਿੱਚ ਮੁਸਲਮਾਨਾਂ ਦੇ ਪ੍ਰਤੀ ਜ਼ਹਿਰ ਭਰ ਕੇ ਉਹਨੂੰ ਹਤਿਆਰਾ ਬਣਾਉਣ ਵਿੱਚ ਮੋਦੀ-ਯੋਗੀ ਨੂੰ ਉਹਦੇ ਆਦਰਸ਼ ਦੇ ਰੂਪ ਵਿੱਚ ਸਥਾਪਤ ਕਰਨ ਵਿੱਚ, ਮੀਡੀਆ ਦੀ ਭੂਮਿਕਾ ਨਿਰਣਾਇਕ ਰਹੀ ਹੈ।

ਇਸ ਤੋਂ ਬਿਨਾਂ ਅੰਗਰੇਜ਼ੀ ਦੇ ਨਿਊਜ਼ ਚੈਨਲ, ਜਿਹੜੇ ਕਿ ਨਿੱਜੀਕਰਨ, ਉਦਾਰੀਕਰਨ ਦੀਆਂ ਨੀਤੀਆਂ ਦੇ ਸਭ ਤੋਂ ਵੱਡੇ ਸਮੱਰਥਕ ਹਨ, ਸਹਿਜੇ ਹੀ ਮੋਦੀ ਸਰਕਾਰ ਦੀਆਂ ਆਰਥਿਕ ਨੀਤੀਆਂ ਅਤੇ ਸੰਬੰਧਤ ਫੈਸਲਿਆਂ ਦੇ ਵੀ ਸਭ ਤੋਂ ਵੱਡੇ ਹਮਾਇਤੀ ਬਣ ਜਾਂਦੇ ਹਨ, ਕਿਉਂਕਿ ਆਪਣੇ ਸ਼ਾਸਨਕਾਲ ਵਿੱਚ ਸੰਘੀ ਨਰੇਂਦਰ ਮੋਦੀ ਨੇ ਉਦਾਰੀਕਰਨ ਦੇ ਰੱਥ ਨੂੰ ਸਰਪੱਟ ਦੌੜਾਇਆ ਹੈ ਅਤੇ ਅਜੇ ਵੀ ਦੌੜਾਅ ਰਿਹਾ ਹੈ।

# ਮਹਿਲਾ ਨਸ਼ਾ ਤਸਕਰ 100 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ



**ਫਿਲੌਰ ( ਨਿਰਮਲ )** ਇੰਸਪੈਕਟਰ ਸੁਰਿੰਦਰ ਕੁਮਾਰ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਨੇ ਮਹਿਲਾ ਨਸ਼ਾ ਤਸਕਰ ਨੂੰ 100 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ।

ਥਾਣਾ ਫਿਲੌਰ ਦੇ ਸਹਾਇਕ ਸਬ ਇੰਸਪੈਕਟਰ ਧਰਮਿੰਦਰ ਸਿੰਘ ਵੱਲੋਂ ਬਲਜੀਤ ਕੁਮਾਰੀ ਪਤਨੀ ਚਰੰਜੀ ਲਾਲ ਵਾਸੀ ਮੁਹੱਲਾ ਸੰਤੋਖਪੁਰਾ ਫਿਲੌਰ ਨੂੰ ਗ੍ਰਿਫਤਾਰ ਕਰਕੇ ਇਸਦੇ ਕਬਜਾ ਵਿੱਚ 100 ਗ੍ਰਾਮ ਹੈਰੋਇਨ ਬਰਾਮਦ ਕਰਕੇ ਮੁਕੱਦਮਾ ਨੰਬਰ 259 ਮਿਤੀ 05.10.2023 ਜੁਰਮ 21ਬੀ-61-85 ਐਨ.ਡੀ.ਪੀ.ਐਸ ਐਕਟ ਥਾਣਾ ਫਿਲੌਰ ਦਰਜ ਕੀਤਾ ਗਿਆ ਹੈ।

ਇਸਦੇ ਖਿਲਾਫ ਪਹਿਲਾ ਵੀ ਨਸ਼ਾ ਵੇਚਣ ਦੇ ਮੁਕੱਦਮੇ ਦਰਜ ਹਨ।

# ਸਵੱਛਤਾ ਮਿਸ਼ਨ ਤਹਿਤ ਵਾਰਡ ਨੰਬਰ 37 ਖੇੜਾ ਰੋਡ ਤੋਂ ਕੱਢੀ ਸਵੱਛਤਾ ਰੈਲੀ

**ਫਗਵਾੜਾ ( ਡਾ. ਰਮਨ, ਢੱਡਾ )** ਸਵੱਛ ਭਾਰਤ ਮਿਸ਼ਨ ਦੇ ਸਵੱਛਤਾ ਹੀ ਸੇਵਾ ਪ੍ਰੋਗਰਾਮ ਤਹਿਤ ਰੈਲੀ ਦਾ ਆਯੋਜਨ ਸ਼ਹਿਰ ਦੇ ਵਾਰਡ ਨੰਬਰ 37 ਖੇੜਾ ਰੋਡ ਦੀ ਗਲੀ ਨੰਬਰ 6 ਤੋਂ ਕੀਤਾ ਗਿਆ। ਸ੍ਰੀ ਮਹਾਵੀਰ ਜੈਨ ਮਾਡਲ ਹਾਈ ਸਕੂਲ ਮਾਡਲ ਟਾਊਨ ਫਗਵਾੜਾ ਦੇ ਪ੍ਰਿੰਸੀਪਲ ਤਾਜਪ੍ਰੀਤ ਕੌਰ ਦੀ ਦੇਖਰੇਖ ਹੇਠ ਰੈਲੀ ਵਿਚ ਸ਼ਾਮਲ ਹੋਏ ਸਕੂਲੀ ਵਿਦਿਆਰਥੀਆਂ ਦੀ ਅਗਵਾਈ ਨਾਰੀ ਸ਼ਕਤੀ ਵਜੋਂ ਸਵੱਛ ਭਾਰਤ ਮੁਹਿਮ ਦੀ ਪ੍ਰਤੀਨਿਧ ਮਿਸਿਜ ਪੂਜਾ, ਮਹਿਲਾ ਆਪ ਆਗੂ ਪ੍ਰਿਤਪਾਲ ਕੌਰ ਤੁਲੀ ਅਤੇ ਸਮਾਜ ਸੇਵਿਕਾ ਵੰਦਨਾ ਸ਼ਰਮਾ ਨੇ ਕੀਤੀ। ਇਹ ਰੈਲੀ ਖੇੜਾ ਰੋਡ ਤੋਂ ਜੀਟੀ ਰੋਡ, ਗੁਰੂ ਨਾਨਕ ਪੁਰਾ, ਅਤੇ ਮਾਸਟਰ ਸਾਧੂ ਰਾਮ ਨਗਰ ਤੋਂ ਹੁੰਦਿਆਂ ਸਵੱਛਤਾ ਅਪਨਾਓ ਅਤੇ ਪਲਾਸਟਿਕ ਭਜਾਓ ਦਾ ਸੁਨੇਹਾ ਦਿੰਦੇ ਹੋਏ ਸਮਾਪਤ ਹੋਈ। ਮਿਸਿਜ ਪੂਜਾ ਨੇ ਵਿਦਿਆਰਥੀਆਂ ਅਤੇ ਇਲਾਕਾ ਨਿਵਾਸੀਆਂ ਨੂੰ ਗਿੱਲਾ ਤੇ ਸੁੱਕਾ ਕੂੜਾ ਵੱਖੋ ਵੱਖ ਇਕੱਠਾ ਕਰਨ ਅਤੇ ਪਲਾਸਟਿਕ ਦੇ ਲਿਫਾਫੇ ਅਤੇ ਸਿੰਗਲ ਯੂਜ ਪਦਾਰਥ ਇਸਤੇਮਾਲ ਨਾ ਕਰਨ ਦੀ ਅਪੀਲ ਕੀਤੀ। ਇਸ ਰੈਲੀ ਦੇ ਪ੍ਰਬੰਧਕ ਮਲਕੀਅਤ ਸਿੰਘ ਰਘਬੋਤਰਾ ਸਾਬਕਾ ਪ੍ਰਧਾਨ ਨਗਰ ਕੌਂਸਲ ਫਗਵਾੜਾ ਸਵੱਛ ਭਾਰਤ ਮਿਸ਼ਨ ਦੇ ਪ੍ਰਤੀਨਿਧ ਮੈਡਮ ਪੂਜਾ, ਸਨੀ ਗੁਪਤਾ, ਪ੍ਰਿੰਸੀਪਲ ਤਾਜਪ੍ਰੀਤ ਕੌਰ ਅਤੇ ਹੋਰਨਾਂ ਦਾ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ। ਰੈਲੀ ਤੋਂ ਪਹਿਲਾਂ ਵਾਰਡ ਨੰਬਰ 37 ਦੇ ਮੁਹੱਲਿਆਂ ਦੀ ਸਫਾਈ ਵੀ ਕੀਤੀ ਗਈ। ਸਵੱਛਤਾ ਸਬੰਧੀ ਪਰਚੇ ਵੀ ਵੰਡੇ ਗਏ। ਇਸ ਮੌਕੇ ਪ੍ਰੇਮ ਨਗਰ ਸੇਵਾ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ, ਸਕੱਤਰ ਸੁਰਿੰਦਰ ਪਾਲ, ਵਿਸ਼ਵਾ ਮਿੱਤਰ ਸ਼ਰਮਾ, ਟੀ.ਐਸ. ਬੇਦੀ, ਐਸ.ਸੀ. ਚਾਵਲਾ, ਮੋਹਨ ਲਾਲ ਤਨੇਜਾ, ਰਾਜਕੁਮਾਰ ਕਨੌਜੀਆ, ਬ੍ਰਿਜ ਭੂਸ਼ਨ, ਅਵਤਾਰ ਸਿੰਘ, ਰਾਮ ਰਤਨ ਵਾਲੀਆ, ਕ੍ਰਿਸ਼ਨ ਕੁਮਾਰ, ਕਾਂਤਾ ਸ਼ਰਮਾ, ਵੰਦਨਾ ਸ਼ਰਮਾ, ਸੁਧਾ ਬੇਦੀ, ਜਸਬੀਰ ਕੌਰ, ਗੁਰਦੀਪ ਸਿੰਘ ਤੁਲੀ ਆਦਿ ਹਾਜ਼ਰ ਸਨ।

# ਮਨਰੇਗਾ ਮਜ਼ਦੂਰਾਂ ਨੇ 8 ਤੋਂ 12 ਘੰਟੇ ਕੰਮ ਕਰਨ ਦੇ ਨੋਟੀਫਿਕੇਸ਼ਨ ਦੀਆਂ ਸਾੜੀਆਂ ਕਾਪੀਆਂ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਦੀ ਮਾਨ ਸਰਕਾਰ ਮੋਦੀ ਸਰਕਾਰ ਤੋਂ ਪਿੱਛੇ ਨਹੀਂ ਰਹਿੰਦੀ। ਮੋਦੀ ਜੁਮਲੇਬਾਜ਼ੀ ਕਰਕੇ ਲੋਕਾਂ ਨੂੰ ਭਰਮਾ ਕੇ ਦੇਸ਼ ਦੇ ਬੇਸ਼ਕੀਮਤੀ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਦੇ ਰਿਹਾ ਹੈ ਤੇ ਭਗਵੰਤ ਮਾਨ ਗਰੰਟੀਆਂ ਪੂਰੀਆਂ ਕਰਨ ਦੇ ਲਾਰੇ ਲੱਪੇ ਲਾ ਕੇ ਮਜ਼ਦੂਰਾਂ, ਮੁਲਾਜ਼ਮਾਂ ਵੱਲੋਂ ਲੰਬੇ ਤੇ ਲਹੂ ਵੀਟਵੇਂ ਸੰਘਰਸ਼ ਕਰਕੇ 8 ਘੰਟੇ ਕੰਮ ਕਰਨ ਦਾ ਸਮਾਂ ਨਿਸਚਿਤ ਕਰਵਾਇਆ ਸੀ, ਪੰਜਾਬ ਦੀ ਝੂਠੀ ਇਨਕਲਾਬੀ ਮਾਨ ਸਰਕਾਰ ਨੇ ਜਿਹੜਾ ਕੰਮ ਮੋਦੀ ਨਹੀਂ ਕਰ ਸਕਿਆ, ਉਹ ਇਸ ਝੂਠੀ ਇਨਕਲਾਬੀ ਸਰਕਾਰ ਨੇ ਕਰ ਦਿੱਤਾ। ਬੀਤੀ 20 ਸਤੰਬਰ 2023 ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਇਹ ਤੁਗਲਕੀ ਫਰਮਾਨ ਜਾਰੀ ਕਰ ਦਿੱਤਾ ਕਿ ਪੰਜਾਬ ਦੇ ਸਰਕਾਰੀ, ਅਰਧ ਸਰਕਾਰੀ ਤੇ ਸਕੀਮ ਵਰਕਰ, ਫੈਕਟਰੀਆਂ ਵਿੱਚ ਕੰਮ ਕਰਦੇ ਕਿਰਤੀਆਂ ਤੋਂ 8 ਘੰਟੇ ਦੀ ਬਜਾਏ 12 ਘੰਟੇ ਕੰਮ ਲਿਆ ਜਾਵੇਗਾ। ਜਦੋਂ ਇਸ ਨੋਟੀਫਿਕੇਸ਼ਨ ਬਾਰੇ ਸੀਟੂ ਪੰਜਾਬ ਦੇ ਸੂਬਾ ਸਕੱਤਰ ਤੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਸਾਥੀ ਅਮਰ ਨਾਥ ਕੂੰਮਕਲਾਂ, ਹਰੀ ਰਾਮ ਭੱਟੀ, ਸਿਕੰਦਰ ਬਖਸ਼ ਮੰਡ ਚੌਂਤਾ ਨੇ ਮਜ਼ਦੂਰਾਂ ਨੂੰ ਵਿਸਥਾਰ ਸਹਿਤ ਵਿਆਖਿਆ ਕਰਕੇ ਦੱਸਿਆ ਤਾਂ ਮਜ਼ਦੂਰਾਂ ਵਿੱਚ ਮਾਨ ਸਰਕਾਰ ਵਿਰੁੱਧ ਭਾਰੀ ਗੁੱਸਾ ਪਾਇਆ ਗਿਆ। ਆਗੂਆਂ ਨੇ ਮਜ਼ਦੂਰ ਜਮਾਤ ਨੂੰ ਸੁਚੇਤ ਕਰਦਿਆਂ ਤੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜਿਹੜੇ ਮਜ਼ਦੂਰ 8 ਘੰਟੇ ਕੰਮ ਕਰਨ ਦਾ ਕਾਨੂੰਨ ਬਣਵਾ ਸਕਦੇ ਹਨ, ਉਹ ਕਿਰਤ ਕਾਨੂੰਨਾਂ ਦੀ ਰਾਖੀ ਕਰਨਾ ਵੀ ਜਾਣਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਮਹਾਨ ਦੇਸ਼ ਭਗਤ ਸ਼ਹੀਦੇ ਆਜ਼ਮ ਸ. ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਤੇ ਊਧਮ ਸਿੰਘ ਸੁਨਾਮ, ਮਹਾਨ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਗੁਰੂ ਰਵਿਦਾਸ ਜੀ ਤੇ ਗੁਰੂ ਨਾਨਕ ਦੇਵ ਜੀ ਦੇ ਵਾਰਸ ਹਾਂ, ਇਸ ਲਈ ਆਪਣੇ ਪ੍ਰਾਪਤ ਕੀਤੇ ਹੱਕਾਂ ਤੇ ਅਧਿਕਾਰਾਂ ਦੀ ਰਾਖੀ ਲਈ ਜੋ ਵੀ ਕੁਰਬਾਨੀ ਕਰਨੀ ਪਈ ਕਰਾਂਗੇ ਤੇ ਮਾਨ ਸਰਕਾਰ ਨੂੰ ਮਜ਼ਦੂਰ ਮੁਲਾਜ਼ਮ ਵਿਰੋਧੀ ਨੋਟੀਫਿਕੇਸ਼ਨ ਵਾਪਸ ਲੈਣ ਲਈ ਮਜਬੂਰ ਕਰ ਦਿਆਂਗੇ।

ਫੈਕਟਰੀਆਂ ਦੇ ਮਾਲਕਾਂ ਨਾਲ ਮਜ਼ਦੂਰਾਂ ਨੂੰ ਅੰਦਰ ਖਾਤੇ ਵੇਚ ਕੇ ਉਨ੍ਹਾਂ ਦੇ ਹੱਕਾਂ ਤੇ ਅਧਿਕਾਰਾਂ ਦਾ ਕੀਤਾ ਸੌਦਾ ਬਰਦਾਸ਼ਤ ਨਹੀਂ ਕੀਤੀ ਜਾਵੇਗਾ, ਪੰਜਾਬ ਪੱਧਰ 'ਤੇ ਮਜ਼ਦੂਰ ਜਮਾਤ ਨੂੰ ਲਾਮਬੰਦ ਕਰਕੇ ਸੰਘਰਸ਼ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਗਈਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਅਮਰੀਕ ਸਿੰਘ, ਸਾਥੀ ਜਸਵੰਤ ਸਿੰਘ ਕੱਚਾ ਮਾਛੀਵਾੜਾ, ਗੁਰਵਿੰਦਰ ਸਿੰਘ, ਸਰਪੰਚ ਪਤੀ ਸਾਥੀ ਅਮਰੀਕ ਸਿੰਘ, ਬੀਬੀ ਪਰਮਜੀਤ ਕੌਰ ਤੇ ਵੱਡੀ ਗਿਣਤੀ ਵਿੱਚ ਮਨਰੇਗਾ ਮਜ਼ਦੂਰ ਭੈਣਾਂ ਤੇ ਮਜ਼ਦੂਰ ਸਾਥੀ ਸ਼ਾਮਲ ਸਨ।

**ਮਾਮਲਾ ਕਿਸਾਨਾਂ ਨੂੰ ਖੇਤ 'ਚੋਂ ਰੇਤ ਕੱਢਣ ਲਈ ਸਿਰਫ 48 ਘੰਟਿਆਂ ਦਾ ਸਮਾਂ ਦੇਣ ਦਾ**

# ਕਿਸਾਨਾਂ ਨੂੰ ਤਬਾਹ ਕਰਨ ਲਈ ਮੂਰਖਤਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਚੁੱਕੀ ਹੈ ਸਰਕਾਰ : ਅਵਤਾਰ ਮਹਿਮਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਪਿਛਲੇ ਦਿਨੀਂ ਪੰਜਾਬ ਦੇ ਦਰਿਆਵਾਂ ਵਿੱਚ ਆਏ ਹੜ੍ਹਾਂ ਕਾਰਨ ਹਜ਼ਾਰਾਂ ਕਿਸਾਨਾਂ ਦੀਆਂ ਜ਼ਮੀਨਾਂ ਵਿੱਚ ਰੇਤਾ ਭਰ ਗਈ ਹੈ, ਜਿਸ ਨਾਲ ਨਾ ਸਿਰਫ ਫਸਲ ਖਰਾਬ ਹੋਈ ਸਗੋਂ ਜ਼ਮੀਨ ਵੀ ਖੇਤੀ ਯੋਗ ਨਹੀਂ ਰਹੀ। ਇਸ ਲਈ ਕਿਸਾਨਾਂ ਵੱਲੋਂ ਲਗਾਤਾਰ ਸਰਕਾਰ ਤੋਂ ਆਪਣੇ ਹੀ ਖੇਤਾਂ ਵਿੱਚੋਂ ਰੇਤਾ ਕੱਢ ਕੇ ਜ਼ਮੀਨ ਨੂੰ ਸਾਫ ਕਰਨ ਦੀ ਮੰਗ ਕੀਤੀ ਜਾਂ ਰਹੀ ਹੈ, ਪਰ ਹਮੇਸ਼ਾ ਦੀ ਤਰ੍ਹਾਂ ਸਰਕਾਰ ਨੇ ਇਕ ਵਾਰ ਫਿਰ ਕਿਸਾਨਾਂ ਨਾਲ ਭੱਦਾ ਮਜ਼ਾਕ ਕੀਤਾ ਹੈ ਅਤੇ 3 ਅਕਤੂਬਰ ਨੂੰ ਜਾਰੀ ਕੀਤੇ ਪੱਤਰ ਵਿੱਚ ਕਿਸਾਨਾਂ ਨੂੰ 48 ਘੰਟਿਆਂ ਦਾ ਸਮਾਂ ਦਿੱਤਾ ਹੈ ਕਿ ਕਿਸਾਨ ਰੇਤਾ ਕੱਢ ਸਕਣ। ਇਸ 'ਤੇ ਸਖ਼ਤ ਰੋਸ ਜ਼ਾਹਰ ਕਰਦਿਆਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਅਵਤਾਰ ਸਿੰਘ ਮਹਿਮਾ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕਿਸਾਨਾਂ ਨੂੰ ਬਰਬਾਦ ਕਰਨ ਲਈ ਮੂਰਖਤਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਉਨ੍ਹਾ ਕਿਹਾ ਕਿ ਕਿਸੇ ਵੀ ਸਰਕਾਰੀ ਅਧਿਕਾਰੀ ਜਾਂ ਸਰਕਾਰ ਦੇ ਬੁਲਾਰੇ ਨੇ ਕੋਈ ਜਨਤਕ ਬਿਆਨ ਨਹੀਂ ਦਿੱਤਾ, ਨਾ ਹੀ ਕਿਸੇ ਪੰਚਾਇਤ ਜਾਂ ਮੀਡੀਆ ਅਦਾਰੇ ਰਾਹੀਂ ਸੂਚਿਤ ਕੀਤਾ ਗਿਆ ਹੈ।

ਐਨਾ ਸਮੇਂ ਵਿੱਚ ਕਿਵੇਂ ਇਸ ਹੁਕਮ ਦੀ ਮਨਿਆਦੀ ਹੋਵੇਗੀ ਤੇ ਕਿਵੇਂ ਪਹਿਲਾਂ ਤੋਂ ਹੀ ਆਰਥਿਕ ਤੌਰ 'ਤੇ ਕੰਗਾਲ ਹੋ ਚੁੱਕੇ ਕਿਸਾਨ ਐਨੀ ਜਲਦੀ ਸੰਦ ਸਦੇਹੜਿਆਂ ਦਾ ਤੇ ਡੀਜ਼ਲ ਦਾ ਪ੍ਰਬੰਧ ਕਰ ਸਕਣਗੇ। ਉਨ੍ਹਾਂ ਕਿਹਾ ਕਿ ਸਰਕਾਰ ਤੇ ਵਿਭਾਗ ਸਿਰਫ ਖਾਨਾਪੂਰਤੀ ਕਰਕੇ ਕਾਗਜ਼ਾਂ ਦਾ ਢਿੱਡ ਭਰ ਰਿਹਾ, ਪਰ ਏਦਾਂ ਕਰਨ ਨਾਲ ਕਿਸਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਢਿੱਡ ਭੁੱਖੇ ਰਹਿਣਗੇ।

ਉਨ੍ਹਾਂ ਕਿਹਾ ਕਿ ਕੁਦਰਤ ਤੇ ਸਰਕਾਰਾਂ ਦੀ ਮਾਰ ਝੱਲ ਰਹੇ ਅੰਨਦਾਤੇ ਨੂੰ ਆਪਣੀ ਹੀ ਜ਼ਮੀਨ ਸੰਵਾਰਨ ਲਈ ਗ਼ੈਰ-ਕਾਨੂੰਨੀ ਕੰਮ ਕਹਿ ਕੇ ਦੋਸ਼ੀ ਗਰਦਾਨ ਦਿੱਤਾ ਜਾਵੇਗਾ, ਜਦਕਿ ਸਾਰੇ ਕਾਸੇ ਲਈ ਦੋਸ਼ੀ ਸਰਕਾਰ ਹੈ। ਉਨ੍ਹਾਂ ਮੰਗ ਕੀਤੀ ਕਿ ਕਿਸਾਨਾਂ ਨੂੰ ਘੱਟੋ ਘੱਟ ਇਕ ਮਹੀਨੇ ਦਾ ਸਮਾਂ ਤੇ ਆਰਥਿਕ ਮਦਦ ਦਿੱਤੀ ਜਾਵੇ ਤਾਂ ਜੋ ਉਹ ਆਪਣੀਆਂ ਜ਼ਮੀਨਾਂ ਸੰਵਾਰ ਸਕਣ।

# ਹੜ੍ਹਾਂ ਕਾਰਨ ਬਾਰਡਰ ਪੱਟੀ 'ਚ ਹੋਏ ਨੁਕਸਾਨ ਦੀ ਸਰਕਾਰ ਤੁਰੰਤ ਭਰਪਾਈ ਕਰੇ : ਢੰਡੀਆਂ, ਜੋਧਾ

**ਕੁੱਲ ਹਿੰਦ ਕਿਸਾਨ ਸਭਾ ਇਕਾਈ ਢਾਣੀ ਨੱਥਾ ਸਿੰਘ ਦਾ ਗਠਨ**



**ਜਲਾਲਾਬਾਦ (ਜੀਤ ਕੁਮਾਰ)**-ਪਿਛਲੇ ਦਿਨੀਂ ਪੰਜਾਬ ਤੇ ਨਾਲ ਲੱਗਦੇ ਸੂਬਿਆਂ ਵਿੱਚ ਬਾਰਿਸ਼ਾਂ ਤੇ ਹੜ੍ਹਾਂ ਕਾਰਨ ਹੋਈ ਭਿਆਨਕ ਤਬਾਹੀ ਕਾਰਨ ਜ਼ਿਲ੍ਹਾ ਫਾਜ਼ਿਲਕਾ ਦੇ ਦਰਜਨਾਂ ਪਿੰਡਾਂ 'ਚ ਬੜੀ ਵੱਡੀ ਪੱਧਰ 'ਤੇ ਹੋਏ ਜਾਨੀ ਤੇ ਮਾਲੀ ਨੁਕਸਾਨ ਦਾ ਸਰਕਾਰਾਂ ਵੱਲੋਂ ਬਣਦਾ ਮੁਆਵਜ਼ਾ ਨਾ ਦੇਣ ਅਤੇ ਲੋਕਾਂ ਦੀ ਕੋਈ ਸਾਰ ਨਾ ਲੈਣ ਕਾਰਨ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸੰਬੰਧੀ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਿੰਦਰ ਢੰਡੀਆਂ ਤੇ ਜ਼ਿਲ੍ਹਾ ਆਗੂ ਸੰਦੀਪ ਜੋਧਾ ਨੇ ਪਿੰਡ ਢਾਣੀ ਨੱਥਾ ਸਿੰਘ ਵਿਖੇ ਹੜ੍ਹ ਪੀੜਤ ਕਿਸਾਨਾਂ ਤੇ ਮਜ਼ਦੂਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਵਾਰ ਪੰਜਾਬ 'ਚ ਆਏ ਹੜ੍ਹਾਂ ਨੇ ਜੋ ਤਬਾਹੀ ਕੀਤੀ ਹੈ, ਉਸ ਨਾਲ ਜ਼ਿਲ੍ਹਾ ਫਾਜ਼ਿਲਕਾ ਦੇ ਬਾਰਡਰ ਪੱਟੀ ਦੇ ਪਿੰਡਾਂ ਦੇ ਲੋਕਾਂ ਦਾ ਬੜੀ ਵੱਡੀ ਪੱਧਰ 'ਤੇ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ ਅਤੇ ਲੋਕਾਂ ਨੂੰ ਆਪਣੇ ਘਰ ਬਾਰ ਛੱਡਣ ਲਈ ਮਜਬੂਰ ਹੋਣਾ ਪਿਆ। ਆਗੂਆਂ ਨੇ ਕਿਹਾ ਕਿ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਸਬਜ਼ਬਾਗ ਦਿਖਾ ਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਉਸ ਸਮੇਂ ਲੋਕਾਂ ਨਾਲ ਮਜ਼ਾਕ ਕਰ ਰਹੇ ਹਨ, ਜਦੋਂ ਉਨ੍ਹਾਂ ਦਾ ਸਭ ਕੁਝ ਰੁੜ੍ਹ ਗਿਆ ਸੀ ਅਤੇ ਮੁੱਖ ਮੰਤਰੀ ਮਜ਼ਾਕੀਆ ਲਹਿਜੇ 'ਚ ਕਹਿ ਰਿਹਾ ਸੀ ਕਿ ਉਨ੍ਹਾਂ ਨੂੰ ਪਾਣੀ 'ਚ ਰੁੜ੍ਹੀਆਂ ਉਨ੍ਹਾਂ ਦੀਆਂ ਬੱਕਰੀਆਂ ਤੇ ਮੁਰਗੀਆਂ ਦਾ ਵੀ ਮੁਆਵਜ਼ਾ ਦਿੱਤਾ ਜਾਵੇਗਾ, ਪਰ ਅਸਲੀਅਤ ਤੋਂ ਕੋਹਾਂ ਦੂਰ, ਸਿਰਫ 6800 ਪ੍ਰਤੀ ਏਕੜ ਮੁਆਵਜ਼ਾ ਦੇ ਕੇ ਸੂਬਾ ਸਰਕਾਰ ਵੱਲੋਂ ਲੋਕਾਂ ਨਾਲ ਬੜਾ ਵੱਡਾ ਮਜ਼ਾਕ ਕੀਤਾ ਗਿਆ। ਇਸ ਭਾਰੀ ਮੁਸੀਬਤ ਸਮੇਂ ਇਨਕਲਾਬ ਦਾ ਨਾਅਰਾ ਦੇ ਕੇ ਸੱਤਾ ਵਿੱਚ ਆਈ ਸਰਕਾਰ ਵੱਲੋਂ ਲੋਕਾਂ ਦੇ ਨੁਕਸਾਨ ਦੀ ਪੂਰੀ ਭਰਪਾਈ ਨਾ ਕਰਕੇ ਉਨ੍ਹਾਂ ਨਾਲ ਵੱਡਾ ਧੋਖਾ ਕੀਤਾ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਜੇਕਰ ਸਰਕਾਰ ਨੇ ਉਨ੍ਹਾਂ ਲੋਕਾਂ ਨੂੰ ਬਣਦਾ ਮੁਆਵਜ਼ਾ ਨਾ ਦਿੱਤਾ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਇਕਾਈ ਢਾਣੀ ਨੱਥਾ ਸਿੰਘ ਦਾ ਗਠਨ ਵੀ ਕੀਤਾ ਗਿਆ, ਜਿਸ 'ਚ ਗੁਰਬਖਸ਼ ਸਿੰਘ ਨੂੰ ਪ੍ਰਧਾਨ, ਗੁਰਮੇਜ ਸਿੰਘ ਨੂੰ ਸਕੱਤਰ, ਜਸਪਾਲ ਸਿੰਘ ਨੂੰ ਮੀਤ ਪ੍ਰਧਾਨ, ਜੰਗੀਰ ਸਿੰਘ ਨੂੰ ਮੀਤ ਸਕੱਤਰ ਤੇ ਕੁਲਵੰਤ ਸਿੰਘ ਨੂੰ ਖਜ਼ਾਨਚੀ ਚੁਣ ਕੇ 20 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਅਤੇ ਨਵੀਂ ਚੁਣੀ ਗਈ ਟੀਮ ਨੇ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਹਰ ਸੰਘਰਸ਼ ਵਿੱਚ ਵਧ ਚੜ੍ਹ ਕੇ ਹਿੱਸਾ ਲੈਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲਛਮਣ ਸਿੰਘ, ਕਾਲਾ ਸਿੰਘ, ਕਸ਼ਮੀਰ ਸਿੰਘ ਤੇ ਖੁਸ਼ਹਾਲ ਸਿੰਘ ਨੇ ਸੰਬੋਧਨ ਕੀਤਾ।

## ਕਾਤਰਾਂ

### ਬਲਦੀਪ ਸਿੰਘ ਧਾਲੀਵਾਲ ਨਮਿਤ ਅੰਤਮ ਅਰਦਾਸ 10 ਨੂੰ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪ੍ਰਵਾਸੀ ਭਾਰਤੀ ਡਾ: ਭੁਪਿੰਦਰ ਸਿੰਘ ਠੁੱਲੀਵਾਲ ਕੈਨੇਡਾ ਦੇ ਪਰਿਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸ: ਬਲਦੀਪ ਸਿੰਘ ਧਾਲੀਵਾਲ ਅਚਾਨਕ ਸਦੀਵੀ ਵਿਛੋੜਾ ਦੇ ਗਏ। ਇਸ ਦੁੱਖ ਦੀ ਘੜੀ 'ਚ ਵੱਖ-ਵੱਖ ਧਾਰਮਿਕ, ਰਾਜਨੀਤਕ, ਸਮਾਜਿਕ ਆਗੂਆਂ ਤੋਂ ਇਲਾਵਾ ਸਮੂਹ ਪੱਤਰਕਾਰ ਭਾਈਚਾਰੇ ਨੇ ਡਾ: ਭੁਪਿੰਦਰ ਸਿੰਘ ਕੈਨੇਡੀਅਨ ਤੇ ਸਮੂਹ ਧਾਲੀਵਾਲ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਹੈ। ਬਾਪੂ ਬਲਦੀਪ ਸਿੰਘ ਧਾਲੀਵਾਲ ਨਮਿਤ ਪਾਠ ਦਾ ਭੋਗ, ਅੰਤਿਮ ਅਰਦਾਸ 10 ਅਕਤੂਬਰ ਨੂੰ 1 ਵਜੇ ਗੁਰਦੁਆਰਾ ਸਾਹਿਬ ਪਿੰਡ ਠੁੱਲੀਵਾਲ (ਬਰਨਾਲਾ) ਵਿਖੇ ਹੋਵੇਗੀ।

### ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਵੱਲੋਂ ਰੈਲੀ 8 ਨੂੰ

**ਮਾਨਸਾ (ਪਮਾਰ)**-ਪੰਜਾਬ ਦੇ ਹਰ ਵਰਗ ਨੂੰ ਗਰੰਟੀਆਂ ਦੇ ਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੇ ਲੋਕਾਂ ਤੇ ਮੁਲਾਜ਼ਮਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਥਾਂ ਲੋਕ ਵਿਰੋਧੀ ਫੈਸਲੇ ਲੈਣੇ ਸ਼ੁਰੂ ਕਰ ਦਿੱਤੇ ਹਨ। ਡੈਮੋਕ੍ਰੇਟਿਕ ਟੀਚਰਜ਼ ਫਰੰਟ ਮਾਨਸਾ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸਿੰਘ ਤਾਮਕੋਟ ਨੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੁਰਾਣੀ ਪੈਨਸ਼ਨ ਨੂੰ ਬਹਾਲ ਕਰਨ ਦੀ ਗੱਲ ਆਮ ਆਦਮੀ ਪਾਰਟੀ ਦੇ ਚੋਣ ਮੈਨੀਫੈਸਟੋ 'ਚ ਸ਼ਾਮਲ ਹੈ, ਪ੍ਰੰਤੂ ਲਗਪਗ ਸਰਕਾਰ ਦਾ ਡੇਢ ਸਾਲ ਪੂਰਾ ਹੋਣ ਦੇ ਬਾਵਜੂਦ ਇਸ ਅਹਿਮ ਮੰਗ 'ਤੇ ਲਗਾਤਾਰ ਟਾਲ-ਮਟੋਲ ਕੀਤੀ ਜਾ ਰਹੀ ਹੈ। ਅਧਿਆਪਕ ਆਗੂਆਂ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲੀ ਦਾ ਸੰਘਰਸ਼ ਪੂਰੇ ਦੇਸ਼ ਵਿੱਚ ਫੈਲ ਚੁੱਕਿਆ ਹੈ, ਇਸੇ ਕੜੀ ਤਹਿਤ 8 ਅਕਤੂਬਰ ਦੀ ਵਿੱਤ ਮੰਤਰੀ ਦੇ ਹਲਕੇ 'ਚ ਮਹਾਂਰੈਲੀ ਰੱਖੀ ਹੋਈ ਹੈ, ਜਿਸ ਵਿੱਚ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਕੀਤੇ ਫੈਸਲੇ ਅਨੁਸਾਰ ਵੱਡੀ ਗਿਣਤੀ 'ਚ ਅਧਿਆਪਕ ਸ਼ਾਮਲ ਹੋਣਗੇ। ਇਸ ਸਮੇਂ ਨਿਧਾਨ ਸਿੰਘ, ਹਰਫੂਲ ਸਿੰਘ ਬੋਹਾ, ਅਵਤਾਰ ਸਿੰਘ, ਜੱਗਾ ਸਿੰਘ ਆਦਮਕੇ, ਇਕਬਾਲ ਸਿੰਘ ਹੀਰੋਂ, ਜਗਸੀਰ ਸਿੰਘ ਹੀਰੋਂ, ਰਾਜ ਸਿੰਘ ਹੀਰੋਂ, ਜਗਦੇਵ ਸਿੰਘ ਜਲਵੇੜਾ, ਤਰਸੇਮ ਸਿੰਘ ਬੋੜਾਵਾਲ, ਮੱਘਰ ਸਿੰਘ ਹਾਕਮਵਾਲਾ ਸਮੇਤ ਡੀ ਟੀ ਐਫ ਮਾਨਸਾ ਦੀ ਸਮੁੱਚੀ ਲੀਡਰਸ਼ਿਪ ਮੌਜੂਦ ਸੀ।

### ਕੈਂਸਰ ਨਾਲ ਔਰਤ ਦੀ ਮੌਤ



ਬਰੇਟਾ (ਰੀਤਵਾਲ)-ਨਜ਼ਦੀਕੀ ਪਿੰਡ ਖੁਡਾਲ ਕਲਾਂ ਵਿਖੇ ਇੱਕ ਬਜ਼ੁਰਗ ਔਰਤ ਦੀ ਕੈਂਸਰ ਨਾਲ ਮੌਤ ਹੋਣ ਦਾ ਸਮਾਚਾਰ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਮਾਜਸੇਵੀ ਗੁਰਵਿੰਦਰ ਸਿੰਘ ਖੁਡਾਲ ਨੇ ਦੱਸਿਆ ਕਿ ਬੀਤੇ ਦਿਨ ਬੁੱਧਵਾਰ ਨੂੰ ਲਾਭ ਕੌਰ (65) ਬਜ਼ੁਰਗ ਔਰਤ ਦੀ ਕੈਂਸਰ ਨਾਲ ਮੌਤ ਹੋ ਗਈ, ਜੋ ਪਿਛਲੇ ਇੱਕ ਸਾਲ ਤੋਂ ਹੱਡੀਆਂ ਦੇ ਕੈਂਸਰ ਤੋਂ ਪੀੜਤ ਸੀ, ਜਿਸ ਦਾ ਇਲਾਜ ਸੰਗਰੂਰ ਦੇ ਟਾਟਾ ਹਸਪਤਾਲ ਵਿਖੇ ਚੱਲ ਰਿਹਾ ਸੀ। ਮ੍ਰਿਤਕ ਔਰਤ ਆਪਣੇ ਪਿੱਛੇ ਪਤੀ ਤੋਂ ਇਲਾਵਾ ਦੋ ਲੜਕੇ ਛੱਡ ਗਈ ਹੈ।

### ਜ਼ਮੀਨ ਦੀ ਵੰਡ ਨੂੰ ਲੈ ਕੇ ਭਰਾਵਾਂ 'ਚ ਖੜਕੀ, 6 ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਪਿੰਡ ਜੋਧਾ ਭੈਣੀ ਅਧੀਨ ਪੈਂਦੀ ਢਾਣੀ ਮਾਨ ਸਿੰਘ ਵਿਖੇ ਜ਼ਮੀਨ ਦੀ ਵੰਡ ਨੂੰ ਲੈ ਕੇ ਭਰਾਵਾਂ ਦੀ ਹੋਈ ਆਪਸੀ ਲੜਾਈ ਦੇ ਸਬੰਧ ਵਿੱਚ ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ 6 ਲੋਕਾਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦਈ ਪੂਰਨ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਢਾਣੀ ਮਾਨ ਸਿੰਘ ਦਾਖਲੀ ਜੋਧਾ ਭੈਣੀ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਉਹ ਤਿੰਨ ਭਰਾ ਹਨ ਤੇ ਸਾਰੇ ਹੀ ਆਪਣੇ ਖੇਤਾਂ ਵਿੱਚ ਢਾਣੀ ਬਣਾ ਕੇ ਰਹਿੰਦੇ ਹਾਂ ਤੇ ਸਾਰਿਆਂ ਕੋਲ ਕਰੀਬ 5 ਕਿੱਲੇ ਪੱਕੀ ਜ਼ਮੀਨ ਹੈ ਅਤੇ ਡੇਢ ਕਿੱਲਾ ਕੱਚੀ ਜ਼ਮੀਨ ਹੈ, ਜਿਸ ਵਿੱਚੋਂ ਉਸ ਨੂੰ ਕਰੀਬ 3 ਕਨਾਲਾਂ ਜ਼ਮੀਨ ਮਿਲੀ ਹੋਈ ਹੈ ਤੇ ਕਰੀਬ 1 ਕਨਾਲ ਜ਼ਮੀਨ ਹੋਰ ਲੈਣੀ ਆਉਂਦੀ ਹੈ, ਜੋ ਪੰਚਾਇਤ ਨੇ ਉਸ ਦਾ ਫੈਸਲਾ ਕਰਵਾ ਕੇ ਵੱਟ ਪੁਆ ਦਿੱਤੀ ਸੀ ਤੇ 10 ਸਤੰਬਰ 2023 ਨੂੰ ਦੇਰ ਸ਼ਾਮ ਕਰੀਬ 6.30 ਵਜੇ ਆਪਣੇ ਲੜਕੇ ਨਾਲ ਆਪਣੇ ਖੇਤ ਵਿੱਚ ਪੱਠੇ ਬੀਜ ਰਹੇ ਸੀ ਤਾਂ ਮਹਿੰਦਰ ਸਿੰਘ ਵਗੈਰਾ ਆ ਗਏ ਤੇ ਕਹਿਣ ਲੱਗੇ ਕਿ ਅਸੀਂ ਤੈਨੂੰ ਪੱਠੇ ਨਹੀਂ ਬੀਜਣ ਦੇਣੇ ਅਤੇ ਉਸ ਦੇ ਗਲ ਪੈ ਗਏ ਤੇ ਮਾਰਕੁੱਟ ਕਰਨ ਲੱਗ ਪਏ, ਜਿਸ 'ਤੇ ਪੁਲਸ ਨੇ ਮੁਦਈ ਪੂਰਨ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਮਹਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਤੇ ਅੰਗਰੇਜ ਸਿੰਘ ਪੁੱਤਰ ਜਰਨੈਲ ਸਿੰਘ ਵਾਸੀਆਨ ਢਾਣੀ ਮਾਨ ਸਿੰਘ ਦਾਖਲੀ ਜੋਧਾ ਭੈਣੀ, ਕੁਲਦੀਪ ਸਿੰਘ ਪੁੱਤਰ ਲੱਖਾ ਸਿੰਘ, ਹਰਬੰਸ ਸਿੰਘ ਪੁੱਤਰ ਪੂਰਨ ਸਿੰਘ, ਜਰਨੈਲ ਸਿੰਘ ਪੁੱਤਰ ਕਰਤਾਰ ਸਿੰਘ ਤੇ ਪੂਰਨ ਸਿੰਘ ਪੁੱਤਰ ਪੋਖਰ ਸਿੰਘ ਵਾਸੀਆਨ ਜੋਧਾ ਭੈਣੀ ਦੇ ਖਿਲਾਲ ਮੁਕੱਦਮਾ ਦਰਜ ਕੀਤਾ ਗਿਆ ਹੈ।

# ਸਰਕਾਰ ਵੱਲੋਂ ਮਜ਼ਦੂਰਾਂ ਲਈ ਜਾਰੀ ਨੋਟੀਫਿਕੇਸ਼ਨ ਪੰਜਾਬ 'ਚ ਲਾਗੂ ਨਹੀਂ ਹੋਣ ਦੇਵਾਂਗੇ : ਲਖਵੀਰ ਲੌਂਗੋਵਾਲ



ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜਦੇ ਹੋਏ ਮਜ਼ਦੂਰ।

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਪੰਜਾਬ ਸਰਕਾਰ ਵੱਲੋਂ ਮਜ਼ਦੂਰਾਂ ਲਈ 8 ਘੰਟੇ ਨਹੀਂ 12 ਘੰਟੇ ਕੰਮ ਕਰਨ ਦੇ ਜਾਰੀ ਕੀਤੇ ਨੋਟੀਫਿਕੇਸ਼ਨ ਖਿਲਾਫ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੀ ਸੂਬਾ ਕਮੇਟੀ ਦੇ ਸੱਦੇ ਤਹਿਤ ਪੰਜਾਬ ਭਰ 'ਚ ਜਾਗ੍ਰਿਤੀ ਮੁਹਿੰਮ ਚਲਾ ਕੇ ਐੱਸ ਡੀ ਐੱਮ ਰਾਹੀਂ ਮੁੱਖ ਮੰਤਰੀ ਦੇ ਨਾਂਅ 17 ਅਕਤੂਬਰ ਨੂੰ ਦਿੱਤੇ ਜਾ ਰਹੇ ਮੰਗ ਪੱਤਰ ਦੀ ਤਿਆਰੀ ਲਈ ਲੌਂਗੋਵਾਲ ਦੇ ਵੱਖ ਵੱਖ ਮੁਹੱਲਿਆਂ ਤੇ ਨੇੜਲੇ ਪਿੰਡ ਮੰਡੇਰ ਕਲਾਂ 'ਚ ਮੀਟਿੰਗਾਂ, ਰੈਲੀਆਂ ਕਰਕੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਗਈਆਂ।

ਮੀਟਿੰਗਾਂ, ਰੈਲੀਆਂ ਨੂੰ ਸੰਬੋਧਨ ਕਰਦਿਆਂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੇ ਸੂਬਾ ਸਕੱਤਰ ਲਖਵੀਰ ਸਿੰਘ ਲੌਂਗੋਵਾਲ ਇਲਾਕਾ ਆਗੂ ਬੂਟਾ ਸਿੰਘ ਲੌਂਗੋਂਵਾਲ, ਸੁਰਿੰਦਰ ਸਿੰਘ ਮੰਡੇਰ ਕਲਾਂ ਨੇ ਕਿਹਾ ਕਿ ਪੰਜਾਬ ਸਰਕਾਰ ਆਮ ਲੋਕਾਂ ਨਾਲ ਇਹ ਵਾਅਦਾ ਕਰਕੇ ਸੱਤਾ 'ਚ ਆਈ ਸੀ ਕਿ ਅਸੀਂ ਲੋਕਾਂ ਦੀਆਂ ਸਮੱਸਿਆਵਾਂ ਪਹਿਲ ਦੇ ਅਧਾਰ 'ਤੇ ਹੱਲ ਕਰਾਂਗੇ, ਜੋ ਹੱਲ ਤਾਂ ਕੀ ਕਰਨੀਆਂ ਸੀ, ਉਲਟਾ ਮਜ਼ਦੂਰਾਂ ਦੀ ਦਿਹਾੜੀ 8 ਘੰਟੇ ਦੀ ਬਜਾਏ 12 ਘੰਟੇ ਕਰਕੇ ਮਜ਼ਦੂਰਾਂ ਦਾ ਖੂਨ ਚੂਸਣਾ ਚਾਹੁੰਦੀ ਹੈ। ਮਜ਼ਦੂਰਾਂ ਨੇ ਐਲਾਨ ਕੀਤਾ ਕੀ 17 ਅਕਤੂਬਰ ਨੂੰ ਨੋਟੀਫਿਕੇਸ਼ਨ ਰੱਦ ਕਰਵਉਣ ਲਈ ਐੱਸ ਡੀ ਐੱਮ ਸੰਗਰੂਰ ਰਾਹੀਂ ਮੁੱਖ ਮੰਤਰੀ ਦੇ ਨਾਂਅ ਦਿੱਤੇ ਜਾ ਰਹੇ ਮੰਗ ਪੱਤਰ ਲਈ ਮਜ਼ਦੂਰ ਵੱਡੀ ਗਿਣਤੀ 'ਚ ਸ਼ਾਮਲ ਹੋਣਗੇ।

# ਵੈੱਬ ਪੋਰਟਲ ਨਿਊਜ਼ ਕਲਿੱਕ ਨਾਲ ਜੁੜੇ ਪੱਤਰਕਾਰਾਂ, ਮੁਲਾਜ਼ਮਾਂ ਦੇ ਘਰਾਂ 'ਚ ਛਾਪੇਮਾਰੀ ਤੇ ਗ੍ਰਿਫ਼ਤਾਰੀ ਦੀ ਨਿੰਦਾ

**ਮਾਨਸਾ (ਪਮਾਰ)**-ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਜਾ ਰਹੇ ਯੂ ਏ ਪੀ ਏ ਕਾਨੂੰਨ ਤਹਿਤ ਕੇਂਦਰੀ ਏਜੰਸੀ ਜਰੀਏ ਵੈੱਬ ਪੋਰਟਲ "ਨਿਊਜ਼ ਕਲਿੱਕ" ਦੇ ਪੱਤਰਕਾਰਾਂ ਤੇ ਮੁਲਾਜ਼ਮਾਂ ਨੂੰ ਫੰਡਿੰਗ ਦਾ ਬਹਾਨਾ ਬਣਾ ਕੇ ਦਿੱਲੀ ਪੁਲਸ ਵੱਲੋਂ ਲਗਭਗ 30 ਜਣਿਆਂ ਦੇ ਘਰਾਂ 'ਚ ਛਾਪੇਮਾਰੀ ਕਰ 10 ਜਣਿਆਂ ਨੂੰ ਥਾਣੇ 'ਚ ਬਿਠਾਉਣ ਤੇ ਉਨ੍ਹਾਂ ਦੇ ਜ਼ਰੂਰੀ ਦਸਤਾਵੇਜ਼, ਲੈਪਟਾਪ ਕਬਜ਼ੇ ਵਿੱਚ ਲੈ ਲੈਣ ਦੀ ਸੰਯੁਕਤ ਕਿਸਾਨ ਮੋਰਚੇ ਵੱਲੋਂ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਮੋਰਚੇ ਦੇ ਪ੍ਰਮੁੱਖ ਆਗੂ ਰੁਲਦੂ ਸਿੰਘ ਮਾਨਸਾ, ਨਿਰਮਲ ਸਿੰਘ ਝੰਡੂਕੇ, ਕੁਲਦੀਪ ਸਿੰਘ ਚੱਕ ਭਾਈਕੇ, ਮਲੂਕ ਸਿੰਘ ਹੀਰਕੇ, ਅਮਰੀਕ ਸਿੰਘ ਫਫੜੇ ਭਾਈਕੇ, ਮਹਿੰਦਰ ਸਿੰਘ ਭੈਣੀਬਾਘਾ, ਐਡਵੋਕੇਟ ਸਵਰਨਜੀਤ ਦਲਿਓ, ਧੰਨਾ ਮੱਲ ਗੋਇਲ, ਦਲਜੀਤ ਸਿੰਘ ਮਾਨਸ਼ਾਹੀਆ, ਕੁਲਵੰਤ ਸਿੰਘ ਕਿਸ਼ਨਗੜ੍ਹ, ਭਜਨ ਸਿੰਘ ਘੁੰਮਣ, ਪ੍ਰੈੱਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ ਨੇ ਕਿਹਾ ਕਿ ਕਿਸਾਨੀ ਸੰਘਰਸ਼ ਦੌਰਾਨ ਤੇ ਆਮ ਦਿਨਾਂ ਵਿੱਚ ਵੀ ਬਿੰਦਾਸ ਹੋ ਕੇ ਜਨਤਕ ਮਸਲਿਆਂ ਨੂੰ ਉਭਾਰਨ ਵਾਲੇ ਪੱਤਰਕਾਰ ਮੋਦੀ ਸਰਕਾਰ ਦੇ ਏਜੰਡੇ 'ਤੇ ਰਹੇ ਹਨ। ਉਨ੍ਹਾਂ ਕਿਹਾ ਕਿ ਜਿੱਥੇ ਹੀ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਫਿਰਕੂਫਾਸ਼ੀਵਾਦ ਦੇ ਪਾਸਾਰ ਤਹਿਤ ਫਿਰਕਾਪ੍ਰਸਤੀ ਦਾ ਫੈਲਾਅ ਜਾਰੀ ਹੈ, ਓਥੇ ਹੀ ਹਿੰਦੂਰਾਸ਼ਟਰਵਾਦ ਦੇ ਏਜੰਡੇ ਤਹਿਤ ਜ਼ੁਬਾਨਬੰਦੀ, ਸਮਾਜਿਕ ਕਾਰਕੁਨਾਂ, ਬੁੱਧੀਜੀਵੀਆਂ ਨੂੰ ਜੇਲ੍ਹਾਂ ਵਿੱਚ ਡੱਕਣਾ, ਦੇਸ਼ ਧ੍ਰੋਹੀ ਜਿਹੇ ਫੱਤਵੇ ਲਾਗੂ ਕਰਨੇ, ਪ੍ਰੈੱਸ ਦੀ ਆਜ਼ਾਦੀ 'ਤੇ ਹਮਲਾ ਕਰ ਪੱਤਰਕਾਰਾਂ ਨੂੰ ਉਲਝਾਉਣਾ ਸਾਮਰਾਜੀ ਹਿਟਲਰਸ਼ਾਹੀ ਦਾ ਦਸਤੂਰ ਬਣਦਾ ਜਾ ਰਿਹਾ ਹੈ, ਜਦਕਿ ਆਮ ਹਿੰਦੂ, ਹਿੰਦੁਸਤਾਨ ਦੇ ਵਸਨੀਕਾਂ ਦੀਆਂ ਬੇਸਿਕ ਲੋੜਾਂ, ਆਜ਼ਾਦ ਵਿਚਾਰਾਂ ਨਾਲ ਕੇਂਦਰ ਦੀ ਬੀ ਜੇ ਪੀ ਸਰਕਾਰ ਨੂੰ ਬਹੁਤਾ ਸਾਰੋਕਾਰ ਨਹੀਂ ਹੈ, ਜਿਸ ਦਾ ਚੇਤਨ ਲੋਕ ਵਿਰੋਧ ਕਰਦੇ ਆਏ ਹਨ ਤੇ ਕਰਦੇ ਰਹਿਣਗੇ।

# ਟੰਡਨ ਸਕੂਲ ਦੀ ਵਿਦਿਆਰਥਣਾਂ ਨੇ ਬੈਡਮਿੰਟਨ 'ਚ ਜਿੱਤ ਹਾਸਲ ਕੀਤੀ



**ਬਰਨਾਲਾ (ਰਾਜਿੰਦਰ ਬਰਾੜ)**

ਟੰਡਨ ਇੰਟਰਨੈਸ਼ਨਲ ਸਕੂਲ ਦੀਆਂ ਵਿਦਿਆਰਥਣਾਂ ਦੀ ਟੀਮ ਨੇ ਬੈਡਮਿੰਟਨ ਟੂਰਨਾਮੈਂਟ ਵਿਚ ਪਹਿਲਾ ਸਥਾਨ ਪ੍ਰਾਪਤ ਕਰਕੇ ਸ਼ਾਨਦਾਰ ਜਿੱਤ ਹਾਸਲ ਕੀਤੀ। ਪੰਜਾਬ ਸਟੇਟ ਪ੍ਰਾਇਮਰੀ ਸਕੂਲ ਖੇਡਾਂ 2023 ਦੇ ਬੈਡਮਿੰਟਨ ਪ੍ਰਾਇਮਰੀ ਸੈਂਟਰ ਪੱਧਰ ਦੇ ਅੰਡਰ 11 ਲੜਕੀਆਂ ਦੇ ਮੁਕਾਬਲੇ ਬਾਬਾ ਆਲਾ ਸਿੰਘ ਪ੍ਰਾਇਮਰੀ ਸਕੂਲ ਬਰਨਾਲਾ ਵਿਖੇ ਹੋਏ, ਜਿਸ ਵਿੱਚ ਵੱਖ-ਵੱਖ ਸਕੂਲ ਦੀਆਂ ਲੜਕੀਆਂ ਨੇ ਭਾਗ ਲਿਆ। ਸਾਰੀਆਂ ਟੀਮਾਂ ਦੇ ਕਈ ਰਾਊਂਡ ਕਰਾਏ ਗਏ, ਜਿਸ ਵਿੱਚ ਟੰਡਨ ਸਕੂਲ ਦੀਆਂ ਵਿਦਿਆਰਥਣਾਂ ਨੇ ਚੰਗੀ ਖੇਡ ਦਾ ਪ੍ਰਦਸ਼ਨ ਕਰਕੇ ਸ਼ਾਨਦਾਰ ਜਿੱਤ ਹਾਸਲ ਕੀਤੀ। ਟੰਡਨ ਸਕੂਲ ਵੱਲੋਂ ਮੁਕਾਬਲੇ ਵਿੱਚ ਜ਼ੇਨਮ ਹੀਰਾ, ਪਰੀਜੋਤ ਕੌਰ ਤੇ ਜਪਜੀਤ ਕੌਰ ਨੇ ਇਸ ਬੈਡਮਿੰਟਨ ਮੁਕਾਬਲੇ ਵਿੱਚ ਭਾਗ ਲਿਆ। ਅੰਡਰ 11 ਲੜਕੀਆਂ ਦੀ ਟੀਮ ਨੇ ਖੇਡਦੇ ਹੋਏ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਦੇ ਡਾਇਰੈਕਟਰ ਸ਼੍ਰੀ ਸ਼ਿਵ ਸਿੰਗਲਾ, ਪ੍ਰਿੰਸੀਪਲ ਡਾਕਟਰ ਸ਼ਰੁਤੀ ਸ਼ਰਮਾ ਤੇ ਵਾਈਸ ਪ੍ਰਿੰਸੀਪਲ ਸਾਲਿਨੀ ਕੌਸ਼ਲ ਨੇ ਬੱਚਿਆਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਦੀ ਸ਼ਾਨਦਾਰ ਜਿੱਤ ਤੇ ਵਧਾਈ ਦਿੱਤੀ। ਅੰਤ ਵਿੱਚ ਸਕੂਲ ਦੇ ਕੋਚ ਸ਼੍ਰੀ ਸੁਖਦੇਵ ਸਿੰਘ ਤੇ ਸ਼੍ਰੀ ਹਰਜੀਤ ਸਿੰਘ ਨੂੰ ਵਧਾਈ ਦਿੱਤੀ।

# ਗੁਰੂ ਨਾਨਕ ਕਾਲਜ ਵਿਖੇ ਸ਼ਖਸੀਅਤ ਉਸਾਰੀ ਸੰਬੰਧੀ ਵਰਕਸ਼ਾਪ ਸੰਪੰਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਦੇ ਟ੍ਰੇਨਿੰਗ ਤੇ ਪਲੇਸਮੈਂਟ ਸੈੱਲ ਵੱਲੋਂ ਨਾਮੀ ਬਹੁ-ਰਾਸ਼ਟਰੀ ਕੰਪਨੀ ਮਹਿੰਦਰਾ ਐਂਡ ਮਹਿੰਦਰਾ ਦੇ ਸਹਿਯੋਗ ਨਾਲ 27 ਸਤੰਬਰ ਤੋਂ 4 ਅਕਤੂਬਰ 2023 ਤੱਕ ਸ਼ਖਸੀਅਤ ਉਸਾਰੀ ਸਬੰਧੀ ਸੱਤ ਰੋਜ਼ਾ ਵਰਕਸ਼ਾਪ ਸਫਲਤਾਪੂਰਵਕ ਸੰਪੰਨ ਕੀਤੀ ਗਈ। ਜ਼ਿਕਰਯੋਗ ਹੈ ਕਿ ਇਸ ਵਰਕਸ਼ਾਪ ਦਾ ਆਯੋਜਨ ਡਾਇਰੈਕਟੋਰੇਟ ਆਫ ਐਜੂਕੇਸ਼ਨ ਪਟਿਆਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਇਸ ਵਰਕਸ਼ਾਪ ਦੌਰਾਨ ਸਿਖਲਾਈ ਸੈਸ਼ਨਾਂ ਦੀ ਅਗਵਾਈ ਸ੍ਰੀਮਤੀ ਸਵੇਤਾ ਅਰੋੜਾ ਨੰਦੀ ਫਾਊਂਡੇਸ਼ਨ ਨਾਲ ਜੁੜੇ ਵਕਤਾ ਵੱਲੋਂ ਕੀਤੀ ਗਈ, ਜੋ ਮਹਿੰਦਰਾ ਐਂਡ ਮਹਿੰਦਰਾ ਦੇ ਸੀ ਐੱਸ ਆਰ ਯਤਨਾਂ ਰਾਹੀਂ ਸਮਾਜਿਕ ਕਾਰਜਾਂ ਵਿੱਚ ਵੱਡਮੁੱਲਾ ਯੋਗਦਾਨ ਪਾ ਰਹੀ ਹੈ। ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਸਵੈ-ਪਛਾਣ, ਸਵੈ-ਗਿਆਨ, ਸਵੈ-ਵਿਸ਼ਵਾਸ, ਰੁਜ਼ਗਾਰ ਯੋਗਤਾ ਸਿਖਲਾਈ ਟੀਚਾ ਨਿਰਧਾਰਨ ਅਤੇ ਜੀਵਨ ਦੇ ਮਹੱਤਵਪੂਰਨ ਪਹਿਲੂਆਂ ਦੇ ਨਾਲ-ਨਾਲ ਸਮਾਂ ਪ੍ਰਬੰਧਨ ਵਰਗੇ ਗੁਣ ਪੈਦਾ ਕਰਕੇ ਨੌਜਵਾਨ ਔਰਤਾਂ ਨੂੰ ਸਸ਼ਕਤ ਕਰਨਾ ਸੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਇਹ ਵੀ ਦੱਸਿਆ ਕਿ ਕਿਵੇਂ ਡਿਜੀਟਲ ਰੈਜ਼ਿਊਮ ਬਣਾਉਣਾ ਹੈ ਤੇ ਮੌਕ ਇੰਟਰਵਿਊ ਕਿਵੇਂ ਕਰਨੀ ਹੈ। ਵਰਕਸ਼ਾਪ ਦੇ ਆਖਰੀ ਦਿਨ ਨੰਦੀ ਫਾਊਂਡੇਸ਼ਨ ਤੇ ਮਹਿੰਦਰਾ ਪ੍ਰਾਈਡ ਦੀ ਤਰਫੋਂ ਸਨੇਹ ਬੀ .ਬੀ. ਏ. ਭਾਗ ਤੀਜਾ, ਆਸ਼ਿਕਾ ਬੀ. ਬੀ. ਏ. ਭਾਗ ਤੀਜਾ ਤੇ ਮਨਜਿੰਦਰ ਬੀ. ਵਾਕ ਈ.ਡੀ.ਐੱਮ. ਨੂੰ ਮੈਡਮ ਸਵੇਤਾ ਵੱਲੋਂ ਸਰਵੋਤਮ ਵਿਦਿਆਰਥੀ ਪੁਰਸਕਾਰ ਦਿੱਤੇ ਗਏ। ਕਾਲਜ ਪ੍ਰਿੰਸੀਪਲ ਡਾ. ਤੇਜਿੰਦਰ ਕੌਰ ਧਾਲੀਵਾਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਸ ਨਿਵੇਕਲੇ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਅਜਿਹੀਆਂ ਵਰਕਸ਼ਾਪਾਂ ਮੁੱਢਲੀ ਲੋੜ ਹਨ ਤਾਂ ਜੋ ਵਿਦਿਆਰਥੀ ਲਿਖਤੀ ਗਿਆਨ ਦੇ ਨਾਲ ਨਾਲ ਵਿਹਾਰਕ ਗਿਆਨ ਨੂੰ ਵੀ ਸਿਖ ਸਕਣ।

# 'ਖੇਡਾਂ ਵਤਨ ਪੰਜਾਬ ਦੀਆਂ' 'ਚ ਦੇਵ ਸਮਾਜ ਕਾਲਜ ਦੀਆਂ ਖਿਡਾਰਨਾਂ ਨੇ ਗੋਲਡ ਮੈਡਲ ਜਿੱਤਿਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਦੇਵ ਸਮਾਜ ਕਾਲਜ ਫਿਰੋਜ਼ਪੁਰ ਅਕਾਦਮਿਕ, ਸਮਾਜਿਕ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਏ+ ਗ੍ਰੇਡ ਪ੍ਰਾਪਤ ਕਾਲਜ ਹੈ।ਇਸ ਕਾਲਜ ਦੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਤੇ ਪ੍ਰਿੰਸੀਪਲ ਡਾ. ਸੰਗੀਤਾ ਪ੍ਰਿੰਸੀਪਲ ਦੀ ਅਗਵਾਈ ਵਿੱਚ ਨਿਰੰਤਰ ਤਰੱਕੀ ਕਰ ਰਿਹਾ ਹੈ। ਕਾਲਜ ਦੇ ਸਰੀਰਿਕ ਸਿੱਖਿਆ ਤੇ ਖੇਡ ਵਿਭਾਗ ਦੇ ਮੁਖੀ ਪਲਵਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਅਧੀਨ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ ਕਰਵਾਏ ਗਏ।ਇਹ ਖੇਡਾਂ ਮੁਕਾਬਲੇ ਵਿੱਚ ਵੱਖ-ਵੱਖ ਜ਼ਿਲ੍ਹਾ ਫਿਰੋਜ਼ਪੁਰ ਦੇ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਤੋਂ ਖਿਡਾਰਨਾਂ ਨੇ ਭਾਗ ਲਿਆ।ਇਹ ਖੇਡਾਂ ਜ਼ਿਲ੍ਹਾਂ ਫਿਰੋਜ਼ਪੁਰ ਵਿੱਚ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫਿਰੋਜ਼ਪੁਰ ਛਾਉਣੀ ਵਿਖੇ ਬੀਤੇ ਦਿਨ ਕਰਵਾਈਆਂ ਗਈਆਂ ਸਨ ਤੇ ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਦੀਆਂ ਵਿਦਿਆਰਥਣਾਂ ਵੱਲੋਂ ਖੋ-ਖੋ, ਵਾਲੀਬਾਲ ਖੇਡਾਂ ਵਿੱਚ ਹਿੱਸਾ ਲਿਆ।ਇਨ੍ਹਾਂ ਖੇਡਾਂ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਦੁਆਰਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਖੋ-ਖੋ ਵਿੱਚ ਗੋਲਡ ਤੇ ਵਾਲੀਬਾਲ ਖੇਡ ਮੁਕਾਬਲੇ ਵਿੱਚ ਕਾਂਸੇ ਦੇ ਮੈਡਲ ਜਿੱਤ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ, ਜਿਸ ਨਾਲ ਉਨ੍ਹਾਂ ਆਪਣੇ ਮਾਤਾ-ਪਿਤਾ ਦੇ ਨਾਲ-ਨਾਲ ਕਾਲਜ ਦਾ ਵੀ ਨਾਮ ਰੋਸ਼ਨ ਕੀਤਾ।ਇਸ ਮੌਕੇ ਡਾ. ਸੰਗੀਤਾ ਨੇ ਜੇਤੂ ਖਿਡਾਰਨਾਂ ਤੇ ਵਿਭਾਗ ਦੇ ਮੁਖੀ ਪਲਵਿੰਦਰ ਸਿੰਘ ਤੇ ਹੋਰ ਵਿਭਾਗੀ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਸ਼ਾਨਦਾਰ ਪ੍ਰਦਰਸ਼ਨ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ।ਕਾਲਜ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਨੇ ਵਿਦਿਆਰਥਣਾਂ ਨੂੰ ਇਸ ਸ਼ਾਨਦਾਰ ਜਿੱਤ ਲਈ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਚੀਮਾ ਮੰਡੀ ਦਾ ਦੂਸਰਾ ਟੋਚਨ ਮੁਕਾਬਲਾ ਸੰਪੰਨ



**ਚੀਮਾ ਮੰਡੀ (ਰਵਿੰਦਰ ਚੀਮਾ)**-ਅਨਾਜ ਮੰਡੀ ਵਿਖੇ ਦੂਸਰਾ ਟੋਚਨ ਮੁਕਾਬਲਾ ਸ਼ਾਨੋ ਸ਼ੌਕਤ ਨਾਲ ਸਮਾਪਤ ਹੋ ਗਿਆ ਹੈ, ਜਿਸ ਵਿੱਚ ਪਹਿਲੇ ਸਥਾਨ 'ਤੇ ਯੂ ਐੱਸ ਏ ਅਕਾਲ ਸਹਾਇ, ਦੂਸਰੇ 'ਤੇ ਸੱਚਣ ਯੂ ਐੱਸ ਏ ਸੁਰਿੰਦਰ 5210, ਤੀਸਰੇ ਸਥਾਨ 'ਤੇ ਗੋਗੀ ਸੰਗਤਪੁਰੀਆ ਅਤੇ ਚੌਥੇ ਸਥਾਨ 'ਤੇ ਮੇਮਾਂ ਵਾਲਾ 5310 ਰਿਹਾ। ਇਸ ਟੋਚਨ ਮੁਕਾਬਲੇ ਵਿੱਚ ਕੁੱਲ 90 ਟਰੈਕਟਰਾਂ ਨੇ ਭਾਗ ਲਿਆ। ਮੁੱਖ ਮਹਿਮਾਨ ਦੇ ਤੌਰ 'ਤੇ ਗੁਰਮੇਲ ਸਿੰਘ ਘਰਾਚੋਂ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸੰਗਰੂਰ ਤੇ ਮਹਿੰਦਰ ਸਿੰਘ ਸਿੱਧੂ ਚੇਅਰਮੈਨ ਪਨਸੀਡ ਪੰਜਾਬ ਵਿਸ਼ੇਸ਼ ਤੌਰ 'ਤੇ ਪਹੁਚੇ। ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਹਲਕੇ ਦੇ ਪਤਵੰਤੇ ਸੱਜਣਾਂ ਨੇ ਆਪਣੀ ਇਸ ਮੁਕਾਬਲਿਆਂ ਵਿੱਚ ਹਾਜ਼ਰੀ ਲਗਾਈ। ਸਟੇਜ ਸੈਕਟਰੀ ਦੀ ਭੂਮਿਕਾ ਕਲਵੰਤ ਉਪਲੀ ਨੇ ਬਾਖੂਬੀ ਨਿਭਾਈ ਤੇ ਉਨ੍ਹਾਂ ਨੇ ਆਪਣੇ ਸ਼ੇਅਰਾਨਾ ਅੰਦਾਜ਼ ਵਿੱਚ ਲੋਕਾਂ ਨੂੰ ਕੀਲ ਕੇ ਬਿਠਾਇਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਸਿੱਧੂ ਨੇ ਬਾਹਰੋਂ ਆਏ ਸੱਜਣਾਂ ਦਾ ਧੰਨਵਾਦ ਕੀਤਾ ਤੇ ਆਸ ਪ੍ਰਗਟਾਈ ਕਿ ਅੱਗੇ ਤੋਂ ਵੀ ਸਾਡਾ ਇਸ ਤਰ੍ਹਾਂ ਸਹਿਯੋਗ ਕਰਦੇ ਰਹਿਣਗੇ।

ਇਸ ਮੌਕੇ ਦਰਸ਼ਨ ਸਿੰਘ ਗੀਤੀਮਾਨ ਚੇਅਰਮੈਨ ਮਾਰਕੀਟ ਕਮੇਟੀ ਚੀਮਾ, ਮਨਪ੍ਰੀਤ ਸਿੰਘ, ਗੁਰਧਿਆਨ ਸਿੰਘ ਚੀਮਾ, ਸੋਨੀ ਮਾਨ, ਲਖਵਿੰਦਰ ਲੱਖੀ, ਗੁਰਪ੍ਰੀਤ ਸਿੰਘ, ਬਿੰਦਰ ਸਮਾਓਂ, ਰਾਜੀ ਚੀਮਾ, ਡਾਕਟਰ ਭੂਕਲ, ਅਮਨਦੀਪ ਚੀਮਾ, ਕਰਨ ਰਾਜੀ ਚੀਮਾ, ਬਹਾਦਰ ਚਹਿਲ ਸਾਰੇ ਮੈਂਬਰ ਹਾਜ਼ਰ ਸਨ।

# ਗੁਰੂ ਤੇਗ ਬਹਾਦਰ ਸਕੂਲ ਦਾ ਜ਼ਿਲ੍ਹਾ ਪੱਧਰੀ ਬੈਡਮਿੰਟਨ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ




**ਧੂਰੀ (ਸੁਖਦੇਵ ਧੂਰੀ)**-ਪੰਜਾਬ ਖੇਡ ਵਿਭਾਗ ਦੀ ਦੇਖ-ਰੇਖ ਹੇਠ 'ਖੇਡਾਂ ਵਤਨ ਪੰਜਾਬ ਦੀਆਂ', ਤਹਿਤ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਮਾਨਯੋਗ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੀ ਗਤੀਸ਼ੀਲ ਅਗਵਾਈ ਹੇਠ ਬੈਡਮਿੰਟਨ ਖੇਡ ਮੁਕਾਬਲੇ ਕਰਵਾਏ ਗਏ। ਇਸ ਮੁਕਾਬਲੇ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਬਰੜਵਾਲ ਦੀ ਵਿਦਿਆਰਥਣ ਮੰਨਤ ਧਾਲੀਵਾਲ (ਅੰਡਰ 17) ਨੇ ਬੈਡਮਿੰਟਨ ਖੇਡ ਮੁਕਾਬਲੇ ਵਿੱਚ ਸੋਨ ਤਮਗਾ, ਸੀਰਤ ਧਾਲੀਵਾਲ (14 ਸਾਲ ਤੋਂ ਘੱਟ) ਨੇ ਕਾਂਸੀ ਦਾ ਤਮਗਾ ਜਿੱਤ ਕੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਇਸ ਪ੍ਰਾਪਤੀ 'ਤੇ ਟਰੱਸਟ ਦੇ ਚੇਅਰਮੈਨ ਪਰਮਜੀਤ ਸਿੰਘ ਗਿੱਲ ਨੇ ਮੰਨਤ ਤੇ ਸੀਰਤ ਦੀ ਇਸ ਸ਼ਾਨਦਾਰ ਕਾਰਗੁਜ਼ਾਰੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਸਕੂਲ ਦੇ ਪ੍ਰਿੰਸੀਪਲ ਕੈਪਟਨ ਰੋਹਿਤ ਦਿਵੇਦੀ ਨੇ ਵੀ ਵਿਦਿਆਰਥਣਾਂ ਦੀ ਇਸ ਜਿੱਤ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ ਤੇ ਜੇਤੂ ਵਿਦਿਆਰਥਣ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਵਾਈਸ ਪ੍ਰਿੰਸੀਪਲ ਬਿਨੋਏ ਪੀ.ਕੇ. ਤੇ ਸਾਰੇ ਕੋਆਰਡੀਨੇਟਰ ਨੀਨਾ ਬਿਨੋਏ, ਰਸ਼ਮੀ ਭਾਰਦਵਾਜ, ਸ੍ਰੀਮਤੀ ਰਜਿੰਦਰਪਾਲ ਕੌਰ ਤੇ ਸ੍ਰੀਮਤੀ ਮਨਦੀਪ ਕੌਰ ਨੇ ਵੀ ਮੰਨਤ ਧਾਲੀਵਾਲ ਤੇ ਸੀਰਤ ਧਾਲੀਵਾਲ ਦੇ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਨੂੰ ਸ਼ੁਭ-ਕਾਮਨਾਵਾਂ ਦਿੱਤੀਆਂ।

# ਐੱਮ ਐਂਡ ਐੱਮ ਕਾਲਜ ਨਾਗਰੀ ਵੱਲੋਂ ਵਿੱਦਿਅਕ ਟੂਰ



**ਸੰਗਰੂਰ (ਪ੍ਰਵੀਨ ਸਿੰਘ)**-ਐੱਮ ਐਂਡ ਐੱਮ ਕਾਲਜ ਆਫ ਐਜੂਕੇਸ਼ਨ ਨਾਗਰੀ ਵੱਲੋਂ ਬੀ. ਐੱਡ ਦੇ ਵਿਦਿਆਰਥੀਆਂ ਲਈ ਇੱਕ ਦਿਨਾ ਵਿੱਦਿਅਕ ਟੂਰ ਕੀਤਾ ਗਿਆ। ਵਿਦਿਆਰਥੀਆਂ ਨੇ ਪੰਚਕੂਲਾ ਵਿਖੇ ਰਮਣੀਕ ਪਹਾੜੀ ਸਥਾਨ ਮੋਰਨੀ ਹਿਲਜ ਦੇ ਹੌਂਨਟੇਡ ਪਲੇਸ ਤੇ ਛੋਟੇ ਪਾਰਕਾਂ ਦਾ ਦੌਰਾ ਕੀਤਾ। ਮੋਰਨੀ ਕਿਲ੍ਹਾ ਇੱਥੋਂ ਦੀਆਂ ਖ਼ੂਬਸੂਰਤ ਪਹਾੜੀਆਂ ਉੱਤੇ ਮੌਜੂਦ ਹੈ। ਇੱਥੇ ਵਿਦਿਆਰਥੀਆਂ ਨੇ ਹਰੀਆਂ-ਭਰੀਆਂ ਵਾਦੀਆਂ ਦੇਖੀਆਂ। ਉਪਰੰਤ ਐਡਵੈਂਚਰ ਪਾਰਕ 'ਚ ਕੌਫੀ ਦਾ ਆਨੰਦ ਲਿਆ ਤੇ ਕਿਸ਼ਤੀ ਦੀ ਸਵਾਰੀ, ਟ੍ਰੈਕਿੰਗ, ਰੱਸੀ ਚੜ੍ਹਨਾ, ਬਰਮਾ ਬ੍ਰਿਜ, ਰੈਪਲਿੰਗ ਤੇ ਚੱਟਾਨ-ਚੜ੍ਹਾਈ ਦਾ ਆਨੰਦ ਮਾਣਿਆ। ਇਸ ਤੋਂ ਬਾਅਦ ਟਿੱਕਰ ਤਾਲ ਲੇਕ ਵਿਖੇ ਬੋਟਿੰਗ ਕੀਤੀ ਤੇ ਕੁਦਰਤੀ ਨਜ਼ਾਰਿਆਂ ਨੇ ਸਭ ਦਾ ਮਨ ਮੋਹ ਲਿਆ। ਪਿੰਜੌਰ ਗਾਰਡਨ ਵਿਖੇ ਵਿਦਿਆਰਥੀਆਂ ਨੇ ਦੁਪਹਿਰ ਦਾ ਖਾਣਾ ਖਾਧਾ। ਇਹ ਰਮਣੀਕ ਇਤਿਹਾਸਕ ਬਾਗ ਦੀ ਸੁੰਦਰਤਾ ਰਾਤ ਸਮੇਂ ਦੇਖਣ ਯੋਗ ਹੈ। ਵਿਦਿਆਰਥੀਆਂ ਨੇ ਭੀਮਾ ਦੇਵੀ ਮੰਦਰ ਸਾਈਟ ਮਿਊਜ਼ੀਅਮ ਦਾ ਵੀ ਦੌਰਾ ਕੀਤਾ, ਜੋ ਜਾਣਕਾਰੀ ਭਰਪੂਰ ਸੀ। ਕਾਲਜ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਸੇਠੀ ਨੇ ਕਿਹਾ ਕਿ ਅਜਿਹੇ ਵਿੱਦਿਅਕ ਦੌਰਿਆਂ ਰਾਹੀਂ ਵਿਦਿਆਰਥੀ ਪ੍ਰੈਕਟੀਕਲੀ ਬਹੁਤ ਕੁੱਝ ਸਿੱਖਦੇ ਹਨ। ਇਸ ਵਿੱਦਿਅਕ ਦੌਰੇ 'ਤੇ ਵਿਦਿਆਰਥੀਆਂ ਨਾਲ ਕਾਲਜ ਅਧਿਆਪਕ ਕਰਮਜੀਤ ਕੌਰ, ਅਨੀਤਾ ਭਗਰੀਆ, ਹਰਮੇਸ਼ ਸਿੰਘ, ਅਮਰੀਕ ਸਿੰਘ ਸ਼ਾਮਲ ਸਨ।

# ਵਿਸ਼ਵਕਰਮਾ ਦਿਹਾੜਾ ਮਨਾਉਣ ਸੰਬੰਧੀ ਕੀਤੀਆਂ ਵਿਚਾਰਾਂ



**ਜਗਰਾਓਂ (ਅਮਿਤ ਖੰਨਾ)**-ਜਗਤ ਗੁਰੂ ਬਾਬਾ ਵਿਸ਼ਵਕਰਮਾ ਜੀ ਦਾ ਜਨਮ ਦਿਹਾੜਾ ਮਨਾਉਣ ਲਈ ਜਗਰਾਉਂ ਦੀ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਨੇ ਗੁਰਦੁਆਰਾ ਰਾਮਗੜ੍ਹੀਆ ਵਿਖੇ ਇੱਕ ਮੀਟਿੰਗ ਕੀਤੀ ਗਈ। ਇਸ ਮੌਕੇ ਵਿਸ਼ਵਕਰਮਾ ਦਿਹਾੜਾ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਉਣ ਲਈ ਤਿਆਰੀਆਂ ਦੇ ਸਮਾਗਮ ਲਈ ਪੂਰਨ ਸਫਲਤਾ ਲਈ ਮੈਂਬਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਜਿੰਦਰਪਾਲ ਧੀਮਾਨ, ਸਰਪ੍ਰਸਤ ਕਸ਼ਮੀਰੀ ਲਾਲ, ਸੀਨੀਅਰ ਮੀਤ ਪ੍ਰਧਾਨ ਮੰਗਲ ਸਿੰਘ ਸਿੱਧੂ, ਗੁਰਮੇਲ ਸਿੰਘ ਢੁੱਡੀਕੇ ਨੇ ਦੱਸਿਆ ਕਿ ਬਾਬਾ ਵਿਸ਼ਵਕਰਮਾ ਜੀ ਦਾ ਆਗਮਨ ਦਿਹਾੜਾ 13 ਨਵੰਬਰ ਨੂੰ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਵੱਲੋਂ ਪ੍ਰਧਾਨ ਜਿੰਦਰਪਾਲ ਧੀਮਾਨ ਦਾ ਵਿਦੇਸ਼ ਤੋਂ ਆਉਣ 'ਤੇ ਜੀ ਆਇਆਂ ਕਿਹਾ ਤੇ ਪ੍ਰਧਾਨ ਦੇ ਪੋਤਾ ਹੋਣ ਦੀ ਖੁਸ਼ੀ ਵਿੱਚ ਵਧਾਈ ਦਿੱਤੀ। ਇਸ ਮੌਕੇ ਪ੍ਰਧਾਨ ਜਿੰਦਰਪਾਲ ਧੀਮਾਨ, ਸਰਪ੍ਰਸਤ ਕਸ਼ਮੀਰੀ ਲਾਲ, ਪ੍ਰਿਤਪਾਲ ਸਿੰਘ ਮਾਨਕੂੰ, ਕਰਮ ਸਿੰਘ ਜਗਦੇ, ਅਮਰਜੀਤ ਸਿੰਘ ਘਟੋਡੇ, ਮੰਗਲ ਸਿੰਘ ਸਿੱਧੂ, ਬਹਾਦੁਰ ਸਿੰਘ, ਜਗਰੂਪ ਸਿੰਘ, ਜਸਪਾਲ ਸਿੰਘ, ਮਨਦੀਪ ਸਿੰਘ ਮਨੀ, ਸਤਪਾਲ ਸਿੰਘ ਮਲਕ, ਰਾਜਿੰਦਰ ਸਿੰਘ ਮਠਾੜੂ, ਪੱਪੂ ਯਾਦਵ, ਕੁਲਦੀਪ ਸਿੰਘ, ਬੂਟਾ ਸਿੰਘ, ਪਰਮਜੀਤ ਸਿੰਘ, ਕਰਨੈਲ ਸਿੰਘ ਧੰਜਲ, ਪ੍ਰੀਤਮ ਸਿੰਘ ਜੰਡੂ, ਹਰਜਿੰਦਰ ਸਿੰਘ, ਜਗਦੀਸ਼ ਸਿੰਘ ਦੀਸ਼ਾ, ਨਿਰਮਲ ਸਿੰਘ ਨਿੰਮਾ, ਸਤਨਾਮ ਸਿੰਘ, ਸੋਹਣ ਸਿੰਘ ਸੱਗੂ, ਅਮਰਦੀਪ ਸਿੰਘ, ਮਨਦੀਪ ਸਿੰਘ ਮਨੀ, ਤਰਲੋਚਨ ਸਿੰਘ ਸੀਹਰਾ, ਧਰਮ ਸਿੰਘ ਰਾਜੂ ਆਦਿ ਹਾਜ਼ਰ ਸਨ।

# ਬੁੱਟਰ ਸਰੀਹ 'ਚ ਭਗਵਾਨ ਸਿੰਘ ਦੀ ਯਾਦ 'ਚ ਮੁਫਤ ਕੈਂਸਰ ਜਾਂਚ ਕੈਂਪ 20 ਨੂੰ

**ਹਲਕਾ ਵਿਧਾਇਕ ਤੇ ਡੀ ਸੀ ਵੱਲੋਂ ਕੈਂਪ ਦਾ ਪੋਸਟਰ ਰਿਲੀਜ਼**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਇਥੋਂ ਦੇ ਨੇੜਲੇ ਪਿੰਡ ਬੁੱਟਰ ਸਰੀਹ ਵਿਖੇ ਸਵ: ਭਗਵਾਨ ਸਿੰਘ ਦੀ ਯਾਦ ਵਿੱਚ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੁਆਰਾ "ਵਰਲਡ ਕੈਂਸਰ ਕੇਅਰ" ਦੀ ਮਦਦ ਨਾਲ 20 ਅਕਤੂਬਰ ਨੂੰ ਮੁਫਤ ਕੈਂਸਰ ਜਾਂਚ ਕੈਂਪ ਲਾਇਆ ਜਾ ਰਿਹਾ ਹੈ। ਇਸ ਕੈਂਪ ਨੂੰ ਲੈ ਕੇ ਆਮ ਲੋਕਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਇਸ ਕੈਂਪ ਦਾ ਇਸ਼ਤਿਹਾਰ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਤੇ ਡਿਪਟੀ ਕਮਿਸ਼ਨਰ ਡਾਕਟਰ ਰੂਹੀ ਦੁੱਗ ਨੇ ਸਾਂਝੇ ਤੌਰ 'ਤੇ ਜਾਰੀ ਕੀਤਾ। ਕੈਂਪ ਲਾਉਣ ਦੇ ਇਸ ਉਪਰਾਲੇ ਦੀ ਹਲਕਾ ਵਿਧਾਇਕ ਜਗਦੀਪ ਸਿੱਧੂ ਕਾਕਾ ਬਰਾੜ ਨੇ ਭਰਪੂਰ ਸ਼ਲਾਘਾ ਕੀਤੀ ਤੇ ਲੋਕਾਂ ਨੂੰ ਇਸ ਕੈਂਪ ਵਿੱਚ ਵੱਧ ਤੋਂ ਵੱਧ ਗਿਣਤੀ 'ਚ ਪੁੱਜ ਕੇ ਆਪਣੀ ਜਾਂਚ ਕਰਵਾਉਣ ਦੀ ਅਪੀਲ ਕੀਤੀ। ਡਿਪਟੀ ਕਮਿਸ਼ਨਰ ਡਾਕਟਰ ਰੂਹੀ ਦੁੱਗ ਨੇ ਆਖਿਆ ਕਿ ਇਹ ਕੈਂਪ ਬੜਾ ਮਹੱਤਵਪੂਰਨ ਹੈ ਤੇ ਸਾਨੂੰ ਸਮਾਂ ਰਹਿੰਦਿਆਂ ਆਪਣੇ ਘਰ ਦੇ ਨਜ਼ਦੀਕ ਪੁੱਜੀ ਇਸ ਆਧੁਨਿਕ ਸਹੂਲਤਾਂ ਨਾਲ ਲੈਸ ਮਸ਼ੀਨਰੀ ਵਾਲੇ ਕੈਂਪ ਦੇ ਸਾਜ਼ੋ ਸਾਮਾਨ ਦਾ ਪੂਰਾ ਪੂਰਾ ਲਾਭ ਲੈਣਾ ਚਾਹੀਦਾ ਹੈ। ਜਾਣਕਾਰੀ ਦਿੰਦਿਆਂ ਚਮਕੌਰ ਸਿੰਘ ਬੁੱਟਰ ਸਰੀਹ ਨੇ ਦੱਸਿਆ ਕਿ ਇਹ ਕੈਂਪ ਸਵੇਰੇ 10 ਵਜੇ ਤੋਂ ਸ਼ੁਰੂ ਹੋ ਕੇ ਸ਼ਾਮ 4 ਵਜੇ ਤੱਕ ਚੱਲੇਗਾ ਤੇ ਇਸ ਮੌਕੇ ਔਰਤਾਂ ਤੇ ਮਰਦਾਂ ਦੇ ਕੈਂਸਰ ਦੀ ਸਰੀਰਕ ਜਾਂਚ, ਛਾਤੀ ਦੇ ਕੈਂਸਰ ਦਾ (ਮੈਮੋਗਰਾਫੀ) ਟੈਸਟ, ਬੱਚੇਦਾਨੀ ਦੇ ਕੈਂਸਰ ਦੀ ਜਾਂਚ (ਪੈਪ ਸਮੀਅਰ), ਮਰਦਾਂ ਦੇ ਗਦੂਦਾਂ, ਮੂੰਹ ਦੇ ਕੈਂਸਰ, ਹੱਡੀਆਂ ਦੇ ਕੈਂਸਰ, ਬਲੱਡ ਕੈਂਸਰ ਦੇ ਨਾਲ ਨਾਲ ਸ਼ੂਗਰ ਤੇ ਬਲੱਡ ਪ੍ਰੈਸ਼ਰ ਦੇ ਟੈਸਟ ਅਤੇ ਇਸ ਬਾਰੇ ਮੁਫਤ ਦਵਾਈਆਂ ਦੇ ਨਾਲ ਨਾਲ ਸਿਹਤ ਸੰਭਾਲ ਦੀ ਜਾਣਕਾਰੀ ਦਿੱਤੀ ਜਾਵੇਗੀ। ਇਸ ਮੌਕੇ ਮੌਜੂਦ "ਸੰਕਲਪ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਨਰਿੰਦਰ ਸਿੰਘ ਸੰਧੂ ਨੇ ਇਸ ਉੱਦਮ ਬਦਲੇ ਸਵ: ਭਗਵਾਨ ਸਿੰਘ ਦੇ ਪਰਿਵਾਰ ਦਾ ਧੰਨਵਾਦ ਕਰਦਿਆਂ ਲੋਕਾਂ ਨੂੰ ਇਸ ਮੌਕੇ ਪੁੱਜ ਕੇ ਕੈਂਪ ਦਾ ਲਾਹਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਮਨਪ੍ਰੀਤ ਸਿੰਘ ਭਾਰੀ, ਰਾਜਪਾਲ ਸਿੰਘ, ਵਿਕਰਮ ਕੁਮਾਰ, ਲੱਕੀ ਸ਼ਰਮਾ, ਲਖਬੀਰ ਸਿੰਘ ਤੇ ਭਵਕੀਰਤ ਸਿੰਘ ਸੰਧੂ ਆਦਿ ਮੌਜੂਦ ਸਨ।

# ਮਾਤਾ ਗੁਜਰੀ ਕਾਲਜ ਵਿਖੇ ਅੰਤਰ ਕਾਲਜ ਕ੍ਰਿਕਟ ਟੂਰਨਾਮੈਂਟ ਕਰਾਇਆ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਫਤਿਹਗੜ੍ਹ ਸਾਹਿਬ ਜ਼ੋਨ ਦੇ ਅੰਤਰ ਕਾਲਜ ਕ੍ਰਿਕਟ ਟੂਰਨਾਮੈਂਟ ਦੀ ਮੇਜ਼ਬਾਨੀ ਕੀਤੀ, ਜਿਸ ਵਿੱਚ ਖਿਡਾਰੀਆਂ ਦੁਆਰਾ ਸ਼ਾਨਦਾਰ ਖੇਡ ਤੇ ਹੁਨਰ ਦਾ ਪ੍ਰਦਰਸ਼ਨ ਕੀਤਾ ਗਿਆ। ਇਹ ਮੈਚ ਮਹਿੰਦਰਾ ਕਾਲਜ ਪਟਿਆਲਾ ਤੇ ਪੀ.ਐੱਮ.ਐੱਲ. ਕਾਲਜ ਰਾਜਪੁਰਾ ਦੀਆਂ ਟੀਮਾਂ ਵਿਚਕਾਰ ਹੋਇਆ, ਜਿਸ ਵਿੱਚ ਮਹਿੰਦਰਾ ਕਾਲਜ ਪਟਿਆਲਾ ਨੇ ਸ਼ਾਨਦਾਰ ਮੁਕਾਬਲੇ ਵਿੱਚ ਜਿੱਤ ਦਰਜ ਕੀਤੀ। ਮਹਿੰਦਰਾ ਕਾਲਜ ਪਟਿਆਲਾ ਦੀ ਟੀਮ ਨੇ ਪਹਿਲਾਂ ਮੈਚ ਖੇਡਦੇ ਹੋਏ 172 ਸਕੋਰ ਬਣਾਏ, ਜਿਸ ਦੇ ਜਵਾਬ ਵਿੱਚ ਪੀ.ਐੱਮ.ਐੱਲ. ਕਾਲਜ ਰਾਜਪੁਰਾ ਦੀ ਟੀਮ ਕੇਵਲ 106 ਸਕੋਰ ਹੀ ਬਣਾ ਸਕੀ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਖੇਡਾਂ ਵਿਦਿਆਰਥੀਆਂ 'ਚ ਸਵੈ ਅਨੁਸ਼ਾਸਨ, ਸਵੈ ਵਿਸ਼ਵਾਸ ਤੇ ਟੀਮ ਵਰਕ ਆਦਿ ਗੁਣਾਂ ਨੂੰ ਪਾਲਣ 'ਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਡੀਨ ਸਪੋਰਟਸ ਡਾ. ਦਵਿੰਦਰ ਸਿੰਘ ਨੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ 'ਚ ਖੇਡਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਇਸ ਮੌਕੇ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ, ਯੂਨੀਵਰਸਿਟੀ ਕੋਚ ਸ੍ਰ. ਅਵਤਾਰ ਸਿੰਘ, ਕ੍ਰਿਕਟ ਟੀਮ ਇੰਚਾਰਜ ਪ੍ਰੋ. ਮੁਹੰਮਦ ਅਨਵਰ, ਖੇਡ ਵਿਭਾਗ ਦੇ ਮੁਖੀ ਪ੍ਰੋ. ਹਰਜੀਤ ਕੌਰ, ਕੋਚ ਸ੍ਰ. ਬਹਾਦਰ ਸਿੰਘ ਤੇ ਹੋਰ ਅਧਿਆਪਕ ਸਾਹਿਬਾਨ ਹਾਜ਼ਰ ਸਨ।

# ਤੇਜ਼ ਰਫਤਾਰ ਬੱਸ ਦੇ ਟਰੈਕਟਰ-ਟਰਾਲੀ ਨਾਲ ਟਕਰਾਉਣ ਕਾਰਣ ਕਿਸਾਨ ਦੀ ਮੌਤ



**ਟਾਂਗਰਾ (ਲਾਡੀ ਮੱਲ੍ਹੀ)**-ਇਥੋਂ ਨਜ਼ਦੀਕੀ ਪਿੰਡ ਚੌਹਾਨ ਜੀਟੀ ਰੋਡ 'ਤੇ ਪੀਆਰਟੀਸੀ ਦੀ ਤੇਜ਼ ਰਫਤਾਰ ਬੱਸ ਦੇ ਟਰੈਕਟਰ-ਟਰਾਲੀ ਦੇ ਪਿਛਲੇ ਪਾਸਿਉਂ ਟਕਰਾਉਣ ਕਾਰਨ ਇਕ ਕਿਸਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮੌਕੇ ਤੋਂ ਪ੍ਰਾਪਤ ਕੀਤੀ ਜਾਣਕਾਰੀ ਮੁਤਾਬਿਕ ਅੱਜ ਸਵੇਰੇ ਚਾਰ ਵਜੇ ਇਕ ਕਿਸਾਨ ਕਾਬਲ ਸਿੰਘ ਪੁੱਤਰ ਵੀਰ ਸਿੰਘ ਵਾਸੀ ਪਿੰਡ ਜੱਬੋਵਾਲ ਸੋਨਾਲੀਕਾ ਟਰੈਕਟਰ ਟਰਾਲੀ ਝੋਨੇ ਦੀ ਭਰੀ ਹੋਈ ਲੈ ਕੇ ਮੰਡੀ ਵੇਚਣ ਲਈ ਅੰਮ੍ਰਿਤਸਰ ਵਾਲੇ ਪਾਸੇ ਨੂੰ ਜਾ ਰਿਹਾ ਸੀ ਜਿਸਨੂੰ ਤੇਜ਼ ਰਫਤਾਰ ਬੱਸ ਨੰਬਰ ਪੀਬੀ 10 ਜੇ ਬੀ 5155 ਪੀਆਰਟੀਸੀ ਨੇ ਟੱਕਰ ਮਾਰ ਦਿੱਤੀ ਜਿਸ ਕਾਰਣ ਟਰੈਕਟਰ ਬਹੁਤ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਕਾਬਲ ਸਿੰਘ ਸੜਕ 'ਤੇ ਖੱਬੇ ਪਾਸੇ ਜਾ ਡਿੱਗਿਆ। ਬੱਸ ਦੇ ਡਰਾਈਵਰ ਨੇ ਬੱਸ ਨੂੰ ਰੋਕਣ ਦੀ ਥਾਂ ਖੱਬੇ ਪਾਸੇ ਵੱਲੋਂ ਲੰਘਾ ਕੇ ਭਜਾਉਣ ਦੀ ਕੋਸ਼ਿਸ਼ ਕਰਦਿਆਂ ਜ਼ਖ਼ਮੀ ਕਿਸਾਨ ਉਪਰੋਂ ਟਾਇਰ ਲੰਘਾ ਦਿੱਤਾ ਜਿਸ ਕਾਰਣ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਡਰਾਈਵਰ ਥੋੜ੍ਹੀ ਦੂਰ ਜਾ ਕੇ ਬੱਸ ਜੀਟੀ ਰੋਡ 'ਤੇ ਖੜ੍ਹੀ ਕਰ ਕੇ ਉਥੋਂ ਖਿਸਕ ਗਿਆ। ਪਤਾ ਲੱਗਣ 'ਤੇ ਮ੍ਰਿਤਕ ਕਾਬਲ ਸਿੰਘ ਦੇ ਵਾਰਸ ਅਤੇ ਆਸ-ਪਾਸ ਦੇ ਲੋਕ ਮੌਕੇ 'ਤੇ ਪਹੁੰਚ ਗਏ। ਪੱਤਰਕਾਰ ਨੂੰ ਜਾਣਕਾਰੀ ਦਿੰਦਿਆਂ ਗੁਰਭੇਜ ਸਿੰਘ, ਦਿਲਬਾਗ ਸਿੰਘ, ਜਸਪਾਲ ਸਿੰਘ, ਰਣਜੀਤ ਸਿੰਘ, ਇੰਦਰਜੀਤ ਸਿੰਘ ਖੇੜਾ, ਟੋਨੀ ਜੱਬੋਵਾਲ ਨੇ ਦੱਸਿਆ ਕਿ ਸਵੇਰੇ ਚਾਰ ਵਜੇ ਹਾਦਸਾ ਹੋਇਆ ਪਰ ਸਵੇਰ ਸੱਤ ਵਜੇ ਤੱਕ ਕੋਈ ਵੀ ਪੁਲਸ ਕਰਮਚਾਰੀ/ਅਧਿਕਾਰੀ ਮੌਕੇ 'ਤੇ ਨਹੀਂ ਪਹੁੰਚਿਆ। ਜੀਟੀ ਰੋਡ ਉਪਰ ਇਕ ਕਿਸਾਨ ਦੇ ਘਾਤਕ ਹਾਦਸੇ ਵਿਚ ਮੌਤ ਹੋਣ ਤੇ ਪੁਲਸ ਪ੍ਰਸ਼ਾਸਨ ਦੀ ਢਿੱਲੀ ਕਾਰਗੁਜ਼ਾਰੀ ਦੀ ਬਹੁਤ ਸਖਤ ਅਲੋਚਨਾ ਕੀਤੀ ਗਈ। ਪੁਲਸ ਕਰਮਚਾਰੀ ਇਕ ਦੂਸਰੇ 'ਤੇ ਜ਼ਿੰਮੇਵਾਰੀ ਸੁੱਟਦੇ ਰਹੇ। ਪੁਲਸ ਚੌਕੀ ਟਾਂਗਰਾ ਇਕ ਕਿਲੋਮੀਟਰ ਦੀ ਵਿੱਥ 'ਤੇ ਹੈ। ਉਨ੍ਹਾਂ ਇਹ ਕਹਿ ਕੇ ਪੱਲਾ ਝਾੜ ਛੱਡਿਆ ਕਿ ਇਹ ਇਲਾਕਾ ਜੰਡਿਆਲਾ ਗੁਰੂ ਥਾਣੇ ਦੀ ਹਦੂਦ ਅੰਦਰ ਪੈਂਦਾ ਹੈ। ਸੱਤ ਵਜੇ ਦੇ ਲੱਗਭਗ ਲੋਕਾਂ ਨੇ ਰੋਸ ਵਜੋਂ ਟਰੈਫਿਕ ਜਾਮ ਕਰ ਦਿੱਤਾ। ਇਸ ਤੋਂ ਬਾਅਦ ਸਾਢੇ ਅੱਠ ਵਜੇ ਦੇ ਲੱਗਭਗ ਪੁਲਸ ਹਰਕਤ ਵਿਚ ਆਈ। ਐੱਸਐੱਚਓ ਲਵਪ੍ਰੀਤ ਸਿੰਘ ਥਾਣਾ ਜੰਡਿਆਲਾ, ਐੱਸਐੱਚਓ ਬਿਕਰਮਜੀਤ ਸਿੰਘ ਥਾਣਾ ਖਿਲਚੀਆਂ ਨੇ ਮੌਕੇ 'ਤੇ ਪਹੁੰਚ ਕੇ ਪ੍ਰਦਰਸ਼ਨਕਾਰੀਆਂ ਨੂੰ ਭਰੋਸਾ ਦਿੱਤਾ ਕਿ ਮ੍ਰਿਤਕ ਕਿਸਾਨ ਦੇ ਵਾਰਸਾਂ ਵੱਲੋਂ ਦਿੱਤੇ ਗਏ ਬਿਆਨਾਂ ਦੇ ਆਧਾਰ 'ਤੇ ਮੁਕੱਦਮਾ ਦਰਜ ਕੀਤਾ ਜਾਵੇਗਾ। ਬੱਸ ਡਰਾਈਵਰ ਨੂੰ ਬਹੁਤ ਜਲਦੀ ਗ੍ਰਿਫਤਾਰ ਕਰਕੇ ਅਗਲੇਰੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

## ਦਵਿੰਦਰ ਸਿੰਘ ਡੈਮ ਕਾਂਗਰਸ ਦੇ ਅਜਨਾਲਾ ਸ਼ਹਿਰੀ ਦੇ ਪ੍ਰਧਾਨ ਥਾਪੇ



ਅਜਨਾਲਾ, 6 ਅਕਤੂਬਰ (ਸੁਖਤਿੰਦਰ ਸਿੰਘ ਰਾਜੂ)-ਵਿਧਾਨ ਸਭਾ ਹਲਕਾ ਅਜਨਾਲਾ ਦੇ ਸਾਬਕਾ ਵਿਧਾਇਕ ਤੇ ਕਾਂਗਰਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਅਜਨਾਲਾ ਵੱਲੋਂ ਕਾਂਗਰਸ ਹਾਈਕਮਾਂਡ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਸਲਾਹ-ਮਸ਼ਵਰਾ ਕਰਨ ਉਪਰੰਤ ਕਾਂਗਰਸ ਦੇ ਵਫਾਦਾਰ ਸਿਪਾਹਸਲਾਰ ਤੇ ਨਗਰ ਪੰਚਾਇਤ ਅਜਨਾਲਾ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਦਵਿੰਦਰ ਸਿੰਘ ਡੈਮ ਨੂੰ ਉਨ੍ਹਾਂ ਦੀਆਂ ਪਾਰਟੀ ਪ੍ਰਤੀ ਨਿਸ਼ਕਾਮ ਸੇਵਾਵਾਂ ਨਾਤੇ ਕਾਂਗਰਸ ਦਾ ਅਜਨਾਲਾ ਸ਼ਹਿਰੀ ਦਾ ਪ੍ਰਧਾਨ ਥਾਪਿਆ ਗਿਆ। ਇਸ ਸੰਬਧੀ ਅਜਨਾਲਾ ਸਹਿਰੀ ਕਾਂਗਰਸ ਦੇ ਨਵ-ਨਿਯੁਕਤ ਪ੍ਰਧਾਨ ਦਵਿੰਦਰ ਸਿੰਘ ਡੈਮ ਨੇ ਸਮੁੱਚੀ ਪਾਰਟੀ ਕਮਾਂਡ ਸਣੇ ਸਾਬਕਾ ਵਿਧਾਇਕ ਤੇ ਕਾਂਗਰਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਤੇ ਜ਼ਿਲ੍ਹਾ ਮੀਤ ਕੰਵਰਪ੍ਰਤਾਪ ਸਿੰਘ ਅਜਨਾਲਾ ਦਾ ਵਿਸੇਸ ਤੌਰ ਤੇ ਧੰਨਵਾਦ ਕਰਦਿਆਂ ਕਿਹਾ ਉਹ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਂਦੇ ਹੋਏ ਕਾਂਗਰਸ ਹਾਈ ਕਮਾਂਡ ਦੇ ਦਿਸ਼ਾ-ਨਿਰਦੇਸ਼ਾਂ ਤੇ ਲੋਕ ਹਿਤੈਸ਼ੀ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਸਦਾ ਵਚਨਬੱਧ ਰਹਿਣਗੇ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਤੇ ਸਰਪੰਚ ਬਲਦੇਵ ਸਿੰਘ ਭੋਏਵਾਲੀ, ਕੋਆਪ੍ਰੇਟਿਵ ਸੋਸਾਇਟੀਜ਼ ਦੇ ਸਾਬਕਾ ਪ੍ਰਧਾਨ ਪ੍ਰਦੁਮਣ ਸਿੰਘ ਭੱਖਾ, ਮਾਰਕੀਟ ਕਮੇਟੀ ਦੇ ਸਾਬਕਾ ਪ੍ਰਧਾਨ ਦਿਲਬਾਗ ਸਿੰਘ ਫਿਰਵਰਿਆਂ, ਚੇਅਰਮੈਨ ਹਰਪਾਲ ਸਿੰਘ ਖਾਨੋਵਾਲ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਤੇ ਸਰਪੰਚ ਪ੍ਰਸ਼ੋਤਮ ਸਿੰਘ ਬਾਠ, ਸਰਪੰਚ ਸੁਖਪਾਲ ਸਿੰਘ, ਸੁੱਖ ਕੰਦੋਵਾਲੀ, ਅਮਰਬੀਰ ਸਿੰਘ ਬੱਲ, ਪ੍ਰਭ ਭੱਖਾ ਆਦਿ ਮੌਜੂਦ ਸਨ।

# ਪਾਰਟੀ ਵੱਲੋਂ ਦਿੱਤੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਵਾਂਗਾ : ਚੇਅਰਮੈਨ ਬਾਠ



**ਕਲਾਨੌਰ (ਮਨਦੀਪ ਕੁਮਾਰ ਕੋਹਲੀ)**-ਆਮ ਆਦਮੀ ਪਾਰਟੀ ਵੱਲੋਂ ਪਾਰਟੀ ਲਈ ਤਨੋਂ, ਮਨੋਂ, ਸੇਵਾ ਕਰਕੇ ਪਾਰਟੀ ਨੂੰ ਬੁਲੰਦੀਆਂ ਤੇ ਪਹੁੰਚਾਉਣ ਵਾਲੇ ਅਗਾਂਹਵਧੂ ਵਰਕਰਾਂ ਨੂੰ ਉਨ੍ਹਾਂ ਦਾ ਬਣਦਾ ਮਾਣ ਸਤਿਕਾਰ ਦਿੱਤਾ ਜਾ ਰਿਹਾ ਹੈ ਅਤੇ ਹੁਣ ਪਾਰਟੀ ਵੱਲੋਂ ਮਾਰਕੀਟ ਕਮੇਟੀਆਂ ਦੀਆਂ ਚੇਅਰਮੈਨੀਆਂ ਵੀ ਪਾਰਟੀ ਲਈ ਕੰਮ ਕਰਨ ਵਾਲੇ ਵਰਕਰਾਂ ਨੂੰ ਹੀ ਦਿੱਤੀਆਂ ਗਈਆਂ ਹਨ। ਬੀਤੇ ਕੁਝ ਦਿਨ ਪਹਿਲਾਂ ਮਾਰਕੀਟ ਕਮੇਟੀ ਡੇਰਾ ਬਾਬਾ ਨਾਨਕ ਵਿੱਚ ਕਲਾਨੌਰ ਦੇ ਜੰਮਪਲ ਜਗਜੀਤ ਸਿੰਘ ਕਾਹਲੋਂ ਨੂੰ ਚੇਅਰਮੈਨ ਦਾ ਤਾਜ ਸੌਂਪਿਆ ਗਿਆ ਸੀ ਅਤੇ ਅੱਜ ਮਾਰਕੀਟ ਕਮੇਟੀ ਕਲਾਨੌਰ ਦਾ ਤਾਜ ਰਣਜੇਤ ਸਿੰਘ ਬਾਠ ਦੇ ਸਿਰ ਸਜਾਇਆ ਗਿਆ। ਚੇਅਰਮੈਨ ਰਣਜੇਤ ਸਿੰਘ ਬਾਠ ਦੇ ਮਾਰਕੀਟ ਕਮੇਟੀ ਕਲਾਨੌਰ ਦੇ ਸਾਹਮਣੇ ਦਾਣਾ ਮੰਡੀ ਵਿੱਚ ਰੱਖੇ ਤਾਜਪੋਸ਼ੀ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਹਲਕਾ ਬਟਾਲਾ ਦੇ ਐੱਮਐੱਲਏ ਅਮਨਸ਼ੇਰ ਸਿੰਘ ਕਲਸੀ ਪਹੁੰਚੇ। ਉਨ੍ਹਾਂ ਦੇ ਨਾਲ ਹਲਕਾ ਫਤਿਹਗੜ੍ਹ ਚੂੜੀਆਂ ਤੋਂ ਬਲਬੀਰ ਸਿੰਘ ਪੰਨੂ ਚੇਅਰਮੈਨ ਪਨਸਪ ਪੰਜਾਬ ਅਤੇ ਗੁਰਦਾਸਪੁਰ ਤੋਂ ਲੋਕ ਸਭਾ ਇੰਚਾਰਜ ਅਤੇ ਚੇਅਰਮੈਨ ਰਾਜੀਵ ਸ਼ਰਮਾ ਵੀ ਪਹੁੰਚੇ। ਇਨ੍ਹਾਂ ਦੇ ਨਾਲ ਆਮ ਆਦਮੀ ਪਾਰਟੀ ਦੇ ਡੇਰਾ ਬਾਬਾ ਨਾਨਕ ਤੋਂ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਵੀ ਮੌਜੂਦ ਸਨ। ਇਸ ਮੌਕੇ ਸੰਬੋਧਨ ਕਰਦਿਆਂ ਐੱਮਐੱਲਏ ਅਮਨਸ਼ੇਰ ਸਿੰਘ ਕਲਸੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਤੋਂ ਹਰ ਵਰਗ ਖੁਸ਼ ਹੈ ਕਿਉਂਕਿ ਆਮ ਆਦਮੀ ਪਾਰਟੀ ਕਹਿਣੀ ਅਤੇ ਕਥਨੀ ਤੇ ਹੁਣ ਤੱਕ ਖਰੀ ਉਤਰੀ ਹੈ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਉਤਰੇਗੀ। ਨਵ-ਨਿਯੁਕਤ ਚੇਅਰਮੈਨ ਰਣਜੇਤ ਸਿੰਘ ਬਾਠ ਨੂੰ ਉਨ੍ਹਾਂ ਦੀ ਸੀਟ 'ਤੇ ਬਿਠਾਉਣ ਮੌਕੇ ਬਾਬਾ ਸ਼ਿਵ, ਐੱਮਐੱਲਏ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਬਲਬੀਰ ਸਿੰਘ ਪੰਨੂ ਚੇਅਰਮੈਨ ਪਨਸਪ, ਰਜੀਵ ਸ਼ਰਮਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਗੁਰਦਾਸਪੁਰ, ਗੁਰਦੀਪ ਸਿੰਘ ਰੰਧਾਵਾ, ਕਸ਼ਮੀਰ ਸਿੰਘ ਵਾਹਲਾ, ਜਗਜੀਤ ਸਿੰਘ ਕਾਹਲੋਂ ਚੇਅਰਮੈਨ ਮਾਰਕੀਟ ਕਮੇਟੀ ਡੇਰਾ ਬਾਬਾ ਨਾਨਕ, ਚੰਨਣ ਸਿੰਘ ਖਾਲਸਾ ਆਦਿ ਨੇ ਚੇਅਰਮੈਨ ਬਾਠ ਦਾ ਮੂੰਹ ਮਿੱਠਾ ਕਰਵਾਇਆ। ਅਹੁਦਾ ਸੰਭਾਲਣ ਉਪਰੰਤ ਬਾਠ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਰਾਘਵ ਚੱਢਾ, ਐੱਮਐੱਲਏ ਬਟਾਲਾ ਅਮਨਸ਼ੇਰ ਸਿੰਘ ਸੈਰੀ ਕਲਸੀ ਸਮੇਤ ਆਪ ਦੀ ਸਮੁੱਚੀ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਪਾਰਟੀ ਵੱਲੋਂ ਮੈਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ ਮੈਂ ਉਸ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਵਾਂਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਬੀਰ ਸਿੰਘ ਪੰਨੂ ਚੇਅਰਮੈਨ ਪਨਸਪ ਪੰਜਾਬ, ਰਾਜੀਵ ਸ਼ਰਮਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਗੁਰਦਾਸਪੁਰ, ਗੁਰਦੀਪ ਸਿੰਘ ਰੰਧਾਵਾ ਹਲਕਾ ਇੰਚਾਰਜ ਡੇਰਾ ਬਾਬਾ ਨਾਨਕ, ਜਗਜੀਤ ਸਿੰਘ ਕਾਹਲੋਂ ਚੇਅਰਮੈਨ ਡੇਰਾ ਬਾਬਾ ਨਾਨਕ, ਸਤਨਾਮ ਸਿੰਘ ਹਰੂਵਾਲ, ਚੰਨਣ ਸਿੰਘ ਖਾਲਸਾ, ਅਮਰਜੀਤ ਸਿੰਘ ਉਦੋਵਾਲੀ, ਸਰਬਜੀਤ ਕੌਰ ਮਹਿਲਾ ਵਿੰਗ ਪ੍ਰਧਾਨ, ਕਸ਼ਮੀਰ ਸਿੰਘ ਵਾਹਲਾ, ਨਰੇਸ਼ ਗੋਇਲ, ਨਿਸ਼ਾਨ ਸਿੰਘ ਖੱਦਰ, ਜ਼ੋਰਾਵਰ ਸਿੰਘ, ਹਰਭਜਨ ਸਿੰਘ ਸੰਧੂ ਠੇਕੇਦਾਰ, ਹਰਪ੍ਰੀਤ ਕੌਰ ਸਰਕਲ ਇੰਚਾਰਜ ਸ਼ਿਕਾਰ ਮਾਛੀਆਂ, ਕੁਲਵਿੰਦਰ ਸਿੰਘ ਕਿੰਦਾ, ਗੁਰਪ੍ਰੀਤ ਸਿੰਘ ਗੋਪੀ ਕੋਟ ਮੀਆਂ ਸਾਹਿਬ, ਸਤਿੰਦਰ ਜੀਤ ਸਿੰਘ ਕੋਟ ਮੀਆਂ ਸਾਹਿਬ, ਰਾਜਕੁਮਾਰ, ਧਰਮਪਾਲ ਆਦਿ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਅਹੁਦੇਦਾਰ, ਵਰਕਰ ਅਤੇ ਵਲੰਟੀਅਰ ਹਾਜ਼ਰ ਸਨ।

## ਸ਼ੇਲਿੰਦਰਜੀਤ ਸਿੰਘ ਰਾਜਨ ਤੇ ਦੀਪ ਦਵਿੰਦਰ ਸਿੰਘ ਦਾ ਸਨਮਾਨ ਭਲਕੇ



**ਬਾਬਾ ਬਕਾਲਾ ਸਾਹਿਬ (ਨਿਰਮਲ ਸਿੰਘ ਸੰਘਾ)**-ਪੰਜਾਬੀ ਸਾਹਿਤ ਸਭਾ ਅਤੇ ਸੱਭਿਆਚਾਰਕ ਕੇਂਦਰ ਤਰਨ ਤਾਰਨ ਵੱਲੋਂ ਇਕ ਸਨਮਾਨ ਸਮਾਗਮ ਮਿਤੀ 8 ਅਕਤੂਬਰ 2023, ਦਿਨ ਐਤਵਾਰ ਨੂੰ ਸਵੇਰੇ 10 ਵਜੇ ਭਾਈ ਮੋਹਣ ਸਿੰਘ ਵੈਦ ਲਾਇਬਰੇਰੀ (ਤਰਨ ਤਾਰਨ) ਵਿਖੇ ਕਰਵਾਇਆ ਜਾ ਰਿਹਾ ਹੈ। ਸਭਾ ਦੇ ਸਰਪ੍ਰਸਤ ਸ: ਬਲਬੀਰ ਸਿੰਘ ਭੈਲ, ਪ੍ਰਧਾਨ ਜਸਵਿੰਦਰ ਸਿੰਘ ਢਿੱਲੋਂ, ਜਨਰਲ ਸਕੱਤਰ ਹਰਭਜਨ ਸਿੰਘ ਭੱਗਰੱਥ ਅਤੇ ਸੀਨੀਅਰ ਮੀਤ ਪ੍ਰਧਾਨ ਬਲਬੀਰ ਸਿੰਘ ਬੇਲੀ ਦੀ ਸੂਚਨਾ ਅਨੁਸਾਰ ਇਸ ਮੌਕੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਬਤੌਰ ਮੀਤ ਪ੍ਰਧਾਨ ਬਣਨ ਅਤੇ ਕਥਾਕਾਰ ਦੀਪ ਦਵਿੰਦਰ ਸਿੰਘ ਨੂੰ ਸਕੱਤਰ ਬਣਨ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਉਪਰੰਤ ਕਵੀ ਦਰਬਾਰ ਹੋਵੇਗਾ। ਉਨ੍ਹਾਂ ਨੇ ਸਮੂਹ ਸਾਹਿਤਕਾਰਾਂ ਨੂੰ ਪੁੱਜਣ ਦੀ ਅਪੀਲ ਕੀਤੀ ਹੈ।

## ਲੁੱਟ-ਖੋਹ ਕਰਨ ਵਾਲੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਦੀਨਾਨਗਰ ਪੁਲਸ ਨੂੰ ਬੀਤੇ ਦਿਨੀਂ ਦਿੱਤੇ ਬਿਆਨਾਂ ਵਿਚ ਵਰਿੰਦਰ ਕੁਮਾਰ ਪੁੱਤਰ ਜਗਦੀਸ਼ ਰਾਜ ਵਾਸੀ ਦੀਨਾਨਗਰ ਨੇ ਦੱਸਿਆ ਕਿ ਮੈਂ 4 ਅਕਤੂਬਰ ਨੂੰ ਆਪਣੀ ਸਵਿਫਟ ਕਾਰ ਨੰਬਰ ਪੀਬੀ 06.ਬੀ.ਬੀ. 3676 'ਤੇ ਸਵਾਰ ਹੋ ਕੇ ਬਜ਼ਾਰ ਤੋਂ ਨਿੱਜੀ ਕੰਮ ਕਰਕੇ ਬਾਈਪਾਸ ਰਸਤੇ ਵਾਪਸ ਆਪਣੇ ਘਰ ਨੂੰ ਜਾ ਰਿਹਾ ਸੀ। ਵਕਤ ਕਰੀਬ ਰਾਤ 9 ਵਜੇ ਜਦ ਉਹ ਰਾਵੀ ਰਿਜ਼ੋਰਟ ਨੇੜੇ ਗੱਡੀ ਸਾਈਡ 'ਤੇ ਲਗਾ ਕੇ ਫੋਨ ਸੁਣ ਰਿਹਾ ਸੀ ਤਾਂ ਸਾਹਮਣੇ ਤੋਂ ਇਕ ਮੋਟਰਸਾਈਕਲ ਆਇਆ ਜਿਸ ਉਪਰ ਨਾਮਲੂਮ ਵਿਅਕਤੀ ਸਵਾਰ ਸਨ ਅਤੇ ਇੱਕ ਵਿਅਕਤੀ ਦੇ ਹੱਥ ਵਿੱਚ ਪਿਸਟਲ ਅਤੇ ਇੱਕ ਵਿਅਕਤੀ ਦੇ ਹੱਥ ਵਿੱਚ ਦਾਤਰ ਸੀ ਜਿਨ੍ਹਾਂ ਨੇ ਮੇਰੇ ਕੋਲ ਆ ਕੇ ਮੈਨੂੰ ਗੱਡੀ ਵਿੱਚੋਂ ਬਾਹਰ ਕੱਢ ਲਿਆ ਅਤੇ ਪਿਸਟਲ ਵਾਲੇ ਵਿਅਕਤੀ ਨੇ ਮੇਰੇ ਉਪਰ ਮਾਰ ਦੇਣ ਦੀ ਨੀਅਤ ਨਾਲ ਫਾਇਰ ਕੀਤਾ। ਮੈਂ ਹੇਠਾਂ ਬੈਠ ਗਿਆ ਅਤੇ ਫਾਇਰ ਉਪਰੋਂ ਦੀ ਲੰਘ ਗਿਆ। ਇਸ ਤੋਂ ਬਾਅਦ ਇਕ ਵਿਅਕਤੀ ਨੇ ਦਾਤਰ ਨਾਲ ਮੇਰੇ 'ਤੇ ਕਈ ਵਾਰ ਕਰਕੇ ਜ਼ਖਮੀ ਕਰ ਦਿੱਤਾ ਅਤੇ ਮੇਰੀ ਜੇਬ ਵਿਚੋਂ ਪਰਸ ਅਤੇ ਮੋਬਾਇਲ ਕੱਢ ਕੇ ਉਹ ਵਿਅਕਤੀ ਮੇਰੀ ਗੱਡੀ ਖੋਹ ਕੇ ਉਸ ਵਿੱਚ ਬੈਠ ਕੇ ਗੱਡੀ ਭਜਾ ਕੇ ਲੈ ਗਏ। ਪੁਲਸ ਨੇ ਉਕਤ ਬਿਆਨਾਂ 'ਤੇ ਕਾਰਵਾਈ ਕਰਦਿਆਂ ਨਾਮਲੂਮ ਵਿਅਕਤੀਆਂ ਖ਼ਿਲਾਫ਼ 307, 379ਬੀ, 34 ਅਤੇ ਆਰਮਜ਼ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਸਥਾਨਕ ਸਰਕਾਰਾਂ ਮੰਤਰੀ ਨੇ ਨਗਰ ਨਿਗਮਾਂ ਦੇ ਵਿਕਾਸ ਕਾਰਜਾਂ ਦੀ ਕੀਤੀ ਸਮੀਖਿਆ

**ਚੰਡੀਗੜ੍ਹ (ਗੁਰਜੀਤ ਬਿੱਲਾ)** ਸਥਾਨਕ ਸਰਕਾਰਾਂ ਮੰਤਰੀ ਬਲਕਾਰ ਸਿੰਘ ਨੇ ਵੱਖ-ਵੱਖ ਸ਼ਹਿਰਾਂ ਦੇ ਨਗਰ ਨਿਗਮ ਕਮਿਸ਼ਨਰਾਂ ਨਾਲ ਮਿਊਂਸੀਪਲ ਭਵਨ ਸੈਕਟਰ-35 ਚੰਡੀਗੜ੍ਹ ਵਿਖੇ ਸਮੀਖਿਆ ਮੀਟਿੰਗ ਕਰਦਿਆਂ ਅਧਿਕਾਰੀਆਂ ਨੂੰ ਵਿਕਾਸ ਕਾਰਜਾਂ 'ਚ ਤੇਜ਼ੀ ਅਤੇ ਗੁਣਵੱਤਾ ਲਿਆਉਣ ਦੇ ਨਿਰਦੇਸ਼ ਦਿੱਤੇ ਗਏ। ਮੀਟਿੰਗ ਦੌਰਾਨ ਬਲਕਾਰ ਸਿੰਘ ਨੇ ਨਗਰ ਨਿਗਮ ਕਮਿਸ਼ਨਰ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਪਟਿਆਲਾ, ਫਗਵਾੜਾ ਅਤੇ ਮੋਹਾਲੀ ਨਾਲ ਵੱਖ-ਵੱਖ ਵਿਸ਼ਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਉਨ੍ਹਾਂ ਸਮਾਰਟ ਸਿਟੀਜ ਮਿਸ਼ਨ ਲਈ ਕਮਿਸ਼ਨਰ ਨਗਰ ਨਿਗਮ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਪਾਸੋਂ ਵਿਸਥਾਰ ਪੂਰਵਕ ਜਾਣਕਾਰੀ ਲਈ। ਇਸੇ ਤਰ੍ਹਾਂ ਅਮਰੁਤ-247 ਵਾਟਰ ਸਪਲਾਈ ਅਤੇ ਟ੍ਰੀਟਿਡ ਵੇਸਟ ਵਾਟਰ ਦੀ ਮੁੜ ਵਰਤੋਂ ਤੋਂ ਇਲਾਵਾ ਸਵੱਛ ਭਾਰਤ ਮਿਸ਼ਨ- ਸੀ.ਬੀ.ਜੀ. ਬਾਇਓ ਮਿਥੀਨੇਸ਼ਨ ਪਲਾਂਟਾਂ, ਸੀ ਐਂਡ ਡੀ ਵੇਸਟ ਮੈਨੇਜਮੈਂਟ ਪਲਾਂਟ, ਵਿਰਾਸਤੀ ਰਹਿੰਦ-ਖੂੰਹਦ ਦੇ ਇਲਾਜ ਦੀ ਪ੍ਰਗਤੀ ਅਤੇ ਸਵੱਛ ਭਾਰਤ ਮਿਸ਼ਨ 1.0 ਅਤੇ ਸਵੱਛ ਭਾਰਤ ਮਿਸ਼ਨ 2.0 ਦੀ ਵਿੱਤੀ ਸਥਿਤੀ ਆਦਿ ਦੀ ਸਮੀਖਿਆ ਕਰਦਿਆਂ ਅਧਿਕਾਰੀਆਂ ਨੂੰ ਕਿਹਾ ਜਿਨ੍ਹਾਂ ਮੱਦਾਂ ਅਧੀਨ ਫੰਡਜ਼ ਬਕਾਇਆ ਹਨ ਉਹਨਾਂ ਫ਼ੰਡਜ਼ ਨੂੰ ਦਿੱਤੀਆਂ ਗਈਆਂ ਗਾਈਡਲਾਈਨਜ਼ ਅਨੁਸਾਰ ਲੋਕਾਂ ਦੀ ਭਲਾਈ ਲਈ ਵਿਕਾਸ ਕਾਰਜਾਂ 'ਚ ਵਰਤਿਆ ਜਾਵੇ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਵਿਭਿੰਨ ਖੇਤਰਾਂ ਵਿੱਚ ਚੱਲ ਰਹੇ ਪ੍ਰੋਜੈਕਟਾਂ ਵਿੱਚ ਤੇਜੀ ਲਿਆਉਣ, ਪਾਰਦਰਸ਼ਤਾ ਅਤੇ ਜਵਾਬਦੇਹੀ ਵਧਾਉਣ ਅਤੇ ਸਰੋਤਾਂ ਦੀ ਸਰਵੋਤਮ ਵਰਤੋਂ ਨੂੰ ਯਕੀਨੀ ਬਣਾਉਣ ਦੇ ਮਹੱਤਵ 'ਤੇ ਜ਼ੋਰ ਦਿੱਤਾ।

## ਡਾ. ਜਸਵੰਤ ਰਾਏ ਨੇ ਬਤੌਰ ਮੁੱਖ ਖੇਤੀਬਾੜੀ ਅਫ਼ਸਰ ਅਹੁਦਾ ਸੰਭਾਲਿਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਡਾ. ਜਸਵੰਤ ਰਾਏ ਵੱਲੋਂ ਮੁੱਖ ਖੇਤੀਬਾੜੀ ਅਫ਼ਸਰ ਹੁਸ਼ਿਆਰਪੁਰ ਦੀ ਖਾਲੀ ਹੋਈ ਅਸਾਮੀ ਦਾ ਚਾਰਜ ਸੰਭਾਲ ਲਿਆ ਗਿਆ। ਇਹ ਅਹੁਦਾ ਪਹਿਲੇ ਮੁੱਖ ਖੇਤੀਬਾੜੀ ਅਫ਼ਸਰ ਦੀ ਪਦਉੱਨਤੀ ਹੋਣ ਕਰਕੇ ਖਾਲੀ ਹੋਇਆ ਸੀ। ਅਹੁਦਾ ਸੰਭਾਲਣ ਤੋਂ ਬਾਅਦ ਡਾ. ਜਸਵੰਤ ਰਾਏ ਨੇ ਦੱਸਿਆ ਕਿ ਉਨ੍ਹਾਂ ਦੀ ਪਹਿਲੀ ਤਰਜੀਹ ਕਿਸਾਨਾਂ ਨੂੰ ਵਧੀਆ ਕੁਆਲਟੀ ਦੇ ਬੀਜ, ਕੀੜੇਮਾਰ ਦਵਾਈਆਂ ਅਤੇ ਖ਼ਾਦਾਂ ਦੀ ਸਪਲਾਈ ਯਕੀਨੀ ਬਣਾਉਣਾ ਹੋਵੇਗੀ। ਉਨ੍ਹਾਂ ਹੁਸ਼ਿਆਰਪੁਰ ਦੇ ਸਮੂਹ ਸਟਾਫ ਨੂੰ ਹਦਾਇਤ ਕੀਤੀ ਕਿ ਕਿਸਾਨਾਂ ਦੀਆਂ ਮੁਸ਼ਕਲਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣ ਅਤੇ ਹਰ ਕੰਮ ਵਿਚ ਪਾਰਦਰਸ਼ਤਾ ਯਕੀਨੀ ਬਣਾਈ ਜਾਵੇ। ਇਸ ਤੋਂ ਪਹਿਲਾਂ ਡਾ. ਜਸਵੰਤ ਰਾਏ ਬਤੌਰ ਮੁੱਖ ਖੇਤੀਬਾੜੀ ਅਫ਼ਸਰ ਜਲੰਧਰ ਸੇਵਾ ਨਿਭਾਅ ਰਹੇ ਸਨ। ਉਨ੍ਹਾਂ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਵਾਤਾਵਰਨ ਅਤੇ ਮਿੱਟੀ ਦੀ ਸੰਭਾਲ ਲਈ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ, ਬਲਕਿ ਇਸ ਦਾ ਖੇਤਾਂ 'ਚ ਹੀ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਖੇਤਾਂ ਵਿੱਚ ਪਰਾਲੀ ਦਾ ਪ੍ਰਬੰਧ ਕਰਨ ਨਾਲ ਮਿੱਟੀ ਦੇ ਖ਼ੁਰਾਕੀ ਤੱਤ ਅਤੇ ਜੀਵ-ਜੰਤੂਆਂ ਦੀ ਸੰਭਾਲ ਹੁੰਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਹਾੜ੍ਹੀ ਸੀਜ਼ਨ ਦੌਰਾਨ ਕਿਸਾਨਾਂ ਨੂੰ ਕਣਕ ਦਾ ਬੀਜ ਵਿਭਾਗ ਵੱਲੋਂ ਸਬਸਿਡੀ 'ਤੇ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਬਸਿਡੀ 'ਤੇ ਬੀਜ ਪਾਪਤ ਕਰਨ ਲਈ ਚਾਹਵਾਨ ਕਿਸਾਨ ਵਿਭਾਗ ਦੇ ਪੋਰਟਲ 'ਤੇ 30 ਅਕਤੂਬਰ ਤੱਕ ਅਪਲਾਈ ਕਰ ਸਕਦੇ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਖੇਤੀਬਾੜੀ ਨਾਲ ਸਬੰਧਤ ਕਿਸੇ ਵੀ ਸਮੱਸਿਆ ਦੇ ਹੱਲ ਲਈ ਬਲਾਕ ਖੇਤੀਬਾੜੀ ਅਫ਼ਸਰਾਂ ਨਾਲ ਰਾਬਤਾ ਕਾਇਮ ਕੀਤਾ ਜਾਵੇ।

# 14 ਨੂੰ ਪੈਨਸ਼ਨਰ ਚੰਡੀਗੜ੍ਹ ਵੱਲ ਮਾਰਚ ਕਰਨਗੇ : ਅਜੀਤ ਫਤਿਹਚੱਕ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਪੈਨਸ਼ਨਰ ਐਂਡ ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਤਰਨ ਤਾਰਨ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਅਜੀਤ ਸਿੰਘ ਫਤਹਿਚੱਕ ਦੀ ਪ੍ਰਧਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਰਵਣ ਸਿੰਘ ਰਸੂਲਪੁਰ ਨੇ ਦੱਸਿਆ ਕਿ ਪੰਜਾਬ ਸਰਕਾਰ ਪੈਨਸ਼ਨਰਾਂ ਦੇ ਹੱਕ ਵਿੱਚ ਹੋਏ ਫੈਸਲੇ ਲਾਗੂ ਨਹੀਂ ਕਰ ਰਹੀ। 259 ਦਾ ਗੁਣਾਂਕ ਅਤੇ ਪੇ-ਕਮਿਸ਼ਨ ਦਾ ਬਕਾਇਆ ਦੇਣ ਵਿਚ ਦੇਰੀ ਕਰ ਰਹੀ ਹੈ। ਪੈਨਸ਼ਨਰ ਪ੍ਰੇਸ਼ਾਨ ਅਤੇ ਖੱਜਲ-ਖੁਆਰ ਹੋ ਰਹੇ ਹਨ। ਬਲਦੇਵ ਸਿੰਘ ਕੱਲਾ ਅਤੇ ਸ਼ਮੀਰ ਲਾਲਪੁਰਾ ਨੇ ਕੁਝ ਬੈਂਕਾਂ ਵੱਲੋਂ 6% ਬਕਾਇਆ ਅਜੇ ਤੱਕ ਨਾ ਪਾਏ ਜਾਣ 'ਤੇ ਰੋਸ ਦਾ ਮੁਜ਼ਾਹਰਾ ਕੀਤਾ ਅਤੇ ਨਾਲ ਹੀ ਇਸ ਗੱਲ ਦੀ ਨਿਖੇਧੀ ਕੀਤੀ ਕਿ ਪਹਿਲੀ ਜਨਵਰੀ 16 ਤੋਂ ਪਹਿਲਾਂ ਜੋ ਪੈਨਸ਼ਨਰ ਨੌਕਰੀ ਵਿਚ ਸਨ ਉਨ੍ਹਾਂ ਦਾ ਡੀਡੀਏ ਬਕਾਇਆ ਨਹੀਂ ਦੇ ਰਹੇ। ਕੁਲਵੰਤ ਸਿੰਘ ਢੋਟੀਆਂ ਨੇ ਚੰਡੀਗੜ੍ਹ ਮੁਜ਼ਾਹਰੇ ਵਾਸਤੇ ਵੱਧ ਤੋਂ ਵੱਧ ਪੈਨਸ਼ਨਰਾਂ ਨੂੰ ਜਾਣ ਦੀ ਅਪੀਲ ਕੀਤੀ। ਕਿਰਪਾਲ ਸਿੰਘ ਅਤੇ ਸਵਰਨ ਸਿੰਘ ਗੋਇੰਦਵਾਲ ਨੇ ਕੈਸ਼ਲੈਸ ਸਕੀਮ ਚਾਲੂ ਕਰਨ ਦੀ ਮੰਗ ਕੀਤੀ। ਸੂਬਾ ਕਮੇਟੀ ਮੈਂਬਰ ਜਗਤਾਰ ਆਸਲ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀ ਨਿੱਜੀਕਰਨ ਦੀ ਨੀਤੀ ਦਾ ਸਖਤ ਵਿਰੋਧ ਕੀਤਾ ਅਤੇ ਨਾਲ ਹੀ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਵਧੀਆ ਢੰਗ ਨਾਲ ਨਿਭਾਈ। ਹੋਰਨਾਂ ਤੋਂ ਇਲਾਵਾ ਧਰਮ ਸਿੰਘ, ਮਨਜੀਤ ਸਿੰਘ ਖਡੂਰ ਸਹਿਬ, ਧਰਮ ਸਿੰਘ ਵਲਟੋਹਾ, ਗੋਪਾਲ ਸਿੰਘ ਪੱਟੀ, ਅਜੀਤ ਸਿੰਘ ਲਹੁਕਾ, ਅਮਰ ਸਿੰਘ ਪੱਟੀ, ਜੱਸਾ ਸਿੰਘ ਪੱਟੀ, ਬਖਸ਼ੀਸ਼ ਸਿੰਘ ਜਵੰਦਾ, ਹਰਸੁਖਦੇਵ ਸਿੰਘ ਅਤੇ ਕੁਲਦੀਪ ਭਾਰਤੀ ਅਦਿ ਸਾਥੀਆਂ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। 100 ਤੋਂ ਉਪਰ ਪੈਨਸ਼ਨਰਾਂ ਨੇ ਮੀਟਿੰਗ ਵਿੱਚ ਹਿੱਸਾ ਲਿਆ। ਜ਼ਿਲ੍ਹਾ ਪ੍ਰਧਾਨ ਅਜੀਤ ਸਿੰਘ ਅਤੇ ਲਾਲਪੁਰਾ ਨੇ ਆਏ ਪੈਨਸ਼ਨਰਾਂ ਦਾ ਧੰਨਵਾਦ ਕੀਤਾ।

## ਕੰਧਾਲਾ ਜੱਟਾਂ 'ਚ ਦਿਨ ਦਿਹਾੜੇ ਚੋਰੀ

**ਅੱਡਾ ਸਰਾਂ , (ਜਸਵੀਰ ਕਾਜਲ)**- ਪਿੰਡ ਕੰਧਾਲਾ ਜੱਟਾਂ ਦੇ ਘਰ ਨੂੰ ਬੀਤੇ ਦਿਨੀ ਦਿਨ ਦਿਹਾੜੇ ਨਿਸ਼ਾਨਾ ਬਣਾਉਂਦੇ ਹੋਏ ਚੋਰੀ ਦੀ ਵਾਰਦਾਤ ਕਰਨ ਵਾਲੇ ਅਣਪਛਾਤੇ ਚੋਰਾਂ ਦੇ ਖਿਲਾਫ ਟਾਂਡਾ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਮਾਮਲਾ ਮਨਪ੍ਰੀਤ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਕੰਧਾਲਾ ਜੱਟਾਂ ਦੇ ਬਿਆਨ ਦੇ ਅਧਾਰ 'ਤੇ ਦਰਜ ਕੀਤਾ ਹੈ। ਆਪਣੇ ਬਿਆਨ ਵਿੱਚ ਮਨਪ੍ਰੀਤ ਨੇ ਦੱਸਿਆ ਕਿ ਉਹ ਕੰਪਿਊਟਰ ਰਿਪੇਅਰ ਦਾ ਕੰਮ ਕਰਦਾ ਹੈ ਜਦੋਂ 5 ਅਕਤੂਬਰ ਨੂੰ ਉਹ ਆਪਣੇ ਕੰਮ 'ਤੇ ਗਿਆ ਸੀ ਤਾਂ ਪਿੱਛੋਂ ਚੋਰੀ ਹੋ ਗਈ।

ਜਦੋਂ ਉਹ ਦੁਪਹਿਰ 1 .30 ਵਜੇ ਦੇ ਕਰੀਬ ਘਰ ਵਾਪਸ ਪਰਤਿਆ ਤਾਂ ਗੇਟ ਅਤੇ ਗਰਿੱਲ ਦੇ ਜਿੰਦਰੇ ਟੁੱਟੇ ਹੋਏ ਸਨ ਅਤੇ ਅਲਮਾਰੀ 'ਚੋਂ ਸਮਾਨ ਬਾਹਰ ਖਿਲਾਰਿਆ ਪਿਆ ਸੀ।

ਉਸਨੇ ਦੱਸਿਆ ਕਿ ਅਣਪਛਾਤੇ ਚੋਰ ਅਲਮਾਰੀ ਵਿੱਚ ਪਏ ਢਾਈ ਲੱਖ ਰੁਪਏ, ਲਗਭਗ 6 ਤੋਲੇ ਸੋਨੇ ਦੇ ਗਹਿਣੇ ਚੋਰੀ ਕਰਕੇ ਲੈ ਗਏ ਹਨ।

## ਪਰਾਲੀ ਦੇ ਸੁਚੱਜੇ ਪ੍ਰਬੰਧਨ ਸਬੰਧੀ ਪ੍ਰੋਗਰਾਮ ਆਯੋਜਿਤ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਝੋਨੇ ਦੀ ਪਰਾਲੀ ਪ੍ਰਬੰਧਨ ਸਬੰਧੀ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਸਕੂਲ ਦੇ ਪ੍ਰਿੰਸੀਪਲ ਸੁਨੀਤਾ ਕੌਸ਼ਲ ਦੀ ਅਗਵਾਈ ਵਿੱਚ ਖੇਤੀ ਵਿਭਾਗ ਦੇ ਸਹਿਯੋਗ ਨਾਲ ਕੀਤਾ ਗਿਆ ਜਿਸ ਵਿੱਚ ਡਾ. ਜੋਬਨਜੀਤ ਸਿੰਘ ਏਡੀਓ ਕਾਦੀਆਂ ਵੱਲੋਂ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਬੁਰੇ ਪ੍ਰਭਾਵਾਂ ਬਾਰੇ ਦੱਸਿਆ ਗਿਆ ਅਤੇ ਇਸ ਸੰਬੰਧ ਵਿੱਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਜਾਗਰੂਕ ਕਰਨ ਦੇ ਲਈ ਨੁੱਕੜ ਨਾਟਕ ਪੇਸ਼ ਕੀਤੇ ਗਏ। ਸਕੂਲ ਵਿਦਿਆਰਥੀਆਂ ਨੇ ਇਸ ਸੰਬੰਧ ਵਿੱਚ ਚਿੱਤਰ ਪ੍ਰਦਰਸ਼ਨੀ ਵੀ ਲਾਈ ਵਿਦਿਆਰਥੀਆਂ ਦੇ ਪੇਂਟਿੰਗ, ਕਵਿਤਾ, ਭਾਸ਼ਣ ਮੁਕਾਬਲੇ ਕਰਵਾਏ ਗਏ ਅਤੇ ਇਸ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਵੰਡੇ ਗਏ। ਆਏ ਹੋਏ ਕਿਸਾਨਾਂ ਨੇ ਇਸ ਪ੍ਰੋਗਰਾਮ ਦੀ ਕਾਫੀ ਸ਼ਲਾਘਾ ਕੀਤੀ ਅਤੇ ਪਰਾਲੀ ਨਾ ਸਾੜਨ ਦਾ ਪ੍ਰਣ ਲਿਆ। ਪ੍ਰੋਗਰਾਮ ਦੌਰਾਨ ਮਨਪ੍ਰੀਤ ਸਿੰਘ ਏਈਓ ਹਰਚੋਵਾਲ, ਤਜਿੰਦਰ ਸਿੰਘ ਬੀਟੀਐੱਮ ਆਤਮਾ ਵਿੰਗ, ਸੁਖਦੀਪ ਸਿੰਘ ਸਿੰਘ ਏਐੱਸਆਈ ਕਾਦੀਆਂ, ਅਰਵਿੰਦਰ ਸਿੰਘ ਅਤੇ ਨਿਰਵੈਰ ਸਿੰਘ ਨੇ ਵੀ ਭਾਗ ਲਿਆ। ਇਸ ਮੌਕੇ ਸੰਚਾਲਕ ਰਾਜਪ੍ਰੀਤ ਕੌਰ ਲੈਕਚਰਾਰ ਬਾਇਓਲੋਜੀ ਦੇ ਇਲਾਵਾ ਰਵਿੰਦਰ ਸਿੰਘ, ਪ੍ਰਦੀਪ ਕੁਮਾਰ, ਗੁਰਟੇਕ ਸਿੰਘ ਅਤੇ ਹੋਰ ਸਕੂਲ ਅਧਿਆਪਕਾਂ ਨੇ ਵੀ ਭਾਗ ਲਿਆ।

## ਦਿਵਿਆਂਗ ਵਿਅਕਤੀਆਂ ਨੂੰ ਸਹਾਇਕ ਉਪਕਰਨ ਵੰਡਣ ਲਈ ਕੈਂਪ 10 ਨੂੰ : ਡੀ ਸੀ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ, ਜਸਬੀਰ ਸਿੰਘ ਪੱਟੀ, ਤਰਸੇਮ ਸਿੰਘ ਸਾਧਪੁਰ)**-ਅਲੀਮਕੋ ਦੀ ਸਹਾਇਤਾ ਨਾਲ ਜ਼ਿਲ੍ਹਾ ਪ੍ਰਸ਼ਾਸਨ ਵਲੋਂ 10 ਅਕਤੂਬਰ ਨੂੰ ਸਵੇਰੇ 9:30 ਵਜੇ ਇੰਸਟੀਚਿਊਟ ਆਫ ਟੈਕਸਟਾਈਲ ਟੈਕਨੋਲੋਜੀ ਸਾਹਮਣੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਦਿਵਿਆਂਗ ਵਿਅਕਤੀਆਂ ਨੂੰ ਸਹਾਇਕ ਉਪਰਕਨ ਵੰਡਣ ਲਈ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਦੱਸਿਆ ਕਿ ਇਸ ਕੈਂਪ ਵਿੱਚ ਦਿਵਿਆਂਗ ਵਿਅਕਤੀਆਂ ਨੂੰ 182 ਬੈਟਰੀ ਵਾਲੇ ਟਰਾਈਸਾਈਕਲ, ਦ੍ਰਿਸ਼ਟੀਹੀਨ ਵਿਅਕਤੀਆਂ ਨੂੰ 40 ਸਮਾਰਟ ਛੜੀਆਂ ਤੋਂ ਇਲਾਵਾ ਹੋਰ ਲੋੜਵੰਦ ਵਿਅਕਤੀਆਂ ਨੂੰ ਸਹਾਇਕ ਉਪਕਰਨ ਵੰਡੇ ਜਾਣਗੇ। ਅਸੀਸਇੰਦਰ ਸਿੰਘ ਜ਼ਿਲ੍ਹਾ ਸਮਾਜਿਕ ਸਿੱਖਿਆ ਅਧਿਕਾਰੀ ਨੇ ਦੱਸਿਆ ਕਿ ਅਲੀਮਕੋ ਵਲੋਂ 16 ਅਕਤੂਬਰ ਤੋਂ 22 ਅਕਤੂਬਰ 2023 ਤੱਕ ਵੱਖ-ਵੱਖ ਥਾਵਾਂ 'ਤੇ ਅਸੈਸਮੈਂਟ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ 16 ਅਕਤੂਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਲਬਾਗ, 17 ਅਕਤੂਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਜੀਠਾ, 18 ਅਕਤੂਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਅਜਨਾਲਾ, 19 ਅਕਤੂਬਰ ਨੂੰ ਰਘੂਨਾਥ ਮੰਦਿਰ ਜੰਡਿਆਲਾ ਗੁਰੂ, 20 ਅਕਤੂਬਰ ਨੂੰ ਮਾਤਾ ਗੰਗਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਾਬਾ ਬਕਾਲਾ, 21 ਅਕਤੂਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਟਾਰੀ ਅਤੇ 22 ਅਕਤੂਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਮਦਾਸ ਵਿਖੇ ਅਲੀਮਕੋ ਵੱਲੋਂ ਕੈਂਪ ਲਗਾਏ ਜਾਣਗੇ ਜਿਥੇ ਮਾਹਿਰਾਂ ਵੱਲੋਂ ਹਰੇਕ ਲੋੜਵੰਦ ਵਿਅਕਤੀ ਨੂੰ ਦਿੱਤੀ ਜਾਣ ਵਾਲੇ ਬਨਾਉਟੀ ਅੰਗ ਦਾ ਸਾਈਜ਼ ਲਿਆ ਜਾਵੇਗਾ ਅਤੇ ਫਿਰ ਇਹ ਅੰਗ ਤਿਆਰ ਕਰਕੇ ਉਕਤ ਵਿਅਕਤੀ ਨੂੰ ਦਿੱਤੇ ਜਾਣਗੇ।

## ਹੜ੍ਹ ਪੀੜਤਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ : ਸੰਯੁਕਤ ਕਿਸਾਨ ਮੋਰਚਾ

**ਪਠਾਨਕੋਟ (ਦਵਿੰਦਰ ਸਿੰਘ)**-ਹੜ੍ਹ ਪੀੜਤਾਂ ਦੀਆਂ ਮੰਗਾਂ ਦੇ ਸਬੰਧ ਵਿੱਚ ਸੰਯੁਕਤ ਕਿਸਾਨ ਮੋਰਚੇ ਦਾ ਵਫਦ ਡਿਪਟੀ ਕਮਿਸ਼ਨਰ ਪਠਾਨਕੋਟ ਨੂੰ ਮਿਲਿਆ। ਇਸ ਵਫਦ ਦੀ ਅਗਵਾਈ ਕਿਰਤੀ ਕਿਸਾਨ ਯੂਨੀਅਨ ਵੱਲੋਂ ਪਰਮਜੀਤ ਸਿੰਘ ਰਤਨਗੜ੍ਹ, ਜਮਹੂਰੀ ਕਿਸਾਨ ਸਭਾ ਵੱਲੋਂ ਬਲਵੰਤ ਸਿੰਘ ਘੋਹ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਸਤਿਆਦੇਵ ਸੈਣੀ, ਕੁੱਲ ਹਿੰਦ ਕਿਸਾਨ ਸਭਾ (ਗਰੇਵਾਲ) ਵੱਲੋਂ ਕੇਵਲ ਕਾਲੀਆ ਕਰ ਰਹੇ ਸਨ। ਆਗੂਆਂ ਨੇ ਮੰਗਾਂ ਬਾਰੇ ਬੋਲਦਿਆਂ ਦੱਸਿਆ ਕਿ ਹੜ੍ਹਾਂ ਨਾਲ ਲੋਕਾਂ ਦਾ ਬਹੁਤ ਨੁਕਸਾਨ ਹੋਇਆ, ਫਸਲਾਂ ਬਰਬਾਦ ਹੋ ਗਈਆਂ ਹਨ, ਜਾਨੀ ਨੁਕਸਾਨ ਵੀ ਹੋਇਆ ਅਤੇ ਪਸ਼ੂਆ ਦਾ ਨੁਕਸਾਨ ਹੋਇਆ ਹੈ। ਪ੍ਰੰਤੂ ਨੁਕਸਾਨ ਦਾ ਯੋਗ ਮੁਆਵਜ਼ਾ ਨਹੀਂ ਮਿਲਿਆ। ਜੇਕਰ ਕਿਤੇ ਨਿਗੂਣਾ ਮੁਆਵਜ਼ਾ ਮਿਲਿਆ ਵੀ ਹੈ ਤਾਂ ਉਹ ਵੀ ਕੋਈ ਯਕੀਨੀ ਨਹੀਂ ਹੈ ਕਿ ਉਸਦਾ ਨਾਂ ਲਿਸਟ ਵਿੱਚ ਹੈ ਜਾਂ ਨਹੀਂ। ਇਸ ਲਈ ਅਸੀਂ ਮੰਗ ਕਰਦੇ ਹਾਂ ਕਿ ਪਿੰਡ ਵਾਰ ਲਿਸਟਾਂ ਦਿੱਤੀਆਂ ਜਾਣ ਤਾਂ ਕਿ ਮੁਆਵਜ਼ੇ ਤੋਂ ਵਾਂਝੇ ਰਹਿ ਗਏ ਹੜ੍ਹ ਪੀੜਤ ਬਿਨੈ ਪੱਤਰ ਦੇ ਸਕਣ। ਹੜ੍ਹਾਂ ਨਾਲ ਜਿਨ੍ਹਾਂ ਖੇਤਾਂ ਵਿੱਚ ਰੇਤਾ ਪੈ ਗਿਆ ਹੈ, ਉਸ ਬਾਰੇ ਸਰਕਾਰ ਦਾ 3 ਅਕਤੂਬਰ ਨੂੰ ਬਿਆਨ ਆਇਆ ਹੈ ਕਿ 5 ਅਕਤੂਬਰ ਤੱਕ ਰੇਤ ਚੁੱਕੀ ਜਾ ਸਕਦੀ ਹੈ। ਉਨ੍ਹਾਂ ਮੰਗ ਕੀਤੀ ਕਿ ਪ੍ਰਸ਼ਾਸਨ ਕਿਸਾਨਾਂ ਨੂੰ ਲਿਖਤੀ ਇਜਾਜ਼ਤ ਦੇਵੇ ਤਾਂ ਕਿ ਰੇਤਾ ਚੁਕਉਣ ਵਿੱਚ ਅੜਚਨ ਨਾ ਆਵੇ। ਹੜ੍ਹਾਂ ਕਰਕੇ ਸੜਕਾਂ, ਖੇਤਾਂ ਦੇ ਰਸਤੇ, ਪਿੰਡ ਅਤੇ ਘਰਾਂ ਦੇ ਰਸਤੇ ਟੁੱਟ ਗਏ ਹਨ। ਉਨ੍ਹਾਂ ਰਸਤਿਆਂ ਨੂੰ ਦੁਬਾਰਾ ਬਣਾਇਆ ਜਾਵੇ ਜਾਂ ਰਿਪੇਅਰ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਆਸ ਕਰਦਾ ਹੈ ਕਿ ਪ੍ਰਸ਼ਾਸਨ ਕਿਸਾਨਾਂ ਦੀਆਂ ਮੰਗਾਂ ਨੂੰ ਜ਼ਰੂਰ ਹੱਲ ਕਰੇਗਾ।

## ਦਿਲ ਦਾ ਦੌਰਾ ਪੈਣ ਕਾਰਨ ਭਾਰਤੀ ਨੌਜਵਾਨ ਦੀ ਆਬੂ ਧਾਬੀ 'ਚ ਮੌਤ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਹਲਕਾ ਡੇਰਾ ਬਾਬਾ ਨਾਨਕ ਅੰਦਰ ਪੈਂਦੇ ਪਿੰਡ ਸ਼ਾਹਪੁਰ ਜਾਜਨ ਦੇ ਮਾਪਿਆਂ ਦੇ ਇਕਲੌਤੇ ਪੁੱਤਰ ਦੀ ਆਬੂ ਧਾਬੀ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਬੀਤੇ ਦਿਨ ਮੌਤ ਹੋ ਗਈ ਸੀ। ਉਸ ਦੀ ਮੌਤ ਦੀ ਖਬਰ ਸੁਣਦਿਆਂ ਹੀ ਪਿੰਡ ਵਿੱਚ ਸੋਗ ਦੀ ਲਹਿਰ ਹੈ ਜਿੱਥੇ ਸਾਕ ਸਬੰਧੀਆਂ ਅਤੇ ਸੱਜਣਾ ਮਿੱਤਰਾਂ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਜਾ ਰਿਹਾ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਨੌਜਵਾਨ (21)ਕਰਨਦੀਪ ਸਿੰਘ ਦੇ ਪਿਤਾ ਮੇਜਰ ਸਿੰਘ ਨੇ ਦੱਸਿਆ ਕਿ ਮੇਰਾ ਇਕਲੌਤਾ ਪੁੱਤਰ ਬੀਤੇ ਸਾਲ 31 ਅਕਤੂਬਰ 2022 ਨੂੰ ਆਬੂ ਧਾਬੀ ਦੇ ਸਹਿਰ (ਮੁਸਫਾ)ਵਿੱਚ ਡਰਾਈਵਰੀ ਦੇ ਵਿਜੇ ਤੇ ਵਿਦੇਸ ਗਿਆ ਸੀ ਉਹ ਬੀਤੀ 31 ਮਈ 2023 ਨੂੰ 35 ਦਿਨ ਦੀ ਛੁੱਟੀ ਕੱਟਕੇ ਮੁੜ ਵਿਦੇਸ ਚਲਾ ਗਿਆ ਉਨਾਂ ਦੱਸਿਆ ਕਿ ਸਾਡੀ ਉਸ ਨਾਲ ਲਾਸਟ ਗੱਲ 3 ਅਕਤੂਬਰ ਨੂੰ ਕਰੀਬ 9:30 ਵਜੇ ਹੋਈ ਤੇ ਉਸ ਸਮੇਂ ਉਹ ਬਿਲਕੁਲ ਠੀਕ ਸੀ ਬੀਤੇ ਦਿਨ ਕਰੀਬ 10 ਵਜੇ ਉਸਦੇ ਦੋਸਤ ਦਾ ਫੋਨ ਆਇਆ ਕਿ ਕਰਨਦੀਪ ਸਿੰਘ ਨੂੰ ਦਿਲ ਦਾ ਦੌਰਾ ਪੈ ਗਿਆ ਹੈ ਤੇ ਉਸ ਨੂੰ ਹਸਪਤਾਲ ਲਿਆਂਦਾ ਗਿਆ ਹੈ ਜਿੱਥੇ ਕਿ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਘੋਸਿਤ ਕਰ ਦਿੱਤਾ ਹੈ ਇਸ ਮੌਕੇ ਪਰਿਵਾਰਿਕ ਮੈਂਬਰਾਂ ਅਤੇ ਰਿਸਤੇਦਾਰਾਂ ਨੇ ਸਮਾਜ ਸੇਵੀ ਜਥੇਬੰਦੀਆਂ ਅਤੇ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹਨਾਂ ਦੇ ਪੁੱਤਰ ਦੀ ਮ੍ਰਿਤਕ ਦੇਹ ਨੂੰ ਵਤਨ ਵਾਪਸ ਲਿਆਉਣ ਵਿੱਚ ਮਦਦ ਕੀਤੀ ਜਾਵੇ ਇਸ ਮੌਕੇ ਜਸਪਾਲ ਸਿੰਘ, ਬਲਵਿੰਦਰ ਸਿੰਘ,ਸਤਿਨਾਮ ਸਿੰਘ ,ਸਤਪਾਲ ਸਿੰਘ ,ਤਰਲੋਕ ਸਿੰਘ ਨਿਹੰਗ,ਬਾਬਾ ਹਰਦੀਪ ਸਿੰਘ, ਗੁਰਪ੍ਰੀਤ ਸਿੰਘ ਗੋਪੀ,ਗੁਰਿੰਦਰਜੀਤ ਸਿੰਘ ਪੱਡਾ, ਲਾਲੀ ਪੱਡਾ, ਜੋਧਾ ਸਿੰਘ,ਅਵਤਾਰ ਸਿੰਘ ਸੋਨੀ ਆਦਿ ਵੱਲੋਂ ਪੀੜਿਤ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

## 10 ਨੂੰ ਰਿਲੀਜ਼ ਹੋਵੇਗਾ ਦਸਤਾਵੇਜ਼ੀ ਫਿਲਮ 'ਅਟਾਰੀ ਜੰਕਸ਼ਨ' ਦਾ ਟਰੇਲਰ



**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-'ਅਟਾਰੀ ਜੰਕਸ਼ਨ-ਇੱਕ 161 ਸਾਲ ਪੁਰਾਣਾ ਇਤਿਹਾਸਕ ਰੇਲਵੇ ਸਟੇਸ਼ਨ' ਸਿਰਲੇਖ ਵਾਲੀ ਦਸਤਾਵੇਜ਼ੀ ਫਿਲਮ ਦਾ ਟਰੇਲਰ 10 ਅਕਤੂਬਰ ਨੂੰ ਵੀ. ਆਰ. ਮਾਲ ਅੰਮ੍ਰਿਤਸਰ ਵਿਖੇ ਰਿਲੀਜ਼ ਹੋਵੇਗਾ। ਇਸ ਮੌਕੇ ਡਿਪਟੀ ਕਮਿਸ਼ਨਰ ਅਮਿਤ ਤਲਵਾੜ, ਪੁਲਸ ਕਮਿਸ਼ਨਰ ਨੌਨਿਹਾਲ ਸਿੰਘ ਅਤੇ ਹੋਰ ਅਧਿਕਾਰੀ ਹਾਜ਼ਰ ਹੋਣਗੇ। ਇਹ ਲਘੂ ਫਿਲਮ ਇਸ 161 ਸਾਲ ਪੁਰਾਣੇ ਅਟਾਰੀ ਰੇਲਵੇ ਸਟੇਸ਼ਨ ਦੀ ਇਤਿਹਾਸਕ ਅਮੀਰ ਆਰਕੀਟੈਕਚਰ ਨੂੰ ਦਰਸਾਏਗੀ ਜੋ ਕਿ ਇਸ ਦਾ ਸੁਮੇਲ ਹੈ। ਇੰਡੋ-ਇਸਲਾਮਿਕ ਅਤੇ ਵਿਕਟੋਰੀਅਨ ਆਰਕੀਟੈਕਚਰਲ ਸਟਾਈਲ, ਕਮਾਨ, ਅਤੇ ਸਜਾਵਟੀ ਚਿਹਰੇ ਪੁਰਾਣੇ ਯੁੱਗ ਦੇ ਆਰਕੀਟੈਕਚਰਲ ਅਜੂਬੇ ਦੀ ਸ਼ਾਨ ਦਰਸਾਉਂਦੇ ਹਨ ਅਤੇ ਇਹ ਕਿਸੇ ਵੀ ਵਿਰਾਸਤੀ ਦਸਤਾਵੇਜ਼ੀ ਫਿਲਮਾਂ ਵਿੱਚ ਘੱਟ ਹੀ ਉਜਾਗਰ ਕੀਤਾ ਗਿਆ ਹੈ। ਇਸ ਦਸਤਾਵੇਜ਼ੀ ਫਿਲਮ ਦਾ ਨਿਰਦੇਸ਼ਨ ਪੰਜਾਬ ਦੇ ਉੱਘੇ ਲੇਖਕ, ਹੈਰੀਟੇਜ ਪ੍ਰਮੋਟਰ ਅਤੇ ਨੇਚਰ ਆਰਟਿਸਟ ਹਰਪ੍ਰੀਤ ਸੰਧੂ ਵੱਲੋਂ ਕੀਤਾ ਗਿਆ ਹੈ ਅਤੇ ਇਸ ਦਸਤਾਵੇਜ਼ੀ ਫਿਲਮ ਦੀ ਸਕ੍ਰਿਪਟ ਅਤੁਲ ਟਿਰਕੀ, ਆਈ. ਆਰ. ਐੱਸ. ਡਿਪਟੀ ਕਮਿਸ਼ਨਰ ਕਸਟਮ, ਅਟਾਰੀ ਦੁਆਰਾ ਲਿਖੀ ਗਈ ਹੈ ਅਤੇ ਇਸ ਦੇ ਬੋਲ ਪ੍ਰਸਿੱਧ ਕਵੀ ਪਦਮਸ਼੍ਰੀ ਡਾ. ਸੁਰਜੀਤ ਪਾਤਰ ਵੱਲੋਂ ਲਿਖੇ ਗਏ ਹਨ। ਲਘੂ ਫਿਲਮ ਦੇ ਨਿਰਦੇਸ਼ਕ ਹਰਪ੍ਰੀਤ ਸੰਧੂ ਨੇ ਦੱਸਿਆ ਕਿ ਅਟਾਰੀ ਰੇਲਵੇ ਸਟੇਸ਼ਨ 'ਤੇ ਇਸ ਫਿਲਮ ਦੀ ਸ਼ੂਟਿੰਗ ਭਾਰਤ ਦੇ ਇਸ ਦੁਰਲੱਭ ਪਰੰਪਰਾਗਤ ਵਿਰਾਸਤੀ ਰੇਲਵੇ ਸਟੇਸ਼ਨ ਦੀ ਪ੍ਰਮੁੱਖਤਾ ਨੂੰ ਉਜਾਗਰ ਕਰੇਗੀ ਜੋ ਦੋ ਦੇਸ਼ਾਂ ਦੇ ਰੇਲਵੇ ਸਫ਼ਰ ਨੂੰ ਜੋੜਦਾ ਹੈ।

## ਗੌਰਮਿੰਟ ਪੈਨਸ਼ਨਰ ਯੂਨੀਅਨ ਪੰਜਾਬ ਵੱਲੋਂ 14 ਦੀ ਚੰਡੀਗੜ੍ਹ ਰੈਲੀ 'ਚ ਸ਼ਾਮਲ ਹੋਣ ਦਾ ਐਲਾਨ

**ਦੀਨਾਨਗਰ ( ਬਲਵਿੰਦਰ ਸਿੰਘ ਬਿੱਲਾ )**-ਗੌਰਮਿੰਟ ਪੈਨਸ਼ਨਰ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਦੀ ਮੀਟਿੰਗ ਚੇਅਰਮੈਨ ਸੁੱਚਾ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਜਲੰਧਰ ਵਿਖੇ ਹੋਈ, ਜਿਸ ਵਿਚ ਪ੍ਰਧਾਨ ਸੁਰਜੀਤ ਸਿੰਘ ਗਗੜਾ, ਜਨਰਲ ਸਕੱਤਰ ਮਾਇਆਧਾਰੀ, ਵਿੱਤ ਸਕੱਤਰ ਚਮਕੌਰ ਸਿੰਘ, ਮੀਤ ਪ੍ਰਧਾਨ ਕੇਵਲ ਕ੍ਰਿਸ਼ਨ ਕਾਲੀਆ, ਸਕੱਤਰ ਕੁਲਦੀਪ ਸਿੰਘ, ਡਾ. ਜਥੇਬੰਦਕ ਸਕੱਤਰ ਕਰਮ ਸਿੰਘ ਹਾਜ਼ਰ ਸਨ। ਤਰਨ ਤਾਰਨ ਆਦਿ ਨੇ ਸਮੂਹਿਕ ਤੌਰ 'ਤੇ ਮਤਾ ਪਾਸ ਕੀਤਾ ਕਿ ਗੌਰਮਿੰਟ ਪੈਨਸ਼ਨਰਜ਼ ਯੂਨੀਅਨ ਪੰਜਾਬ ਵੱਲੋਂ 14 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝੇ ਮੋਰਚੇ ਵੱਲੋਂ ਕੀਤੀ ਜਾ ਰਹੀ ਵਿਸ਼ਾਲ ਰੈਲੀ ਵਿੱਚ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ ਜਾਵੇਗੀ। ਇਸ ਰੈਲੀ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਸਾਂਝੇ ਤੌਰ 'ਤੇ 1-1-16 ਤੋਂ 30-6-2021 ਤੱਕ ਤਨਖਾਹ ਕਮਿਸ਼ਨ ਦੇ ਬਕਾਏ, 8 ਫੀਸਦੀ ਡੀ ਏ ਲਾਗੂ ਕਰਨ, ਡੀ ਏ ਦੀਆਂ ਕਿਸ਼ਤਾਂ ਦੇ ਬਕਾਏ, ਪੁਰਾਣੀ ਪੈਨਸ਼ਨ ਬਹਾਲ ਕਰਨ, ਮੈਡੀਕਲ ਭੱਤੇ ਵਿੱਚ ਵਾਧਾ ਕਰਨ ਆਦਿ ਦੀ ਮੰਗ ਕੀਤੀ। ਜਨਰਲ ਸਕੱਤਰ ਮਾਇਆਧਾਰੀ ਅਤੇ ਸਕੱਤਰ ਕੁਲਦੀਪ ਸਿੰਘ ਨੇ ਸਾਂਝੇ ਤੌਰ 'ਤੇ ਆਪਣੇ ਬਿਆਨ 'ਚ ਕਿਹਾ ਕਿ ਚੰਡੀਗੜ੍ਹ 'ਚ ਕੀਤੀ ਜਾ ਰਹੀ ਰੈਲੀ 'ਚ ਦੀਨਾਨਗਰ ਤੋਂ ਵੱਧ ਤੋਂ ਵੱਧ ਮੁਲਾਜ਼ਮ ਅਤੇ ਪੈਨਸ਼ਨਰ ਸ਼ਮੂਲੀਅਤ ਕਰਨਗੇ ।

## ਖ਼ਾਲਸਾ ਕਾਲਜ ਆਫ ਇੰਜੀਨੀਅਰਿੰਗ ਵਿਖੇ ਅਰਦਾਸ ਦਿਵਸ ਮਨਾਇਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਖਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ ਨਵੇਂ ਅਕਾਦਮਿਕ ਸ਼ੈਸ਼ਨ ਦੀ ਸ਼ੁਰੂਆਤ ਅਤੇ ਵਿਦਿਆਰਥੀਆਂ ਦੀ ਇਮਤਿਹਾਨਾਂ 'ਚ ਵਧੀਆ ਕਾਰਗੁਜ਼ਾਰੀ ਸਬੰਧੀ ਪ੍ਰਮਾਤਮਾ ਦਾ ਆਸ਼ੀਰਵਾਦ ਲੈਣ ਲਈ ਅਰਦਾਸ ਦਿਵਸ ਦਾ ਆਯੋਜਨ ਕੀਤਾ ਗਿਆ ਜਿਸ 'ਚ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਉਚੇਚੇ ਤੌਰ 'ਤੇ ਸ਼ਿਰਕਤ ਕਰਦਿਆਂ ਗੁਰੂ ਚਰਨਾਂ 'ਚ ਹਾਜ਼ਰੀ ਲਗਵਾਈ। ਇਸ ਮੌਕੇ ਕਾਲਜ ਵਿਦਿਆਰਥੀਆਂ ਨੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਗੁਰ ਜੱਸ ਗਾਇਨ ਕਰਕੇ ਹਾਜ਼ਰ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਸ: ਛੀਨਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਇਕ ਸਫਲ ਵਿਅਕਤੀ ਬਣਨ ਲਈ ਆਪਣੀ ਵਿੱਦਿਅਕ ਵਿਸ਼ਿਆਂ 'ਤੇ ਧਿਆਨ ਕੇਂਦਰਿਤ ਕਰਨ ਅਤੇ ਅਨੁਸ਼ਾਸਿਤ ਜੀਵਨ ਜਿਊਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਹਰੇਕ ਬੱਚੇ ਨੂੰ ਆਪਣੇ ਮਾਪਿਆਂ ਅਤੇ ਅਧਿਆਪਕਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਵੱਖ-ਵੱਖ ਰਾਜਾਂ ਅਤੇ ਵਿਦੇਸ਼ਾਂ ਤੋਂ ਆਏ ਸਮੂਹ ਵਿਦਿਆਰਥੀਆਂ ਨੂੰ ਨਾ ਸਿਰਫ਼ ਤਕਨੀਕੀ ਸਿੱਖਿਆ ਹਾਸਲ ਕਰਨ ਲਈ ਸਗੋਂ ਇਕ ਚੰਗੇ ਇਨਸਾਨ ਬਣਨ ਲਈ ਵੀ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਧੁਨਿਕ, ਮੁਕਾਬਲੇ ਵਾਲੀ ਦੁਨੀਆ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਕਨੀਕੀ ਅਤੇ ਰੁਜ਼ਗਾਰ ਯੋਗਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾਇਰੈਕਟਰ-ਪ੍ਰਿੰਸੀਪਲ ਡਾ. ਮੰਜੂ ਬਾਲਾ ਡਾ. ਮੰਜੂ ਬਾਲਾ ਨੇ ਗਵਰਨਿੰਗ ਕੌਂਸਲ ਵੱਲੋਂ ਜਾਰੀ ਅਰਦਾਸ ਪ੍ਰਥਾ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਦੱਸਦਿਆਂ ਵਿਦਿਆਰਥੀਆਂ ਨੂੰ ਸਮਾਜਿਕ, ਦੇਸ਼ ਅਤੇ ਹੋਰ ਜੀਵ-ਜੰਤੂਆਂ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਬਾਖ਼ੂਬੀ ਨਿਭਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਾਲਜ ਵਿਖੇ ਨਵੇਂ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਪ੍ਰੋਗਰਾਮ ਦੌਰਾਨ ਸ: ਛੀਨਾ ਨੇ ਡਾ. ਮੰਜੂ ਬਾਲਾ ਨਾਲ ਮਿਲ ਕੇ ਕੀਰਤਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਕੌਂਸਲ ਦੇ ਜੁਆਇੰਟ ਸਕੱਤਰ ਸਰਦੂਲ ਸਿੰਘ ਮੰਨਨ, ਰਾਜਬੀਰ ਸਿੰਘ, ਪਰਮਜੀਤ ਸਿੰਘ ਬੱਲ, ਅੰਡਰ ਸੈਕਟਰੀ ਡੀ. ਐੱਸ. ਰਟੌਲ ਤੋਂ ਇਲਾਵਾ ਕਾਲਜ ਅਤੇ ਵੱਡੀ ਗਿਣਤੀ 'ਚ ਵਿਦਿਆਰਥੀ ਹਾਜ਼ਰ ਸਨ।

# ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ 5.50 ਲੱਖ ਤੋਂ ਵੱਧ ਜੁਰਮਾਨਾ

### 36 ਕਿਸਾਨਾਂ ਦਾ ਕੀਤਾ ਗਿਆ ਲਾਲ ਇੰਦਰਾਜ਼



**ਤਰਸਿੱਕਾ/ਅੰਮ੍ਰਿਤਸਰ (ਤਰਸੇਮ ਸਿੰਘ ਸਾਧਪੁਰ, ਜਸਬੀਰ ਸਿੰਘ ਪੱਟੀ)**-ਜ਼ਿਲ੍ਹੇ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਵਾਲੇ 223 ਕਿਸਾਨਾਂ ਨੂੰ 5,57,500 ਰੁਪਏ ਦਾ ਜੁਰਮਾਨਾ ਕੀਤਾ ਜਾ ਚੁੱਕਾ ਹੈ ਅਤੇ ਟੀਮਾਂ ਲਗਾਤਾਰ ਅੱਗ ਲੱਗਣ ਵਾਲੇ ਖੇਤਾਂ ਤੱਕ ਪਹੁੰਚ ਰਹੀਆਂ ਹਨ। ਇਹ ਪ੍ਰਗਟਾਵਾ ਕਰਦਿਆਂ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਦੱਸਿਆ ਕਿ ਹੁਣ ਤੱਕ ਸਾਡੀਆਂ ਟੀਮਾਂ ਨੂੰ ਬੀਤੇ ਦਿਨ ਤੱਕ 429 ਥਾਵਾਂ 'ਤੇ ਅੱਗ ਲੱਗਣ ਦੀ ਸੂਚਨਾ ਉਪਗ੍ਰਹਿ ਰਾਹੀਂ ਮਿਲੀ ਸੀ, ਜਿਨ੍ਹਾਂ ਵਿਚੋਂ ਵੱਖ-ਵੱਖ ਅਧਿਕਾਰੀਆਂ ਵਲੋਂ 341 ਥਾਵਾਂ ਦਾ ਦੌਰਾ ਕੀਤਾ ਗਿਆ ਹੈ ਅਤੇ 91 ਥਾਵਾਂ ਤੇ ਅੱਗ ਨਹੀਂ ਪਾਈ ਗਈ ਹੈ। ਉਨ੍ਹਾਂ ਦੱਸਿਆ ਕਿ 250 ਥਾਵਾਂ 'ਤੇ ਅੱਗ ਲੱਗਣ ਦੀ ਪੁਸ਼ਟੀ ਹੋਈ ਹੈ ਅਤੇ 223 ਕਿਸਾਨਾਂ ਨੂੰ 5,57,500 ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਰਾਲੀ ਨੂੰ ਅੱਗ ਲਾਉਣ ਵਾਲੇ 36 ਕਿਸਾਨਾਂ ਦਾ ਮਾਲ ਰਿਕਾਰਡ ਵਿੱਚ ਲਾਲ ਇੰਦਰਾਜ ਵੀ ਦਰਜ ਕੀਤਾ ਗਿਆ ਹੈ ਅਤੇ 27 ਹੋਰ ਕਿਸਾਨਾਂ ਦੇ ਜੁਰਮਾਨੇ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ 88 ਥਾਵਾਂ ਤੇ ਅੱਗ ਲੱਗਣ ਦੀਆਂ ਘਟਨਾਵਾਂ ਦੀ ਜਾਂਚ ਕਰਵਾਈ ਜਾ ਰਹੀ ਹੈ ਅਤੇ ਇਸ ਉਪਰੰਤ ਅਗਲੀ ਕਾਰਵਾਈ ਕੀਤੀ ਜਾਵੇਗੀ।

ਸ਼੍ਰੀ ਤਲਵਾੜ ਨੇ ਕਿਸਾਨਾਂ ਨੂੰ ਚੌਕਸ ਕਰਦਿਆਂ ਕਿਹਾ ਕਿ ਸਾਡੀ ਨਿਗਾਹ ਹਰ ਖੇਤ ਉੱਪਰ ਹੈ ਅਤੇ ਜੋ ਵੀ ਪਰਾਲੀ ਸਾੜੇਗਾ, ਕਾਨੂੰਨੀ ਕਾਰਵਾਈ ਹੋਵੇਗੀ। ਉਨ੍ਹਾਂ ਦੱਸਿਆ ਕਿ ਹਰੇਕ ਸਬ ਡਵੀਜ਼ਨ ਵਿੱਚ ਐੱਸਡੀਐੱਮ ਅੱਗ ਲੱਗਣ ਵਾਲੇ ਖੇਤ ਤੱਕ ਪਹੁੰਚ ਕੇ ਕਾਰਵਾਈ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਕ ਏਕੜ ਝੋਨੇ ਦੀ ਫਸਲ ਤੋਂ ਤਕਰੀਬਨ ਢਾਈ ਤੋਂ ਤਿੰਨ ਟਨ ਪਰਾਲੀ ਪੈਦਾ ਹੁੰਦੀ ਹੈ ਅਤੇ ਇਕ ਟਨ ਪਰਾਲੀ ਸਾੜਨ ਨਾਲ ਅਸੀਂ 400 ਕਿਲੋ ਜੈਵਿਕ ਕਾਰਬਨ, 5.5 ਕਿਲੋ ਨਾਈਟਰੋਜਨ, 2.3 ਕਿਲੋ ਫਾਸਫੋਰਸ, 2.5 ਕਿਲੋ ਪੋਟਾਸ਼ ਅਤੇ 12 ਕਿਲੋ ਸਲਫਰ ਦਾ ਨੁਕਸਾਨ ਕਰ ਬੈਠਦੇ ਹਾਂ। ਇਸ ਲਈ ਕਿਸਾਨ ਝੋਨੇ ਦੀ ਪਰਾਲੀ ਨੂੰ ਸਾੜਨ ਦੀ ਥਾਂ ਜ਼ਮੀਨ ਵਿੱਚ ਮਿਲਾ ਕੇ ਕਣਕ ਦੀ ਬਿਜਾਈ ਕਰਨ। ਉਨਾਂ ਕਿਹਾ ਕਿ ਖੇਤੀ ਮਾਹਰਾਂ ਅਨੁਸਾਰ ਝੋਨੇ ਦੀ ਪਰਾਲੀ ਨੂੰ ਖੇਤਾਂ ਵਿੱਚ ਮਿਲਾਉਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ, ਖਾਦਾਂ ਘੱਟ ਪਾਉਣ ਦੀ ਲੋੜ ਪੈਂਦੀ ਹੈ ਅਤੇ ਮਿੱਤਰ ਕੀੜਿਆਂ ਦੀ ਗਿਣਤੀ ਵਧਣ ਕਾਰਨ ਫਸਲ 'ਤੇ ਕੀੜੇ ਮਕੌੜੇ ਦਾ ਹਮਲਾ ਵੀ ਘੱਟ ਹੁੰਦਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅੱਗ ਦੀਆਂ ਘਟਨਾਵਾਂ ਨੂੰ ਰੋਕਣ ਲੜੀ ਵੱਖ-ਵੱਖ ਨੋਡਲ ਅਧਿਕਾਰੀ ਨਿਯੁਕਤ ਕੀਤੇ ਗਏ ਹਨ, ਜੋ ਤੁਰੰਤ ਪ੍ਰਭਾਵ ਨਾਲ ਕੰਮ ਕਰਨਗੇ। ਉਨਾਂ ਪਿੰਡਾਂ ਦੇ ਪੰਚਾਂ-ਸਰਪੰਚਾਂ ਅਤੇ ਨੰਬਰਦਾਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਗੰਭੀਰ ਮੁੱਦੇ 'ਤੇ ਸਰਕਾਰ ਦਾ ਸਾਥ ਦੇਣ ਤਾਂ ਜੋ ਜ਼ਮੀਨ 'ਤੇ ਪੌਣ-ਪਾਣੀ ਨੂੰ ਬਚਾਇਆ ਜਾ ਸਕੇ।

# ਚਾਰ ਸਾਲਾ ਰਵੀ ਰਾਜ ਦੀ ਹੱਤਿਆ ਲਈ ਜ਼ਿੰਮੇਵਾਰ ਤਾਂਤਰਿਕ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ

### ਦੋਸ਼ੀਆਂ ਨੂੰ ਸਜ਼ਾ ਦੇਣ ਤੇ ਪੰਜਾਬ 'ਚ ਅੰਧ-ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨ ਦੀ ਸਖਤ ਜ਼ਰੂਰਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**—ਤਰਕਸ਼ੀਲ ਸੁਸਾਇਟੀ ਪੰਜਾਬ ਨੇ ਖੰਨਾ ਨੇੜਲੇ ਪਿੰਡ ਅਲੌੜ ਵਿਖੇ ਇਕ ਵਿਅਕਤੀ ਵੱਲੋਂ ਕਿਸੇ ਦੇਵੀ-ਦੇਵਤੇ ਦੀ ਪੂਜਾ ਤਹਿਤ ਤਾਂਤਰਿਕ ਦੇ ਕਹਿਣ 'ਤੇ ਚਾਰ ਸਾਲਾ ਮਾਸੂਮ ਲੜਕੇ ਰਵੀ ਰਾਜ ਦੀ ਬੜੀ ਬੇਰਹਿਮੀ ਨਾਲ ਹੱਤਿਆ ਕਰਕੇ ਬਲੀ ਦਿੱਤੇ ਜਾਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਗ੍ਰਿਫਤਾਰ ਮੁਲਜ਼ਮ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਅਤੇ ਇਸ ਵਹਿਸ਼ੀ ਹੱਤਿਆ ਕਾਂਡ ਲਈ ਉਕਸਾਉਣ ਵਾਲੇ ਤਾਂਤਰਿਕ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ। ਇਸਦੇ ਨਾਲ ਹੀ ਸੁਸਾਇਟੀ ਨੇ ਪੰਜਾਬ ਵਿਚ ਪਾਖੰਡੀ ਤਾਂਤਰਿਕਾਂ ਦੇ ਬਹਿਕਾਵੇ ਹੇਠ ਮਾਸੂਮ ਬੱਚਿਆਂ ਦੀ ਬਲੀ ਦੇਣ ਦੀਆਂ ਘਟਨਾਵਾਂ ਉਤੇ ਸਖਤ ਪਾਬੰਦੀ ਲਾਉਣ ਲਈ ਪੰਜਾਬ ਸਰਕਾਰ ਤੋਂ ਪੰਜਾਬ ਵਿਚ ਅੰਧ-ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨ ਦੀ ਵੀ ਜ਼ੋਰਦਾਰ ਮੰਗ ਕੀਤੀ ਹੈ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋਂ, ਜਸਵਿੰਦਰ ਫਗਵਾੜਾ ਅਤੇ ਸੁਮੀਤ ਸਿੰਘ ਨੇ ਇਕ ਵਿਸ਼ੇਸ਼ ਮੀਟਿੰਗ ਉਪਰੰਤ ਜਾਰੀ ਪ੍ਰੈੱਸ ਬਿਆਨ ਰਾਹੀਂ ਕਿਹਾ ਕਿ ਮੌਜੂਦਾ ਵਿਗਿਆਨ ਦੇ ਯੁੱਗ ਵਿਚ ਧਾਰਮਿਕ ਆਸਥਾ ਦੀ ਆੜ ਹੇਠ ਮਨੁੱਖੀ ਬਲੀ ਦੇਣ ਦੀਆਂ ਅਜਿਹੀਆਂ ਵਹਿਸ਼ੀ ਹੱਤਿਆਵਾਂ ਜਿੱਥੇ ਭਾਰਤੀ ਸਮਾਜ ਦੇ ਮੱਥੇ ਤੇ ਸ਼ਰਮਨਾਕ ਕਲੰਕ ਹਨ ਉੱਥੇ ਹੀ ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਦੀਆਂ ਬੇਹੱਦ ਗੈਰ-ਜ਼ਿੰਮੇਵਾਰਾਨਾ, ਗੈਰ-ਵਿਗਿਆਨਕ ਅਤੇ ਲੋਕ ਵਿਰੋਧੀ ਨੀਤੀਆਂ ਦਾ ਸਬੂਤ ਵੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿਚ ਪਾਖੰਡੀ ਬਾਬਿਆਂ, ਤਾਂਤਰਿਕਾਂ, ਸਿਆਣਿਆਂ ਦੇ ਬਹਿਕਾਵੇ ਹੇਠ ਪਿੰਡ ਭਿੰਡਰ ਕਲਾਂ (ਮੋਗਾ), ਪਿੰਡ ਕੋਟ ਫੱਤਾ (ਬਠਿੰਡਾ) ਅਤੇ ਪਿੰਡ ਮੁਧਲ (ਅੰਮ੍ਰਿਤਸਰ) ਵਿਖੇ ਮਾਸੂਮ ਬੱਚਿਆਂ ਦੀ ਬਲੀ ਦੇਣ ਅਤੇ ਅਖੌਤੀ ਭੂਤ ਪ੍ਰੇਤ ਕੱਢਣ ਦੇ ਬਹਾਨੇ ਹੋਰ ਕਈ ਤਰ੍ਹਾਂ ਦੀਆਂ ਦਿਲ ਕੰਬਾਊ ਅਪਰਾਧਿਕ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ ਹੈ ਪਰ ਕਿਸੇ ਵੀ ਸਿਆਸੀ ਪਾਰਟੀ ਦੀ ਸਰਕਾਰ ਨੇ ਅਜਿਹੇ ਅਣਮਨੁੱਖੀ ਅਤੇ ਗੈਰ-ਕਾਨੂੰਨੀ ਧੰਦੇ ਨੂੰ ਬੰਦ ਕਰਵਾਉਣ ਲਈ ਕੋਈ ਠੋਸ ਅੰਧ-ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨ ਦੀ ਸਵਿੰਧਾਨਕ ਜ਼ਿੰਮੇਵਾਰੀ ਨਹੀਂ ਨਿਭਾਈ। ਇਸ ਮੌਕੇ ਤਰਕਸ਼ੀਲ ਆਗੂਆਂ ਰਾਜੇਸ ਅਕਲੀਆ, ਜੋਗਿੰਦਰ ਕੁੱਲੇਵਾਲ, ਗੁਰਪ੍ਰੀਤ ਸ਼ਹਿਣਾ ਅਤੇ ਅਜੀਤ ਪਰਦੇਸੀ ਨੇ ਦੋਸ਼ ਲਾਇਆ ਕਿ ਅਜਿਹੇ ਪਾਖੰਡੀਆਂ ਦੀਆਂ ਗੈਰ-ਸਮਾਜੀ ਗਤੀਵਿਧੀਆਂ ਅਤੇ ਝੂਠੀ ਤੇ ਗੈਰ-ਕਾਨੂੰਨੀ ਇਸ਼ਤਿਹਾਰਬਾਜ਼ੀ ਡਰੱਗਜ਼ ਤੇ ਮੈਜਿਕ ਰੈਮਡੀਜ਼ ਇਤਰਾਜ਼ਯੋਗ ਇਸ਼ਤਿਹਾਰਬਾਜ਼ੀ ਐਕਟ 1954, ਕੇਬਲ ਟੈਲੀਵਿਜ਼ਨ ਰੈਗੂਲੇਸ਼ਨ ਐਕਟ 1994 ਅਤੇ ਖਾਸ ਕਰਕੇ ਮੈਡੀਕਲ ਰਜਿਸਟ੍ਰੇਸ਼ਨ ਐਕਟ ਦੀ ਸਖਤ ਉਲੰਘਣਾ ਹੈ ਪਰ ਪੁਲਸ ਅਤੇ ਸਿਵਲ ਪ੍ਰਸ਼ਾਸਨ ਵਲੋਂ ਇਨ੍ਹਾਂ ਬਾਬਿਆਂ ਅਤੇ ਮੀਡੀਏ ਦੇ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਤਰਕਸ਼ੀਲ ਸੁਸਾਇਟੀ ਨੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਭੋਲੇ-ਭਾਲੇ ਲੋਕਾਂ ਨੂੰ ਅੰਧ-ਵਿਸ਼ਵਾਸਾਂ, ਵਹਿਮਾਂ ਵਿਚ ਫਸਾ ਕੇ ਉਨ੍ਹਾਂ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਕਰਨ, ਬਲਾਤਕਾਰ ਅਤੇ ਮਨੁੱਖੀ ਬਲੀ ਦੇਣ ਵਰਗੇ ਵਹਿਸ਼ੀ ਅਪਰਾਧ ਕਰਨ ਵਾਲੇ ਪਾਖੰਡੀ ਬਾਬਿਆਂ, ਤਾਂਤਰਿਕਾਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ ਉੱਤੇ ਰੋਕ ਲਾਉਣ ਲਈ ਬਿਨਾਂ ਕਿਸੇ ਦੇਰੀ ਦੇ ਪੰਜਾਬ ਵਿੱਚ ਅੰਧ-ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕੀਤਾ ਜਾਵੇ।

# ਨਰੂੜ ਵਿਖੇ ਲੋੜਵੰਦ ਮਰੀਜ਼ਾਂ ਲਈ ਦਵਾਈਆਂ ਦਾਨ ਕਰਨ ਵਾਲੇ ਦਾਨੀ ਸੱਜਣਾਂ ਦਾ ਸਨਮਾਨ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਨਰੂੜ ਵਿਖੇ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਸੰਸਥਾ ਅਜਨੋਹਾ ਵੱਲੋਂ ਚਲਾਈ ਜਾ ਰਹੀ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬਾਰਟਰੀ 'ਚ ਹੜ੍ਹ ਪੀੜਤਾਂ ਨੂੰ ਮੈਡੀਕਲ ਸਹੂਲਤਾਂ ਦੇਣ ਵਾਲੇ ਦਾਨੀ ਸੱਜਣਾਂ ਨੂੰ ਸਨਮਾਨ ਦੇਣ ਲਈ ਸਨਮਾਨ ਸਮਾਰੋਹ ਕੀਤਾ ਗਿਆ। ਇਸ ਮੌਕੇ ਸਨਮਾਨ ਸਮਾਰੋਹ ਦਾ ਉਦਘਾਟਨ ਨੰਬਰਦਾਰ ਪਰਮਜੀਤ ਸਿੰਘ ਜਲਵੇਹੜਾ ਵੱਲੋਂ ਰਿਬਨ ਕੱਟ ਕੇ ਆਪਣੇ ਕਰ ਕਮਲਾਂ ਨਾਲ ਕੀਤਾ ਗਿਆ। ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਹਰਵਿੰਦਰ ਸਿੰਘ ਖਾਲਸਾ ਪ੍ਰਧਾਨ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਸੰਸਥਾ ਅਜਨੋਹਾ, ਗਿਆਨੀ ਜਰਨੈਲ ਸਿੰਘ ਨਡਾਲੋਂ, ਉੱਘੇ ਸਮਾਜ ਸੇਵੀ ਹਰੀ ਸਿੰਘ ਜਸਵਾਲ ਭਾਮ ਅਤੇ ਹੋਰ ਬੁਲਾਰਿਆਂ ਨੇ ਦੱਸਿਆ ਕਿ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਸੰਸਥਾ 2018 ਵਿੱਚ ਆਰੰਭ ਹੋਈ ਸੀ ਅਤੇ ਸੰਸਥਾ ਵੱਲੋਂ 2019 'ਚ ਹੜ੍ਹ ਪੀੜਤ ਇਲਾਕਿਆਂ 'ਚ ਗਰੀਬ ਲੋਕਾਂ ਦੇ ਤਿੰਨ ਮਕਾਨ ਬਣਾਉਣ ਲਈ ਮਦਦ ਕੀਤੀ ਗਈ। ਉਹਨਾਂ ਦੱਸਿਆ ਕਿ ਸੰਸਥਾ ਵਲੋਂ ਸੇਵਾ ਦੇ ਇਸ ਮਹਾਨ ਕੁੰਭ ਵਿੱਚ ਯੋਗਦਾਨ ਪਾਉਣ ਵਾਲੇ ਦਾਨੀ ਸੱਜਣਾਂ ਦਾ ਸਨਮਾਨ ਕੀਤਾ ਗਿਆ ਹੈ। ਇਸ ਮੌਕੇ ਹਰਵਿੰਦਰ ਸਿੰਘ ਖਾਲਸਾ ਪ੍ਰਧਾਨ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਸੰਸਥਾ ਅਜਨੋਹਾ, ਹਰਭਜਨ ਸਿੰਘ ਬਾਜਵਾ ਆਗੂ ਭਾਰਤੀ ਕਿਸਾਨ ਯੂਨੀਅਨ ਦੋਆਬਾ, ਜਸਵਿੰਦਰ ਸਿੰਘ ਬੰਟੀ ਨਰੂੜ, ਨੰਬਰਦਾਰ ਪਰਮਜੀਤ ਸਿੰਘ ਜਲਵੇਹੜਾ ਵਲੋਂ ਦਾਨੀ ਸੱਜਣਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਸਰਪੰਚ ਜਸਪ੍ਰੀਤ ਸਿੰਘ ਜੱਗੀ, ਸੁਰਿੰਦਰਪਾਲ ਸਿੰਘ ਅਜਨੋਹਾ, ਡਾ ਰਾਮ ਲੁਭਾਇਆ, ਡਾ ਜੋਗਰਾਜ ਨਸੀਰਾਬਾਦ,ਅਵਤਾਰ ਸਿੰਘ,ਸਤਵੀਰ ਕੌਰ ਡੋਡ ਯੂਐਸਏ ਜਲਵੇਹੜਾ, ਨਰਿੰਦਰ ਸਿੰਘ ਜਲਵੇਹੜਾ, ਮਨਜੀਤ ਸਿੰਘ ਇਟਲੀ ਅਜਨੋਹਾ, ਗੁਰਪ੍ਰੀਤ ਸਿੰਘ ਖਾਲਸਾ ਅਜਨੋਹਾ, ਮਾਤਾ ਭੁਪਿੰਦਰ ਕੌਰ ਅਜਨੋਹਾ, ਬਲਵੰਤ ਸਿੰਘ ਅਜਨੋਹਾ, ਹਰਵਿੰਦਰ ਸਿੰਘ ਜਲਵੇਹੜਾ,ਹਰਦੀਪ ਸਿੰਘ ਨਸੀਰਾਬਾਦ, ਭਾਈ ਨਿਰਵੈਰ ਸਿੰਘ ਨਰੂੜ, ਜਸਪਾਲ ਸਿੰਘ ਜਸਵਾਲ ਨਰੂੜ, ਨੰਬਰਦਾਰ ਤਰਸੇਮ ਸਿੰਘ ਕੁਕੋਵਾਲ,ਪ੍ਰਧਾਨ ਅਵਤਾਰ ਸਿੰਘ ਕੁਕੋਵਾਲ, ਅਮਰਜੀਤ ਸਿੰਘ ਕੁਕੋਵਾਲ, ਸੁਖਦੇਵ ਸਿੰਘ ਮੁਖਲਿਆਣਾ,ਜਸਪਾਲ ਸਿੰਘ ਮੁਖਲਿਆਣਾ, ਰਛਪਾਲ ਸਿੰਘ ਮੁਖਲਿਆਣਾ,ਸੂਬੇਦਾਰ ਸੋਹਣ ਸਿੰਘ ਮੁਖਲਿਆਣਾ,ਮਾਸਟਰ ਗੁਰਬਚਨ ਸਿੰਘ ਮੁਖਲਿਆਣਾ ਤੇ ਹੋਰ ਹਾਜ਼ਰ ਸਨ।

# 29ਵਾਂ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ ਅੱਜ ਤੋਂ





**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਮਿੰਨੀ ਕਹਾਣੀ ਲੇਖਕ ਮੰਚ (ਰਜਿ.) ਅਤੇ ਲੋਕ ਮੰਚ ਪੰਜਾਬ ਵੱਲੋਂ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.) ਅਤੇ ਤ੍ਰੈਮਾਸਿਕ 'ਮਿੰਨੀ' ਦੇ ਸਹਿਯੋਗ ਨਾਲ 29ਵਾਂ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ 7 ਅਤੇ 8 ਅਕਤੂਬਰ 2023 ਮਾਤਾ ਮਹਿਤਾਬ ਕੌਰ ਹਾਲ, ਮਾਨਾਂਵਾਲਾ ਬ੍ਰਾਂਚ, ਭਗਤ ਪੂਰਨ ਸਿੰਘ ਪਿੰਗਲਵਾੜਾ (ਅੰਮ੍ਰਿਤਸਰ) ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਮੰਚ ਦੇ ਪ੍ਰਧਾਨ ਡਾ. ਸ਼ਿਆਮ ਸੁੰਦਰ ਦੀਪਤੀ, ਜਨਰਲ ਸਕੱਤਰ ਜਗਦੀਸ਼ ਰਾਏ ਕੁਲਰੀਆਂ, ਸੀਨੀਅਰ ਮੀਤ ਪ੍ਰਧਾਨ ਬੀਰ ਇੰਦਰ ਬਨਭੌਰੀ ਨੇ ਦੱਸਿਆ ਹੈ ਕਿ ਇਸ ਸਮਾਗਮ 'ਚ ਪੰਜਾਬ ਤੋਂ ਇਲਾਵਾ ਹਰਿਆਣਾ, ਦਿੱਲੀ, ਉਤਰ ਪ੍ਰਦੇਸ਼, ਮਹਾਰਾਸ਼ਟਰ, ਮੱਧ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਰਾਜਸਥਾਨ, ਪੱਛਮੀ ਬੰਗਾਲ ਦੇ 100 ਤੋਂ ਵੱਧ ਲੇਖਕ ਭਾਗ ਲੈਣਗੇ। ਸਮਾਗਮ ਦੇ ਮੁੱਖ ਮਹਿਮਾਨ ਡਾ. ਇੰਦਰਜੀਤ ਕੌਰ, ਮੁੱਖ ਸੇਵਾਦਾਰ, ਭਗਤ ਪਰਨ ਸਿੰਘ ਪਿੰਗਲਵਾੜਾ ਅੰਮ੍ਰਿਤਸਰ ਹੋਣਗੇ ਅਤੇ ਵਿਸ਼ੇਸ਼ ਮਹਿਮਾਨ ਵਿਜੋਂ ਸੁਰਿੰਦਰ ਸਿੰਘ ਸੁਨੜ, ਪ੍ਰਧਾਨ ਲੋਕ ਮੰਚ ਪੰਜਾਬ ਅਤੇ ਡਾ. ਰਾਜਵੀਰ ਸਿੰਘ ਖੇਤੀ ਵਿਗਿਆਨੀ ਸ਼ਿਰਕਤ ਕਰਨਗੇ। ਸਮਾਗਮ ਦੀ ਪ੍ਰਧਾਨਗੀ ਡਾ. ਲਖਵਿੰਦਰ ਸਿੰਘ ਜੌਹਲ, ਪ੍ਰਧਾਨ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਅਤੇ ਡਾ. ਕੁਲਦੀਪ ਸਿੰਘ, ਚੇਅਰਪਰਸਨ ਪੰਜਾਬੀ ਵਿਭਾਗ, ਕੁਰੂਕਸ਼ੇਤਰਾ ਯੂਨੀਵਰਸਿਟੀ ਕੁਰੂਕਸ਼ੇਤਰਾ ਵੱਲੋਂ ਕੀਤੀ ਜਾਵੇਗੀ। ਇਸ ਸਮਾਗਮ 'ਚ 'ਮਿੰਨੀ ਕਹਾਣੀ ਸਾਹਿਤ 'ਚ ਸੰਭਾਵਨਾਵਾਂ ਦੀ ਤਲਾਸ਼ ਦਾ ਸਮਾਂ' ਵਿਸ਼ੇ 'ਤੇ ਡਾ. ਬਲਜੀਤ ਕੌਰ ਰਿਆੜ, ਐਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ, ਗੁਰ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਡਾ. ਮਿਥਲੇਸ਼ ਅਵਸਥੀ ਪ੍ਰਸਿੱਧ ਸਾਹਿਤਕਾਰ ਨਾਗਪੁਰ (ਮਹਾਂਰਾਸ਼ਟਰ) ਵੱਲੋਂ ਪੇਪਰ ਪੜ੍ਹੇ ਜਾਣਗੇ। ਇਸ ਸਮਾਗਮ 'ਚ ਮੁੱਖ ਤੌਰ 'ਤੇ 75 ਲੇਖਕ ਆਪੋ ਆਪਣੀਆਂ ਮਿੰਨੀ ਕਹਾਣੀਆਂ ਦਾ ਪਾਠ ਕਰਨਗੇ, ਜਦਕਿ ਕਾਮਰੇਡ ਜਸਵੰਤ ਸਿੰਘ ਕਾਰ ਸ਼ਿੰਗਾਰ ਯਾਦਗਾਰੀ ਮਿੰਨੀ ਕਹਾਣੀ ਵਿਕਾਸ ਪੁਰਸਕਾਰ ਡਾ. ਹਰਜਿੰਦਰ ਸਿੰਘ ਅਟਵਾਲ, ਗੁਲਸ਼ਨ ਰਾਏ ਯਾਦਗਾਰੀ ਪੁਰਸਕਾਰ ਮਿੰਨੀ ਕਹਾਣੀ ਸੰਗ੍ਰਹਿ 'ਕੋਧਰੇ ਦੀ ਰੋਟੀ' ਲਈ ਤਿਰਪਤ ਭੱਟੀ, ਅਮਰਜੀਤ ਸਿੰਘ ਸਰੀਂਹ ਯਾਦਗਾਰੀ ਮਿੰਨੀ ਕਹਾਣੀ ਆਲੋਚਕ ਪੁਰਸਕਾਰ-ਡਾ. ਕੁਲਦੀਪ ਸਿੰਘ ਦੀਪ, ਮਾਤਾ ਮਹਾਂਦੇਵੀ ਕੌਸ਼ਿਕ ਯਾਦਗਾਰੀ ਲਘੂਕਥਾ ਪੁਰਸਕਾਰ-ਡਾ. ਕਮਲ ਚੋਪੜਾ, ਗੋਪਾਲ ਵਿੰਦਰ ਮਿੱਤਲ ਯਾਦਗਾਰੀ ਮਿੰਨੀ ਕਹਾਣੀ ਖੋਜ ਪੁਰਸਕਾਰ-ਡਾ. ਹਰਪ੍ਰੀਤ ਸਿੰਘ ਰਾਣਾ, ਰਾਜਿੰਦਰ ਕੁਮਾਰ ਨੀਟਾ ਯਾਦਗਾਰੀ ਮਿੰਨੀ ਕਹਾਣੀ ਯੁਵਾ ਲੇਖਕ ਪੁਰਸਕਾਰ-ਗੁਰਸੇਵਕ ਸਿੰਘ ਰੋੜਕੀ ਅਤੇ ਗੁਰਬਚਨ ਸਿੰਘ ਕੋਹਲੀ ਯਾਦਗਾਰੀ ਮਿੰਨੀ ਕਹਾਣੀ ਸਹਿਯੋਗੀ ਪੁਰਸਕਾਰ-ਡਾ. ਨਵਪ੍ਰੀਤ ਸਿੰਘ ਹੰਸਪਾਲ ਨੂੰ ਦਿੱਤਾ ਜਾਵੇਗਾ। ਲਘੂਕਥਾ ਕਲਸ਼ ਪੱਤ੍ਰਿਕਾ ਦੇ ਸਹਿਯੋਗ ਨਾਲ ਦਿੱਤੇ ਜਾਂਦੇ ਪੁਰਸਕਾਰਾਂ ਬਾਰੇ ਪੱਤ੍ਰਿਕਾ ਦੇ ਸੰਪਾਦਕ ਯੋਗਰਾਜ ਪ੍ਰਭਾਕਰ ਨੇ ਦੱਸਿਆ ਕਿ ਰੌਸ਼ਨ ਫੂਲਵੀ ਯਾਦਗਾਰੀ ਮਿੰਨੀ ਕਹਾਣੀ ਲਾਈਫ਼ ਟਾਈਮ ਅਚੀਵਮੈਂਟ ਪੁਰਸਕਾਰ ਇਸ ਵਾਰ ਮਿੰਨੀ ਕਹਾਣੀ ਦੇ ਖੇਤਰ 'ਚ ਉਮਰ ਭਰ ਦੇ ਸਮੁੱਚੇ ਯੋਗਦਾਨ ਨੂੰ ਦੇਖਦੇ ਹੋਏ ਹਰਭਜਨ ਸਿੰਘ ਖੇਮਕਰਨੀ ਨੂੰ ਦਿਤਾ ਜਾਵੇਗਾ।

ਮਾਇਆ ਦੇਵੀ ਮੈਮੋਰੀਅਲ ਸਕੂਲ ਕੇਰਾਖੇੜਾ ਤੇ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਦੇ ਵਿਦਿਆਰਥੀ ਵੀ ਆਪਣੀਆਂ ਮਿੰਨੀ ਕਹਾਣੀਆਂ ਦਾ ਪਾਠ ਕਰਨਗੇ। ਅੰਤਰਰਾਸ਼ਟਰੀ ਪੱਧਰ ਦੇ ਸਾਹਿਤਕਾਰਾਂ ਚੈਖ਼ਵ, ਮੈਕਸਿਮ ਗੋਰਕੀ, ਸ਼ਆਦਤ ਹਸਨ ਮੰਟੋ, ਮੁਸ਼ੀ ਪ੍ਰੇਮ ਚੰਦ, ਖ਼ਲੀਲ ਜ਼ਿਬਰਾਨ ਦੀਆਂ ਮਿੰਨੀ ਰਚਨਾਵਾਂ ਦਾ ਪਾਠ ਕਰਕੇ ਉਨ੍ਹਾਂ ਦੀਆਂ ਲਿਖਤਾਂ ਨੂੰ ਅੱਜ ਦੇ ਸੰਦਰਭ ਵਿਚ ਵਾਚਿਆ ਜਾਵੇਗਾ।

# ਕਬੱਡੀ 'ਚ ਅੱਵਲ ਰਹੀਆਂ ਖਿਡਾਰਨਾਂ ਦਾ ਸਕੂਲ ਤਖਤਗੜ੍ਹ ਵਿਖੇ ਸਨਮਾਨ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)** -ਖੇਡਾਂ ਵਤਨ ਪੰਜਾਬ ਦੀਆਂ ਦੌਰਾਨ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਤਖਤਗੜ੍ਹ ਦੀਆਂ ਨੈਸ਼ਨਲ ਸਟਾਈਲ ਕਬੱਡੀ 'ਚ ਅੱਵਲ ਰਹੀਆਂ ਸਾਬਕਾ ਖਿਡਾਰਨਾਂ ਦਾ ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਮਨੀ ਰਾਮ ਅਤੇ ਸਮੂਹ ਸਟਾਫ ਵੱਲੋਂ ਸਨਮਾਨ ਕੀਤਾ ਗਿਆ। ਦੱਸਣਯੋਗ ਹੈ ਕਿ ਸਕੂਲ ਦੀਆਂ ਸਾਬਕਾ ਕਬੱਡੀ ਖਿਡਾਰਨਾਂ ਨੇ ਸੀਨੀਅਰ ਵਰਗ ਵਿੱਚ ਬਲਾਕ ਨੂਰਪੁਰ ਬੇਦੀ ਵਲੋਂ ਖੇਡਦਿਆਂ ਬਲਾਕ ਰੋਪੜ ਨੂੰ ਹਰਾ ਕੇ ਗੋਲਡ ਮੈਡਲ ਹਾਸਲ ਕੀਤਾ ਹੈ। ਪ੍ਰਿੰਸੀਪਲ ਮਨੀ ਰਾਮ ਨੇ ਕਿਹਾ ਕਿ ਇਨ੍ਹਾਂ ਖਿਡਾਰਨਾਂ ਨੇ ਆਪਣੀ ਖੇਡ ਦੇ ਬਲਬੂਤੇ ਆਪਣੀ ਖੇਡ ਦਾ ਲੋਹਾ ਮਨਵਾਇਆ ਹੈ ਤੇ ਇਹ ਮੁਕਾਮ ਖਿਡਾਰਨਾਂ ਦੀ ਮਿਹਨਤ, ਲਗਨ, ਦ੍ਰਿੜਤਾ ਅਤੇ ਕੋਚ ਰਾਜਵੀਰ ਕੌਰ ਲੈਕਚਰਾਰ ਫਿਜੀਕਲ ਐਜੂਕੇਸ਼ਨ ਸਰਕਾਰੀ ਕਾਲਜ ਮੁੰਨੇ ਦੀ ਮਿਹਨਤ ਸਦਕਾ ਹੀ ਸੰਭਵ ਹੋ ਸਕਿਆ ਹੈ। ਉਨਾਂ ਇਸ ਪ੍ਰਾਪਤੀ ਲਈ ਖਿਡਾਰਨਾਂ ਨੂੰ ਵਧਾਈ ਦਿੱਤੀ। ਇਹਨਾਂ ਖਿਡਾਰਨਾਂ 'ਚ ਮਨਪ੍ਰੀਤ ਔਲਖ, ਸਿਮਰਨਪ੍ਰੀਤ ਤਖਤਗੜ੍ਹ, ਜਸਪ੍ਰੀਤ ਅਸਾਲਤਪੁਰ ਹਰਪ੍ਰੀਤ ਕੌਰ, ਜਸਪ੍ਰੀਤ ਸੈਣੀ, ਰਵਨੀਤ ਕੌਰ, ਗੁਰਪ੍ਰੀਤ ਕੌਰ, ਰਾਜਵਿੰਦਰ ਕੌਰ, ਦਲਜੀਤ ਕੌਰ, ਜਿੰਦਰ ਕੌਰ, ਰਾਜਵੀਰ ਕੌਰ ਅਤੇ ਕੋਮਲ ਸ਼ਾਮਿਲ ਹਨ। ਜਿਨ੍ਹਾਂ ਵਿੱਚ ਉਕਤ ਸਕੂਲ ਦੀਆਂ ਸਾਬਕਾ ਅੱਠ ਖਿਡਾਰਨਾਂ ਸ਼ਾਮਿਲ ਹਨ। ਉਪਰੰਤ ਸਮੂਹ ਖਿਡਾਰਨਾਂ ਦਾ ਸਕੂਲ ਵਿਖੇ ਸਨਮਾਨ ਕੀਤਾ ਗਿਆ। ਇਸ ਮੌਕੇ ਲੈਕਚਰਾਰ ਬਲਵੀਰ ਚੰਦ, ਪਰਮਜੀਤ ਕੌਰ, ਮਨਜੀਤ ਸਿੰਘ, ਅਨਿਲ ਕੁਮਾਰ, ਰੋਹਿਤ ਸ਼ਰਮਾ ਆਦਿ ਸਮੇਤ ਸਮੂਹ ਸਟਾਫ ਹਾਜ਼ਰ ਸੀ।

# ਬੈਲਗ੍ਰੇਡ 'ਚ ਭਾਰਤੀ ਸਾਹਿਤਕਾਰ ਡਾ. ਜਰਨੈਲ ਸਿੰਘ ਆਨੰਦ ਨੂੰ ਅੰਤਰ-ਰਾਸ਼ਟਰੀ ਐਵਾਰਡ ਚਾਰਟਰ ਆਫ ਮੋਰਾਵਾ ਦੇਣ ਦਾ ਐਲਾਨ



**ਚੰਡੀਗੜ੍ਹ**:-ਬੈਲਗ੍ਰੇਡ ਵਿੱਚ ਭਾਰਤ ਦੇ ਉੱਘੇ ਸਾਹਿਤਕਾਰ ਡਾ. ਜਰਨੈਲ ਸਿੰਘ ਆਨੰਦ ਨੂੰ ਅੰਤਰ-ਰਾਸ਼ਟਰੀ ਐਵਾਰਡ ਚਾਰਟਰ ਆਫ ਮੋਰਾਵਾ ਦੇਣ ਦਾ ਐਲਾਨ ਕੀਤਾ ਗਿਆ ਹੈ। ਗਰੇਜ਼ੀ ਵਿੱਚ 150 ਤੋਂ ਵੱਧ ਕਿਤਾਬਾਂ ਦੇ ਲੇਖਕ ਅਤੇ ਵਿਸ਼ਵ ਨੂੰ ਅੰਤਰ-ਰਾਸ਼ਟਰੀ ਅਕੈਡਮੀ ਆਫ ਐਥਿਕਸ ਦੇਣ ਵਾਲੇ ਵਿਸ਼ਵ ਸਾਹਿਤ ਦੇ ਮਹਾਂਨਾਇਕ ਡਾ. ਜਰਨੈਲ ਸਿੰਘ ਆਨੰਦ ਨੂੰ 20 ਤੋਂ 23 ਅਕਤੂਬਰ, 2023 ਨੂੰ ਹੋਣ ਵਾਲੇ ਅੰਤਰਰਾਸ਼ਟਰੀ ਮੀਟਿੰਗ ਆਫ ਰਾਈਟਰਜ਼ ਲਈ ਸੱਦਾ ਪੱਤਰ ਪ੍ਰਾਪਤ ਹੋਇਆ ਹੈ, ਜਿਥੇ ਉਹ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕਰਨਗੇ ਅਤੇ ਉਨ੍ਹਾਂ ਨੂੰ ਸਰਬੀਅਨ ਰਾਈਟਰਜ਼ ਐਸੋਸੀਏਸ਼ਨ ਦੀ ਤਰਫੋਂ ਅੰਤਰ-ਰਾਸ਼ਟਰੀ ਐਵਾਰਡ ਚਾਰਟਰ ਆਫ ਮੋਰਾਵਾ ਨਾਲ ਸਨਮਾਨਿਤ ਕੀਤਾ ਜਾਵੇਗਾ। ਡਾ. ਆਨੰਦ ਪਹਿਲੇ ਭਾਰਤੀ ਸਾਹਿਤਕਾਰ ਹਨ, ਜਿਨ੍ਹਾਂ ਦਾ ਨਾਮ ਸਰਬੀਆ ਵਿੱਚ ਲਗੀ ਹੋਈ ਪੋਇਟਸ ਰਾਕ 'ਤੇ ਲਿਖਿਆ ਜਾਵੇਗਾ। ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਉਨ੍ਹਾਂ ਨੂੰ ਸਰਬੀਆ ਦੀ ਰਾਈਟਰਜ਼ ਐਸੋਸੀਏਸ਼ਨ ਦਾ ਆਨਰੇਰੀ ਮੈਂਬਰ ਨਿਯੁਕਤ ਕੀਤਾ ਗਿਆ ਸੀ। ਸਰਬੀਆ ਵਿੱਚ ਹਰ ਸਾਲ ਹੋਣ ਵਾਲਾ ਇਹ ਵੱਕਾਰੀ ਸਮਾਗਮ ਸਰਬੀਆ ਨੂੰ ਦੁਨੀਆਂ ਦੀ ਸਾਹਿਤਕ ਰਾਜਧਾਨੀ ਵਿੱਚ ਬਦਲ ਦਿੰਦਾ ਹੈ। ਵਿਸ਼ੇਸ਼ ਮਹਿਮਾਨਾਂ ਵਿੱਚ ਅਮਰੀਕਾ ਦੇ ਮਹਾਨ ਸਾਹਿਤਕਾਰ ਟੀ. ਓਬ੍ਰਿਹਤ, ਆਈਜ਼ਰਬੈਜਾਨ ਤੋਂ ਸਿਰਾਜ਼ੀਦੀਨਾ ਸਜੀਦਾ ਅਤੇ ਇਟਲੀ ਦੇ ਦਾਂਤੇ ਮਾਫੀਆ ਵੀ ਸ਼ਿਰਕਤ ਕਰ ਰਹੇ ਹਨ। ਇਸ ਮੌਕੇ ਡਾ. ਆਨੰਦ ਦੀਆਂ ਕਵਿਤਾਵਾਂ ਦੀ ਵੱਖ-ਵੱਖ ਭਾਸ਼ਾਵਾਂ ਵਿੱਚ ਅਨੁਵਾਦ ਦੀ ਇਕ ਪੁਸਤਕ "ਬੈਸਟ ਪੋਇਟਰੀ ਆਫ ਡਾ. ਆਨੰਦ (ਐਨ ਆਫਰਿੰਗ ਇਨ ਟਰਾਂਸਲੇਸ਼ਨ)" ਅਤੇ "ਦਿ ਇੰਪਰਫ਼ੈਕਟ ਆਰਟਿਸਟ" (ਕਾਵਿ ਪੁਸਤਕ) ਵੀ ਰਿਲੀਜ ਕੀਤੀ ਜਾਵੇਗੀ।

ਸਰਬੀਅਨ ਰਾਈਟਰਜ਼ ਐਸੋਸੀਅਸ਼ਨ ਦੀ ਤਰਫੋਂ ਕਰਵਾਏ ਜਾ ਰਹੇ ਇਸ ਵਿਸ਼ਵ ਪੱਧਰੀ ਸਮਾਗਮ ਵਿੱਚ ਸਰਬੀਆ ਦੇ ਮਨਿਸਟਰ ਆਫ ਕਲਚਰ ਅਤੇ ਮੇਅਰ ਸ਼ਿਰਕਤ ਕਰਨਗੇ ਅਤੇ ਰਾਸ਼ਟਰੀ ਟੈਲੀਵਿਜ਼ਨ 'ਤੇ ਮਹਿਮਾਨ ਸਾਹਿਤਕਾਰਾਂ ਨਾਲ ਇੰਟਰਵਿਊ ਪੇਸ਼ ਕੀਤੀ ਜਾਵੇਗੀ। ਸਰਬੀਆ ਵਿੱਚ ਆਪਣੇ ਨੋਬਲ ਵਿਜੇਤਾ ਆਈਵੋ ਅੰਦਰਿਕ (1961) ਨੂੰ ਸ਼ਿੱਦਤ ਨਾਲ ਯਾਦ ਕੀਤਾ ਜਾਂਦਾ ਹੈ। ਭਾਰਤ ਦੇ ਨੋਬਲ ਵਿਜੇਤਾ ਰਾਬਿੰਦਰ ਨਾਥ ਟੈਗੋਰ ਨੇ ਵੀ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ ਸੀ, ਜਦੋਂ ਉਹ 1926 ਵਿੱਚ ਸਰਬੀਆ ਆਏ ਸਨ। ਟੈਗੋਰ ਤੋਂ ਬਾਅਦ ਸਰਬੀਆ ਦੇ ਲੇਖਕ ਸੰਘ ਦੇ ਮੈਂਬਰ ਬਣਨ ਵਾਲੇ ਅਤੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕਰਨ ਵਾਲੇ ਡਾ. ਆਨੰਦ ਪਹਿਲੇ ਭਾਰਤੀ ਹਨ। ਪੰਜਾਬ ਲਈ ਇਹ ਵਿਸ਼ੇਸ਼ ਤੌਰ 'ਤੇ ਮਾਣ ਵਾਲੀ ਗੱਲ ਹੈ ਕਿ ਇਕ ਪੰਜਾਬੀ ਨੂੰ ਵਿਸ਼ਵ ਪੱਧਰ 'ਤੇ ਇਹ ਸਨਮਾਨ ਪ੍ਰਾਪਤ ਹੋਇਆ ਹੈ। ਡਾ. ਆਨੰਦ ਨੇ ਚਾਲੀ ਸਾਲ ਵਿਦਿਆ ਦੇ ਖੇਤਰ ਨੂੰ ਸਮਰਪਿਤ ਕੀਤੇ ਹਨ। ਇਸ ਅਰਸੇ ਦੌਰਾਨ ਕਾਵਿ ਰਚਨਾ ਪ੍ਰਤੀ ਉਨ੍ਹਾਂ ਦਾ ਲਗਾਅ ਬਣਿਆ ਰਿਹਾ। ਉਨ੍ਹਾਂ ਨੂੰ ਰੂਮੀ ਦੀ ਧਰਤੀ ਇਰਾਨ ਤੋਂ ਰੱਜ ਕੇ ਪਿਆਰ ਤੇ ਸਤਿਕਾਰ ਹਾਸਿਲ ਹੋਇਆ। ਚਾਰ ਕਿਤਾਬਾਂ ਦਾ ਫਾਰਸੀ ਵਿੱਚ ਉਲੱਥਾ ਕੀਤਾ ਗਿਆ ਤੇ ਡਾ. ਫਾਰਸੀ ਦੀ ਸਹਾਇਤਾ ਨਾਲ ਬਾਇਉ-ਟੈਕਸਟ ਦਾ ਸਿਧਾਂਤ ਸਾਧਿਆ ਗਿਆ। ਡਾ. ਆਨੰਦ ਨੇ ਸੱਤ ਕਾਵਿ ਪੁਸਤਕਾਂ ਵੀ ਮਾਂ-ਬੋਲੀ ਦੀ ਝੋਲੀ ਪਾਈਆਂ ਹਨ। ਡਾ. ਆਨੰਦ ਨੂੰ ਕਰਾਸ ਆਫ ਪੀਸ, ਕਰਾਸ ਆਫ ਲਿਟਰੇਚਰ, ਵਰਲਡ ਆਈਕਨ ਆਫ ਪੀਸ ਅਤੇ ਯੂਕਰੇਨ ਤੋਂ ਫਰਾਂਜ਼ ਕਾਫਕਾ ਐਵਾਰਡ ਹਾਸਿਲ ਹੋਏ ਹਨ। ਉਨ੍ਹਾਂ ਨੇ ਕੁਝ ਸਮਾਂ ਪਹਿਲਾ ਅੰਤਰ-ਰਾਸ਼ਟਰੀ ਅਕੈਡਮੀ ਆਫ ਐਥਿਕਸ ਦੀ ਵੀ ਸਥਾਪਨਾ ਕੀਤੀ ਅਤੇ ਚਾਰ ਵਰਲਡ ਪੋਇਟਰੀ ਕਾਨਫਰੰਸਾਂ ਕਰਵਾ ਕੇ ਸਾਹਿਤ ਦੇ ਮਹਾ ਯੱਗ ਵਿੱਚ ਆਪਣਾ ਹਿੱਸਾ ਪਾਇਆ। ਡਾ. ਆਨੰਦ ਦੀ ਸਭ ਤੋਂ ਜ਼ਿਆਦਾ ਚਰਚਿਤ ਪੁਸਤਕ "ਲਸਟਿਸ" ਇਕ ਮਹਾਂਕਾਵਿ ਹੈ ਜਿਸ ਨੂੰ ਕੁਝ ਯੂਨੀਵਰਸਿਟੀਆਂ ਅੰਗਰੇਜ਼ੀ ਸਾਹਿਤ ਵਿੱਚ ਸ਼ਾਮਿਲ ਕਰ ਰਹੀਆਂ ਹਨ।

ਡਾ. ਆਨੰਦ ਦੁਨੀਆ ਦੇ ਇਕੋ-ਇਕ ਕਵੀ ਹਨ, ਜਿਨ੍ਹਾਂ ਨੇ 9 ਮਹਾਂਕਾਵਿ ਲਿਖੇ ਹਨ ਅਤੇ ਆਪਣੀ ਸਮਰੱਥਾ ਨਾਲ ਦੁਨੀਆ ਨੂੰ ਪ੍ਰਭਾਵਿਤ ਕੀਤਾ ਹੈ।

# ਐੱਲ ਪੀ ਯੂ ਦੇ ਵਿਦਿਆਰਥੀਆਂ ਨੇ ਏਸ਼ੀਆਈ ਖੇਡਾਂ 'ਚ ਅੱਠ ਮੈਡਲ ਜਿੱਤੇ



**ਜਲੰਧਰ :( ਸ਼ੈਲੀ ਐਲਬਰਟ)** ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੀਰਜ ਚੋਪੜਾ ਅਤੇ ਅਰਜੁਨ ਸਿੰਘ ਚੀਮਾ ਨੇ ਚੀਨ ਚ 19ਵੀਆਂ ਏਸ਼ੀਆਈ ਖੇਡਾਂ 'ਚ ਗੋਲਡ ਮੈਡਲ ਜਿੱਤ ਕੇ ਦੇਸ਼ ਅਤੇ ਯੂਨੀਵਰਸਿਟੀ ਦਾ ਨਾਂ ਰੌਸ਼ਨ ਕੀਤਾ ਹੈ। ਨੀਰਜ ਨੇ 88.88 ਮੀਟਰ ਦੀ ਜੈਵਲਿਨ ਥਰੋਅ ਨਾਲ ਚੋਟੀ ਦਾ ਮੈਡਲ ਜਿੱਤਿਆ ਹੈ ਅਤੇ ਅਰਜੁਨ ਚੀਮਾ ਨੇ ਪੁਰਸ਼ਾਂ ਦੇ 10 ਮੀਟਰ ਏਅਰ ਪਿਸਟਲ ਟੀਮ ਈਵੈਂਟ ਵਿੱਚ ਸੋਨ ਮੈਡਲ ਜਿੱਤਿਆ ਹੈ।ਭਾਰਤ ਦੀ ਪੁਰਸ਼ ਕੰਪਾਊਂਡ ਤੀਰਅੰਦਾਜ਼ੀ ਟੀਮ ਜਿਸ 'ਚ ਐਲਪੀਯੂ ਦੇ ਵਿਦਿਆਰਥੀ ਅਭਿਸ਼ੇਕ ਵਰਮਾ ਅਤੇ ਪ੍ਰਥਮੇਸ਼ ਸ਼ਾਮਲ ਹਨ ਨੇ ਵੀ ਦੇਸ਼ ਲਈ ਇੱਕ ਹੋਰ ਸੋਨ ਮੈਡਲ ਹਾਸਲ ਕੀਤਾ ਹੈ। ਇਸ ਤੋਂ ਇਲਾਵਾ, ਐਲ ਪੀ ਯੂ ਦੀ ਵਿਦਿਆਰਥਣ ਲਵਲੀਨਾ ਬੋਰਗੋਹੇਨ ਨੇ 75 ਕਿਲੋ ਭਾਰ ਵਰਗ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਹੈ, ਪਰਵੀਨ ਹੁੱਡਾ ਨੇ 57 ਕਿਲੋ ਭਾਰ ਵਰਗ ਵਿੱਚ ਕਾਂਸੀ ਅਤੇ ਪ੍ਰੀਤੀ ਨੇ ਵੀ 54 ਕਿਲੋ ਭਾਰ ਵਰਗ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ ਹੈ। ਸ਼ੂਟਰ ਪ੍ਰੀਤੀ ਰਾਜਕ ਨੇ ਟਰੈਪ ਮਹਿਲਾ ਟੀਮ ਈਵੈਂਟ 'ਚ ਚਾਂਦੀ ਦਾ ਤਗਮਾ ਜਿੱਤਿਆ। ਰੋਇੰਗ ਕਵਾਡਰਪਲ ਸਕਲਸ 'ਚ, ਪਰਮਿੰਦਰ ਸਿੰਘ ਨੇ ਕਾਂਸੀ ਦਾ ਮੈਡਲ ਹਾਸਲ ਕੀਤਾ। ਪੂਜਾ ਗਹਿਲੋਤ ਨੇ ਔਰਤਾਂ ਦੇ 50 ਕਿਲੋਗ੍ਰਾਮ ਵਰਗ ਦੇ ਸੈਮੀਫਾਈਨਲ ਵਿੱਚ ਪ੍ਰਵੇਸ਼ ਕੀਤਾ। ਸ਼ਾਲਿਨੀ ਠਾਕੁਰ, ਮਿਤਾਲੀ ਸ਼ਰਮਾ, ਪ੍ਰਿਅੰਕਾ ਠਾਕੁਰ, ਭਾਵਨਾ, ਨਿਧੀ ਸ਼ਰਮਾ, ਅਤੇ ਦੀਕਸ਼ਾ ਕੁਮਾਰੀ ਸ਼ਾਮਲ ਹਨ, ਐਲ ਪੀ ਯੂ ਤੋਂ ਹਨ। ਭਾਰਤੀ ਹਾਕੀ ਟੀਮ ਅਤੇ ਬਾਸਕਟਬਾਲ ਟੀਮ ਦੇ ਵਿਦਿਆਰਥੀਆਂ ਤੋਂ ਵੀ ਮੈਡਲ ਜੇਤੂ ਹੋਣ ਦੀ ਉਮੀਦ ਹੈ।ਮੈਡਲ ਜੇਤੂਆਂ ਨੂੰ ਵਧਾਈ ਦਿੰਦੇ ਹੋਏ ਅਤੇ ਹੋਰ ਸਾਰੇ ਭਾਗੀਦਾਰਾਂ ਨੂੰ ਪ੍ਰੇਰਿਤ ਕਰਦੇ ਹੋਏ, ਐਲਪੀਯੂ ਦੇ ਸੰਸਥਾਪਕ ਚਾਂਸਲਰ ਅਤੇ ਸੰਸਦ ਮੈਂਬਰ ਰਾਜ ਸਭਾ ਡਾ ਅਸ਼ੋਕ ਕੁਮਾਰ ਮਿੱਤਲ ਸ਼ੇਅਰ ਕਰਦੇ ਹਨ। ਐਲਪੀਯੂ ਆਪਣੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਜਨੂੰਨ ਅਤੇ ਉਦੇਸ਼ਾਂ ਦੇ ਅਨੁਸਾਰ, ਉਨ੍ਹਾਂ ਦੇ ਸਬੰਧਤ ਖੇਤਰਾਂ 'ਚ ਸਿਖਰ 'ਤੇ ਰਹਿਣ ਲਈ ਤਿਆਰ ਕਰਦਾ ਹੈ।

# ਅਮਰੀਕਾ ਤੋਂ ਚਾਵਾਂ ਨਾਲ ਪੰਜਾਬ ਪੁੱਜੇ, ਕਹਿੰਦੇ ਇਥੇ ਕਾਨੂੰਨ ਤੇ ਸੁਰੱਖਿਆ ਨਾਂਅ ਦੀ ਕੋਈ ਚੀਜ਼ ਨਹੀਂ



**ਅੱਪਰਾ (ਨਿਰਮਲ ਗੁੜਾ)**-ਇਕ ਪਾਸੇ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਪੰਜਾਬ ਦੇ ਨੌਜਵਾਨਾਂ ਦਾ ਵਿਦੇਸ਼ ਜਾਣ ਦੇ ਰੁਝਾਨ ਨੂੰ ਮੋੜ ਕੇ ਪੰਜਾਬ ਵਿਚ ਚੰਗਾ ਮਹੌਲ ਦੇਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ, ਦੂਜੇ ਪਾਸੇ ਵਿਦੇਸ਼ ਤੋਂ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਜੇਕਰ ਕੋਈ ਆਪਣੇ ਵਤਨ ਆਉਂਦਾ ਹੈ ਤਾਂ ਇਥੇ ਹੋ ਰਹੀਆਂ ਲੁੱਟਾਂ ਖੋਹਾਂ ਚੋਰੀ ਅਤੇ ਗੁੰਡਾ ਗਰਦੀ ਦੀਆਂ ਵਾਰਦਾਤਾਂ ਨੂੰ ਵੇਖ ਕੇ ਕੋਈ ਮਾਂ ਬਾਪ ਆਪਣੇ ਬੱਚਿਆਂ ਨੂੰ ਇਥੇ ਰਹਿਣ ਲਈ ਕਿਵੇਂ ਪ੍ਰੇਰਤ ਕਰ ਸਕਦਾ ਹੈ। ਇਸ ਤਰ੍ਹਾਂ ਦੀ ਹੀ ਘਟਨਾ ਵਾਪਰੀ ਹੈ ਹਲਕਾ ਫਿਲੌਰ ਦੇ ਥਾਣਾ ਗੁਰਾਇਆ ਅਧੀਨ ਪੈਂਦੇ ਪਿੰਡ ਦੁਸਾਂਝ ਕਲਾਂ ਵਿਖੇ, ਜਿੱਥੇ ਬੀਤੀ ਰਾਤ ਹੀ ਜਸਬੀਰ ਸਿੰਘ ਆਪਣੇ ਪਰਵਾਰ ਸਮੇਤ ਅਮਰੀਕਾ ਤੋਂ ਆਏ ਹਨ, ਜਦੋਂ ਘਰ ਆ ਕੇ ਵੇਖਿਆ ਤਾਂ ਚੋਰਾਂ ਵੱਲੋਂ ਘਰ ਦੀਆਂ ਗਰਿੱਲਾਂ ਅਤੇ ਸ਼ੀਸ਼ੇ ਤੋੜ ਕੇ ਚੋਰੀ ਕੀਤੀ ਹੋਈ ਸੀ। ਪੀੜਤ ਜਸਬੀਰ ਸਿੰਘ ਨੇ ਭਰੇ ਮਨ ਨਾਲ ਦੱਸਿਆ ਕਿ ਘਰ ਵਿੱਚ ਚੋਰਾਂ ਵੱਲੋਂ ਕੀਤੀ ਵਾਰਦਾਤ ਨੂੰ ਵੇਖ ਕੇ ਬੱਚੇ ਡਰ ਗਏ ਤੇ ਮਨ ਕਰਦਾ ਹੈ ਕਿ ਬੱਚਿਆਂ ਨੂੰ ਨਾਲ ਲੈ ਕੇ ਹੁਣੇ ਇਥੋਂ ਵਾਪਸ ਵਿਦੇਸ਼ ਚਲੇ ਜਾਈਏ। ਜਸਬੀਰ ਸਿੰਘ ਨੇ ਦੱਸਿਆ ਕਿ ਚੋਰ ਉਹਨਾਂ ਦੇ ਘਰ 'ਚੋਂ ਐਲ ਈ ਡੀ, ਕਪੜੇ, ਸੀ ਸੀ ਟੀ ਵੀ ਕੈਮਰਿਆਂ ਦੀ ਡੀ ਵੀ ਆਰ ਚੋਰੀ ਕਰਕੇ ਲੈ ਗਏ। ਉਹਨਾਂ ਅੱਗੇ ਕਿਹਾ ਕਿ ਇਥੇ ਸੁਰੱਖਿਆ ਅਤੇ ਕਾਨੂੰਨ ਨਾਂਅ ਦੀ ਕੋਈ ਚੀਜ ਨਹੀਂ ਹੈ। ਜਸਬੀਰ ਸਿੰਘ ਨੇ ਕਿਹਾ ਕਿ ਪੁਲਸ ਚੌਕੀ ਦੁਸਾਂਝ ਕਲਾਂ ਦੀ ਪੁਲਸ ਨੂੰ ਵਾਰ ਵਾਰ ਫੋਨ ਕੀਤਾ, ਪਰ ਉਹਨਾਂ ਫੋਨ ਵੀ ਰਿਸੀਵ ਨਹੀਂ ਕੀਤਾ ਤੇ ਪੁਲਸ ਵਲੋਂ ਇਨਸਾਫ ਅਤੇ ਸੁਰੱਖਿਆ ਦੀ ਕੀ ਆਸ ਰੱਖੀ ਜਾ ਸਕਦੀ ਹੈ।

# ਲਾਇਲਪੁਰ ਖ਼ਾਲਸਾ ਕਾਲਜ ਵਿਖੇ ਪੰਜਾਬ ਸਟੇਟ ਸੁਪਰ ਫੁੱਟਬਾਲ ਲੀਗ ਮੈਚ



**ਜਲੰਧਰ :( ਸ਼ੈਲੀ ਐਲਬਰਟ)**-ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਵਿਖੇ ਪੰਜਾਬ ਸਟੇਟ ਸੁਪਰ ਫੁੱਟਬਾਲ ਲੀਗ ਟੀਅਰ-2 ਦਾ ਮੈਚ ਗੁਰੂ ਫੁੱਟਬਾਲ ਕਲੱਬ ਅਤੇ ਕੁਰਾਲੀ ਫੁੱਟਬਾਲ ਕਲੱਬ ਟੀਮਾਂ ਦਰਮਿਆਨ ਖੇਡਿਆ ਗਿਆ।ਇਸ ਮੈਚ 'ਚ ਮੁੱਖ ਮਹਿਮਾਨ ਵਜੋਂ ਇੰਦਰਜੀਤ ਸਿੰਘ ਪ੍ਰਧਾਨ ਧਢਅ ਜਲੰਧਰ ਅਤੇ ਵਿਸ਼ੇਸ਼ ਮਹਿਮਾਨ ਮਨਜੀਤ ਸਿੰਘ ਢੱਟ, ਸੁਖੀ ਮਾਨ, ਮਨਮੋਹਨ ਸਿੰਘ, ਸੰਤੋਖ ਸਿੰਘ ਨਾਰਵੇ ਨੇ ਸ਼ਿਰਕਤ ਕੀਤੀ ਅਤੇ ਇਸ ਅਵਸਰ 'ਤੇ ਪ੍ਰਧਾਨਗੀ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕੀਤੀ।ਦੋਵੇਂ ਟੀਮਾਂ ਵਲੋਂ ਉੱਚ ਪੱਧਰੀ ਫੁੱਟਬਾਲ ਖੇਡ ਦਾ ਪ੍ਰਦਰਸ਼ਨ ਕੀਤਾ ਗਿਆ। ਮੁੱਖ ਮਹਿਮਾਨ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ 'ਚ ਹਿੱਸਾ ਲੈਣਾ ਚਾਹੀਦਾ ਹੈ, ਜਿਸ ਨਾਲ ਉਨ੍ਹਾਂ ਦੇ ਮਾਨਸਿਕ ਵਿਕਾਸ ਦੇ ਨਾਲ-ਨਾਲ ਸਰੀਰਿਕ ਵਿਕਾਸ ਵੀ ਹੁੰਦਾ ਹੈ।ਦੋਵਾਂ ਟੀਮਾਂ ਨੇ ਮੈਚ ਬੜੇ ਸੰਘਰਸ਼ ਨਾਲ ਦਿਲਚਸਪ ਮੋੜ 'ਤੇ ਲੈ ਆਂਦਾ ਤੇ ਅੰਤ 'ਚ ਇਹ ਮੈਚ 2-2 ਦੀ ਬਰਾਬਰੀ ਨਾਲ ਡ੍ਰਾਅ ਰਿਹਾ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਦੋਨਾਂ ਟੀਮ ਨੂੰ ਵਧਾਈ ਦਿੱਤੀ। ਇਸ ਮੌਕੇ ਕਾਲਜ ਦੇ ਅਧਿਆਪਕ ਸਾਹਿਬਾਨ, ਨਾਨ-ਟੀਚਿੰਗ ਸਟਾਫ ਮੈਂਬਰ ਤੇ ਵੱਡੀ ਗਿਣਤੀ 'ਚ ਵਿਦਿਆਰਥੀ ਮੌਜੂਦ ਸਨ।।

# ਬਲਾਕ ਪੱਧਰੀ ਖੇਡਾਂ ਦਾ ਆਗਾਜ਼



**ਕੁਰਾਲੀ (ਮੋਹਨ ਅੱਗਰਵਾਲ ਜੋਗਾ)**:-ਬਲਾਕ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਬਲਾਕ ਮਾਜਰੀ ਦਾ ਆਗਾਜ਼ ਹੋਇਆ। ਜਿਨ੍ਹਾਂ ਦਾ ਉਦਘਾਟਨ ਸਮਾਜ ਸੇਵੀ ਸਰਦਾਰ ਪ੍ਰਿਤਪਾਲ ਸਿੰਘ ਤੀੜਾ ਨੇ ਕੀਤਾ। ਅਥਲੈਟਿਕਸ ਅਧੀਨ 100 ਮੀਟਰ ਲੜਕੇ ਲੜਕੀਆਂ, 200 ਮੀਟਰ, 400 ਮੀਟਰ 600 ਮੀਟਰ, ਰਿਲੇ ਰੇਸ, ਸੋਰਟ ਪੁਟ ਯੋਗਾ ਅਤੇ ਸਤਰੰਜ ਦੇ ਮੁਕਾਬਲੇ ਕਰਾਏ ਗਏ। ਦਫਤਰ ਬੀ ਪੀ ਓ ਮਾਜਰੀ ਵੱਲੋਂ ਸ੍ਰੀਮਤੀ ਨੀਨਾ ਕੁਮਾਰੀ ਬੀ ਪੀ ਓ ਮਾਜਰੀ, ਸ੍ਰੀਮਤੀ ਅਨੀਤਾ ਰਾਣੀ ਪੀ ਟੀ ਆਈ ਅਤੇ ਰੁਪਿੰਦਰ ਕੌਰ ਲੇਖਾਕਾਰ ਨੇ ਸ਼ਿਰਕਤ ਕੀਤੀ। ਮੁਕਾਬਲਿਆਂ ਵਿੱਚ 100 ਮੀਟਰ ਲੜਕਿਆਂ 'ਚ ਪਹਿਲਾ ਸਥਾਨ ਪ੍ਰਿੰਸ ਕੁਮਾਰ ਸੈਂਟਰ ਪਲਹੇੜੀ, ਦੂਜਾ ਤੋਸਿਫ ਅੰਸਾਰੀ ਮਾਜਰਾ ਅਤੇ ਤੀਜਾ ਸਥਾਨ ਅਮਨਜੋਤ ਸੈਂਟਰ ਮਾਜਰੀ ਨੇ ਪ੍ਰਾਪਤ ਕੀਤਾ। 100 ਮੀਟਰ ਲੜਕੀਆਂ ਦੇ ਮੁਕਾਬਲੇ 'ਚ ਰਹਿਮਤ ਸੈਂਟਰ ਕੁੱਬਾਹੇੜੀ, ਸਪਨਾ ਸੈਂਟਰ ਮਾਜਰਾ, ਪ੍ਰੇਮ ਲਤਾ ਸੈਂਟਰ ਪਲਹੇੜੀ ਕਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹੀਆਂ।

ਦੌੜ 200 ਮੀਟਰ ਲੜਕਿਆਂ ਵਿੱਚ ਭੋਲਾ ਮਾਜਰੀ, ਅਮਨਦੀਪ ਪਲਹੇੜੀ, ਹਰਿੰਦਰ ਕੁੱਬਾਹੇੜੀ ਕਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹੇ। 200 ਮੀਟਰ ਦੌੜ ਲੜਕੀਆਂ ਵਿੱਚ ਸੋਨਮ ਮਾਜਰੀ, ਅਦਿਤਰੀ ਮਾਜਰਾ, ਰਾਗਨੀ ਪਲਹੇੜੀ ਕਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹੀਆਂ ਇਸ ਤੋਂ ਇਲਾਵਾ ਸਾਰਟ ਪੁੱਟ ਮੁੰਡਿਆਂ ਦੇ ਮੁਕਾਬਲੇ 'ਚ ਮੋਹਿਤ ਪਲਹੇੜੀ ਪਹਿਲੇ, ਮਨੀਸ਼ ਭੜੌਜੀਆਂ ਦੂਜੇ ਅਤੇ ਪ੍ਰਿੰਸ ਬਹਿਲੋਲਪੁਰ ਤੀਜੇ ਸਥਾਨ 'ਤੇ ਰਹੇ। ਇਹਨਾਂ ਮੁਕਾਬਲਿਆਂ ਨੂੰ ਨੇਪਰੇ ਚਾੜਨ 'ਚ ਸੀ ਐਚ ਟੀ ਲਖਵੀਰ ਸਿੰਘ ਪਲਹੇੜੀ, ਬਲਜੀਤ ਸਿੰਘ ਮਾਜਰੀ, ਲਖਵਿੰਦਰ ਸਿੰਘ ਤੀੜਾ, ਗੁਰਜੀਤ ਸਿੰਘ ਭੜੌਜੀਆਂ, ਇਕਬਾਲ ਸਿੰਘ ਕੁਬਾਹੇੜੀ, ਸੁਖਜਿੰਦਰ ਸਿੰਘ ਬਹਿਲੋਲਪੁਰ, ਸ਼ਿਵ ਕੁਮਾਰ ਰਾਣਾ ਮਾਜਰਾ, ਮੱਖਣ ਸਿੰਘ, ਮੰਗਤ ਰਾਮ ਅਤੇ ਬਲਾਕ ਮਾਜਰੀ ਦੇ ਸਮੂਹ ਅਧਿਆਪਕਾਂ ਨੇ ਆਪਣੀਆਂ ਆਪਣੀਆਂ ਡਿਊਟੀਆਂ ਨਿਭਾਉਂਦਿਆਂ ਇਹਨਾਂ ਮੁਕਾਬਲਿਆਂ ਨੂੰ ਨੇਪਰੇ ਚਾੜਨ 'ਚ ਅਹਿਮ ਯੋਗਦਾਨ ਪਾਇਆ।

ਝੰਡੀ ਦੀ ਕੁਸ਼ਤੀ ਵਿੱਚ ਪਹਿਲਵਾਨ ਜੱਸਾ ਪੱਟੀ ਤਰਨਤਾਰਨ ਨੇ ਮੋਨੂੰ ਦਈਆ ਦਿੱਲੀ ਨੂੰ ਚਿੱਤ ਕੀਤਾ

# ਪੱਤਰਕਾਰ ਰਾਜ ਮਜਾਰੀ ਨੂੰ ਸਦਮਾ ਪਿਤਾ ਦੀ ਮੌਤ



**ਬਹਿਰਾਮ (ਅਵਤਾਰ ਕਲੇਰ)** ਬੰਗਾ ਤੋਂ ਸੀਨੀਅਰ ਪੱਤਰਕਾਰ ਰਾਜ ਮਜਾਰੀ ਨੂੰ ਗਹਿਰਾ ਸਦਮਾ ਪਹੁੰਚਿਆ ਹੈ। ਉਹਨਾਂ ਦੇ ਪਿਤਾ ਬਖਸ਼ੀ ਰਾਮ (85) ਦੀ ਮੌਤ ਹੋ ਗਈ ਹੈ। ਉਹ ਕੁਝ ਦਿਨਾਂ ਤੋਂ ਬਿਮਾਰ ਸਨ। ਉਹਨਾਂ ਦੀ ਅੰਤਿਮ ਅਰਦਾਸ ਅਤੇ ਭੋਗ 15 ਅਕਤੂਬਰ ਦਿਨ ਐਤਵਾਰ ਨੂੰ ਮਜਾਰੀ ਵਿਖੇ ਹੋਵੇਗਾ। ਉਹਨਾਂ ਦੀ ਮੌਤ 'ਤੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਡਾ ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਚੌਧਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ, ਆਪ ਆਗੂ ਕੁਲਜੀਤ ਸਿੰਘ ਸਰਹਾਲ, ਕਮਲਜੀਤ ਬੰਗਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਸਤਵੀਰ ਸਿੰਘ ਪੱਲੀਝਿੱਕੀ, ਬਲਵੀਰ ਸਿੰਘ ਕਰਨਾਣਾ ਚੇਅਰਮੈਨ ਮਾਰਕਿਟ ਕਮੇਟੀ ਬੰਗਾ ਤੋਂ ਇਲਾਵਾ ਸਮੂਹ ਪੱਤਰਕਾਰ ਭਾਈਚਾਰਾ ਜਸਵੀਰ ਸਿੰਘ ਨੂਰਪੁਰ, ਹਰਮੇਸ਼ ਵਿਰਦੀ, ਸੁਰਜੀਤ ਮਜਾਰੀ, ਨਰਿੰਦਰ ਰੱਤੂ, ਮਨਜਿੰਦਰ ਸਿੰਘ ਬੰਗਾ, ਧਰਮਵੀਰ ਪਾਲ, ਗੁਰਜਿੰਦਰ ਗੁਰੂ, ਨਰਿੰਦਰ ਮਾਹੀ, ਕੁਲਦੀਪ ਸਿੰਘ ਪਾਬਲਾ, ਨਵਕਾਂਤ ਭਰੋਮਜਾਰਾ, ਨਛੱਤਰ ਸਿੰਘ ਬਹਿਰਾਮ, ਅਵਤਾਰ ਕਲੇਰ, ਮਹਿੰਦਰ ਪਾਲ ਸਿੰਘ ਘੁੰਮਣ, ਪ੍ਰੇਮ ਜੰਡਿਆਲੀ, ਸੰਦੀਪ ਸਿੰਘ ਬਹੂਆ, ਸਰਬਜੀਤ ਸਿੰਘ ਚੱਕਰਾਮੂ , ਹਰਜਾਪ ਸਿੰਘ ਖਾਲਸਾ, ਪ੍ਰੇਮੀ ਸੰਧਵਾਂ, ਰੇਸ਼ਮ ਕਲੇਰ, ਜੋਗਿੰਦਰ ਜੰਡਿਆਲੀ, ਲੇਖ ਰਾਜ ਕੁਲਥਮ, ਗੁਰਨਾਮ ਸਿੰਘ ਚੱਕ ਮੰਡੇਰ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਕੱਪੜਾ ਵਪਾਰੀ ਰਣਜੀਤ ਸਿੰਘ ਨੂੰ ਸ਼ਰਧਾਂਜਲੀਆਂ ਭੇਟ



**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**-ਸਥਾਨਕ ਕਪੜਾ ਵਪਾਰੀ ਗੁਰਵਿੰਦਰਪਾਲ ਸਿੰਘ ਬੌਬੀ ਦੇ ਪਿਤਾ ਰਣਜੀਤ ਸਿੰਘ ਨਮਿੱਤ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਦੀਵਾਨ ਹਾਲ ਵਿੱਚ ਹੋਇਆ। ਸਮਾਗਮ ਦੌਰਾਨ ਭਾਈ ਜਗਤਾਰ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਸਪੁੱਤਰ ਨਵਜੀਤ ਸਿੰਘ ਨਵੀਂ, ਅਕਾਲੀ ਦਲ ਦੇ ਹਲਕਾ ਇੰਚਾਰਜ ਕਰਨ ਸਿੰਘ, ਸਰਕਲ ਪ੍ਰਧਾਨ ਅਮਨਦੀਪ ਸਿੰਘ ਮਾਂਗਟ, ਜਥੇ. ਹਰਬੰਸ ਸਿੰਘ ਕੰਧੋਲਾ ਅਤੇ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਮੇਜਰ ਸਿੰਘ ਮਾਂਗਟ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸਵ: ਕਪੜਾ ਵਪਾਰੀ ਰਣਜੀਤ ਸਿੰਘ ਇੱਕ ਅਜਿਹੇ ਵਿਅਕਤੀ ਸਨ ਜੋ ਕਿ ਹਮੇਸ਼ਾ ਲੋੜਵੰਦ ਲੋਕਾਂ ਦੀ ਹਰ ਪੱਖੋਂ ਮਦੱਦ ਕਰਨ ਨੂੰ ਤਰਜੀਹ ਦਿੰਦੇ ਸਨ ਅਤੇ ਬੱਚਿਆਂ ਨੂੰ ਰੱਬ ਰੂਪੀ ਮੰਨ ਕੇ ਉਨ੍ਹਾਂ ਨੂੰ ਕੁਝ ਨਾ ਕੁਝ ਖਾਣ ਨੂੰ ਦੇਣਾ ਉਨ੍ਹਾਂ ਦੀ ਪਹਿਲ ਕਦਮੀ ਸੀ। ਉਕਤ ਆਗੂਆਂ ਨੇ ਕਿਹਾ ਕਿ ਸਵ: ਰਣਜੀਤ ਸਿੰਘ ਹੋਰਾਂ ਵੱਲੋਂ ਦਰਸਾਏ ਰਾਹ 'ਤੇ ਤੁਰ ਕੇ ਹੀ ਅਸੀਂ ਸਹੀ ਅਰਥਾਂ ਵਿੱਚ ਲੋਕਾਂ ਦੀ ਸੇਵਾ ਕਰ ਸਕਦੇ ਹਨ ।

ਇਸ ਤੋਂ ਇਲਾਵਾ ਸਾਬਕਾ ਪ੍ਰਿੰਸੀਪਲ ਅਜਾਇਬ ਸਿੰਘ ਮਾਂਗਟ , ਬੁੱਧ ਰਾਮ ਸਿੰਘ, ਆੜ੍ਹਤੀ ਉੱਜਲ ਸਿੰਘ, ਮਨਜੀਤ ਸਿੰਘ ਕੰਗ, ਨਗਰ ਕੌਂਸਲ ਦੇ ਵਾਇਸ ਪ੍ਰਧਾਨ ਭੁਪਿੰਦਰ ਸਿੰਘ ਭੂਰਾ, ਨੈਬ ਸਿੰਘ, ਜਥੇ ਪ੍ਰੀਤਮ ਸਿੰਘ , ਡਾ. ਅਰਵਿੰਦ ਮਿੰਟੂ , ਗੁਰਮੀਤ ਸਿੰਘ ਮਕੜੌਨਾ, ਡਾ. ਰਾਜਪਾਲ ਚੌਧਰੀ, ਡਾ. ਸੁਰਿੰਦਰਪਾਲ ਸਿੰਘ, ਨੰਬਰਦਾਰ ਬਾਵਾ ਸਿੰਘ ਸਮੇਤ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਅਤੇ ਵੱਡੀ ਗਿਣਤੀ ਵਿੱਚ ਪਤਵੰਤਿਆਂ ਨੇ ਸ਼ਰਧਾਂਜਲੀ ਭੇਟ ਕੀਤੀ ।

# ਸ਼ਿੰਗਾਰੀਵਾਲਾ 'ਚ ਦੰਗਲ ਕਰਵਾਇਆ



**ਕੁਰਾਲੀ (ਮੋਹਨ ਅੱਗਰਵਾਲ ਜੋਗਾ)**:- ਗ੍ਰਾਮ ਪੰਚਾਇਤ ਪਿੰਡ ਸ਼ਿੰਗਾਰੀਵਾਲ ਵੱਲੋਂ ਸਮੂਹ ਨੱਗਰ ਵਾਸੀਆਂ ਦੇ ਸਹਿਯੋਗ ਨਾਲ ਸਾਲਾਨਾ ਕੁਸ਼ਤੀ ਦੰਗਲ ਕਰਵਾਇਆ ਗਿਆ। ਮੁੱਖ ਪ੍ਰਬੰਧਕਾਂ ਸਰਪੰਚ ਚਰਨਜੀਤ ਸਿੰਘ ਸਮੇਤ ਕੁਲਦੀਪ ਸਿੰਘ ਪੰਚ, ਬਹਾਦਰ ਸਿੰਘ ਪੰਚ, ਹਰਜਿੰਦਰ ਸਿੰਘ ਪੰਚ, ਕੇਸਰ ਸਿੰਘ ਖਜਾਨਚੀ, ਧਰਮਿੰਦਰ ਸਿੰਘ ਪੰਚ, ਗੁਰਮੇਲ ਸਿੰਘ ਢੀਂਡਸਾ, ਬਲਜੀਤ ਸਿੰਘ, ਬਲਜਿੰਦਰ ਸਿੰਘ ਬੜਿੰਗ, ਰਾਮ ਸਿੰਘ ਭੰਡੇਰ, ਭਿੰਦੀ ਤੇ ਸਵਰਨ ਸਿੰਘ ਬਿਲੰਗ ਆਦਿ ਪਤਵੰਤੇ ਸੱਜਣਾਂ ਨੇ ਪਿੰਡ ਦੇ ਧਾਰਮਿਕ ਅਸਥਾਨਾਂ 'ਤੇ ਮੱਥਾ ਟੇਕਣ ਮਗਰੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੇ ਵਸੀਲੇ ਸਦਕਾ ਖੁੱਲ੍ਹੇ ਮੈਦਾਨ 'ਚ ਕੁਸ਼ਤੀਆਂ ਦਾ ਉਦਘਾਟਨ ਕੀਤਾ। ਸਰਪੰਚ ਚਰਨਜੀਤ ਸਿੰਘ ਵੱਲੋਂ ਰੱਖੇ ਗਏ ਇੱਕ ਲੱਖ ਰੁਪਏ ਦੇ ਇਨਾਮ ਵਾਲੀ ਝੰਡੀ ਦੀ ਕੁਸ਼ਤੀ 'ਚ ਪਹਿਲਵਾਨ ਜੱਸਾ ਪੱਟੀ ਤਰਨ ਤਾਰਨ ਨੇ ਦਿੱਲੀ ਦੇ ਮਸ਼ਹੂਰ ਪਹਿਲਵਾਨ ਮੋਨੂੰ ਦਈਆ ਨੂੰ ਦਸ ਮਿੰਟ 'ਚ ਚਿੱਤ ਕੀਤਾ। ਸਾਰੇ ਪਹਿਲਵਾਨਾਂ ਨੂੰ ਨਗਦ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ।

# ਫਰਾਲਾ ਵਿਖੇ ਸ਼ਰਾਧਾ ਦਾ ਮੇਲਾ ਮਨਾਇਆ



**ਬਹਿਰਾਮ (ਅਵਤਾਰ ਕਲੇਰ)** ਡੇਰਾ ਬਾਬਾ ਦੁੱਧਾਧਾਰੀ ਮਹੰਤ ਗੁਰਬਚਨ ਦਾਸ ਨਗਰ (ਫਰਾਲਾ) ਵਿਖੇ ਗੱਦੀ ਨਸ਼ੀਨ ਸੰਤ ਪ੍ਰੇਮ ਦਾਸ ਦੀ ਰਹਿਨੁਮਾਈ ਹੇਠ ਸਾਲਾਨਾ ਸਰਾਧਾਂ ਦਾ ਮੇਲਾ ਮਨਾਇਆ ਗਿਆ। ਸੰਤ ਸੁਰਿੰਦਰ ਦਾਸ ਅਟਾਰੀ ਵਾਲਿਆਂ ਨੇ ਬਜ਼ੁਰਗਾਂ ਨੂੰ ਯਾਦ ਕੀਤਾ ਅਤੇ ਕੁੱਲ ਲੋਕਾਈ ਦੇ ਭਲੇ ਲਈ ਅਰਦਾਸ ਕੀਤੀ। ਗੱਦੀ ਨਸ਼ੀਨ ਸੰਤ ਪ੍ਰੇਮ ਦਾਸ ਨੇ ਕੀਰਤਨ ਅਤੇ ਪ੍ਰਵਚਨਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਕਿਹਾ ਕਿ ਸਾਨੂੰ ਹਰ ਵਕਤ ਪ੍ਰਮਾਤਮਾ ਨੂੰ ਯਾਦ ਰੱਖਣਾ ਚਾਹੀਦਾ ਅਤੇ ਆਪਣੇ ਮਾਂ ਬਾਪ ਦੀ ਸੇਵਾ ਕਰਨੀ ਚਾਹੀਦੀ ਹੈ। ਵੱਖ-ਵੱਖ ਕਲਾਕਾਰਾਂ ਨੇ ਧਾਰਮਿਕ ਗੀਤਾਂ ਨਾਲ ਹਾਜ਼ਰੀਆਂ ਭਰੀਆਂ।

ਇਸ ਮੌਕੇ ਸਰਪੰਚ ਮਨਜੀਤ ਕੌਰ, ਮਹਿੰਦਰ ਪਾਲ ਪੰਚ, ਸੱਤਿਆ ਪੰਚ, ਡਾ. ਸੁਰਿੰਦਰ ਪਾਲ ਲੱਧੜ, ਗੁਰਦੇਵ ਸਿੰਘ ਫਰਾਲਾ, ਨੰਦ ਲਾਲ ਚੁੰਬਰ, ਪਰਮਜੀਤ ਬਾਹੜੋਵਾਲ, ਹਰਬੰਸ ਸਿੰਘ ਕਲੇਰ ਲੁਧਿਆਣਾ, ਸੁਨੀਲ, ਨਰੇਸ਼, ਅਵਤਾਰ ਚੰਦ, ਬ੍ਰਿਜ ਲਾਲ, ਜਸਵਿੰਦਰ ਕੁਮਾਰ ਆਦਿ ਹਾਜ਼ਰ ਸਨ।

# ਮੀਡੀਆ ਉੱਤੇ ਹਕੂਮਤੀ ਫਾਸ਼ੀਵਾਦੀ ਹਮਲਿਆਂ ਬਾਰੇ ਸੈਮੀਨਾਰ ਭਲਕੇ ਬਰਨਾਲਾ ਵਿਖੇ ਹੋਵੇਗਾ-ਨਰਭਿੰਦਰ

**ਬਰਨਾਲਾ**- ਤਰਕਸੀਲ ਭਵਨ ਬਰਨਾਲਾ ਵਿੱਚ ਮਿਤੀ 8 ਅਕਤੂਬਰ ਨੂੰ 'ਚੋਣਾਂ, ਵਧਦੇ ਫਾਸ਼ੀਵਾਦੀ ਹਮਲੇ ਤੇ ਮੀਡੀਆ' ਵਿਸ਼ੇ ਉਤੇ ਇੱਕ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਰਾਮਨਗਰ (ਨੈਨੀਤਾਲ) ਤੋਂ ਛਪਦੇ ਹਿੰਦੀ ਪੰਦਰਵਾੜਾ ਨਾਗਰਿਕ ਅਖਬਾਰ ਵੱਲੋਂ ਆਯੋਜਿਤ ਇਸ ਸੈਮੀਨਾਰ ਵਿੱਚ ਇਸ ਵਿਸ਼ੇ ਦੇ ਅਹਿਮ ਵੱਖ-ਵੱਖ ਪਹਿਲੂਆਂ ਸਬੰਧੀ ਪੇਪਰ ਪੜ੍ਹਿਆ ਜਾਵੇਗਾ ਅਤੇ ਉਸ ਉੱਤੇ ਚਰਚਾ ਹੋਵੇਗੀ। ਜਿਸ ਵਿੱਚ ਪੰਜਾਬ ਦੇ ਇਨਕਲਾਬੀ ਪਰਚਿਆਂ ਦੇ ਸੰਪਾਦਿਕ ਅਤੇ ਬੁੱਧੀਜੀਵੀ ਚਰਚਾ ਕਰਨਗੇ। ਇਹ ਜਾਣਕਾਰੀ ਨਾਗਰਿਕ ਦੇ ਪੰਜਾਬ ਪ੍ਰਤੀਨਿਧ ਨਰਭਿੰਦਰ ਨੇ ਦਿੱਤੀ। ਉਹਨਾਂ ਕਿਹਾ ਕਿ ਭਾਜਪਾ 2024 ਦੀਆਂ ਚੋਣਾਂ ਨੂੰ ਹਿੰਦੂਵਾਦੀ ਰਾਜ ਦੀ ਸਥਾਪਤੀ ਵਜੋਂ ਲੈ ਰਹੀ ਹੈ ਇਹੋ ਕਾਰਨ ਕਿ ਉਹ ਵਿਚਾਰਾਂ ਅਤੇ ਜਾਣਕਾਰੀ ਹਾਸਲ ਕਰਨ ਤੇ ਸਾਂਝੀ ਕਰਨ ਦੇ ਬੁਨਿਆਦੀ ਅਧਿਕਾਰਾਂ ਦੀ ਸੰਘੀ ਘੁੱਟਣ ਉੱਤੇ ਤੁਲੀ ਹੋਈ ਹੈ। ਇੱਕ ਪਾਸੇ ਵੱਡਾ ਮੁੱਖਧਾਰਾ ਦਾ ਮੀਡੀਆ ਕਾਰਪੋਰੇਟਾਂ ਦੇ ਕਬਜੇ ਹੇਠ ਹੈ, ਦੂਸਰੇ ਪਾਸੇ ਲੋਕਾਈ ਦੇ ਬੁਨਿਆਦੀ ਮਸਲਿਆਂ ਨੂੰ ਉਭਾਰਨ ਅਤੇ ਹਕੂਮਤ ਦੀਆਂ ਲੋਕ ਮਾਰੂ ਨੀਤੀਆਂ ਨੂੰ ਉਜਾਗਰ ਕਰਨ ਵਾਲੇ ਮੀਡੀਏ ਉੱਤੇ ਕਾਨੂੰਨੀ ਅਤੇ ਹਕੂਮਤੀ ਜਬਰ ਦਾ ਸ਼ਿਕੰਜਾ ਕਸਿਆ ਜਾ ਰਿਹਾ ਹੈ। ਪੱਤਰਕਾਰਤਾ ਦੀ ਆਜਾਦੀ ਦੇ ਮਾਮਲੇ 'ਚ ਭਾਰਤ ਦੁਨੀਆਂ 'ਚ ਸਭ ਤੋਂ ਹੇਠਲੇ ਡੰਡੇ ਤੇ ਹੈ।

ਆਏ ਦਿਨ ਫਾਸ਼ੀਵਾਦੀ ਗ੍ਰੋਹਾਂ ਵੱਲੋਂ ਵੀ ਪੱਤਰਕਾਰਾਂ ਉੱਤੇ ਹਮਲੇ ਹੋ ਰਹੇ ਹਨ ਅਤੇ ਹਕੂਮਤੀ ਮਸ਼ੀਨਰੀ ਰਾਹੀਂ ਵੀ ਦਹਿਸ਼ਤਜਦਾ ਕੀਤਾ ਜਾ ਰਿਹਾ ਹੈ। ਉਹਨਾਂ ਉਤੇ ਫਰਜੀ ਕੇਸ ਦਰਜ ਕੀਤੇ ਜਾ ਰਹੇ ਹਨ। ਬੁੱਧੀਜੀਵੀਆਂ, ਸਮਾਜਿਕ ਕਾਰਕੁੰਨਾਂ,ਪੱਤਰਕਾਰਾਂ ਨੂੰ ਯੂ ਏ ਪੀ ਏ ਵਰਗੇ ਕਾਲੇ ਕਾਨੂੰਨ ਮੜ ਕੇ ਜੇਲਾਂ 'ਚ ਸੁੱਟਿਆ ਜਾ ਰਿਹਾ ਹੈ ਤਾਂ ਕਿ ਭਾਜਪਾ ਦੀ ਹਕੂਮਤ ਦੇ ਲੋਕ ਦੋਖੀ ਚਿਹਰੇ ਨੂੰ ਛੁਪਾਇਆ ਜਾ ਸਕੇ। ਉਹਨਾਂ ਦੱਸਿਆ ਕਿ ਅਜਿਹੇ ਫਾਸੀਵਾਦੀ ਹਮਲਿਆਂ ਦੇ ਮੁਕਾਬਲੇ ਲਈ ਲੋਕ-ਪੱਖੀ ਮੀਡੀਆ ਨੂੰ ਵਿਕਸਿਤ ਕਰਨ ਤੇ ਮਜਬੂਤ ਕਰਨ ਦੀ ਲੋੜ ਹੈ। ਇਸ ਸੈਮੀਨਾਰ ਵਿੱਚ ਵਿੱਚ ਪ੍ਰੋ ਜਗਮੋਹਨ ਸਿੰਘ ਪ੍ਰਧਾਨ ਜਮਹੂਰੀ ਅਧਿਕਾਰ ਸਭਾ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਤਰਕਸੀਲ ਭਵਨ ਬਰਨਾਲਾ ਵਿੱਚ ਹੋਣ ਵਾਲਾ ਇਹ ਸੈਮੀਨਾਰ 8 ਅਕਤੂਬਰ ਨੂੰ 10 ਵਜੇ ਤੋਂ 3 ਵਜੇ ਤੱਕ ਚਲੇਗਾ। ਸਭਨਾਂ ਇਨਸਾਫ ਪਸੰਦ ਜਨਤਕ ਜਮਹੂਰੀ ਜਥੇਬੰਦੀਆਂ ਦੇ ਸਰਗਰਮ ਕਾਰਕੁੰਨਾਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ ਹੈ।

## ਜਨਮ ਦਿਨ ਮੁਬਾਰਕ



ਮਨਰਾਜ (ਮਲੋਟ)



ਗੁਰਨੂਰ ਸਿੰਘ (ਨਵਾਂ ਸ਼ਹਿਰ)

# ਡੀ ਪੀ ਈ ਸੁਰਿੰਦਰ ਕੁਮਾਰ ਆਪਣੇ ਪੁੱਤਰ ਇਸ਼ਾਂਤ ਸਮੇਤ ਲਾਅਨ ਟੈਨਿਸ ਮੁਕਾਬਲੇ 'ਚ ਲੈਣਗੇ ਹਿੱਸਾ



**ਫਗਵਾੜਾ ( ਡਾ. ਰਮਨ, ਢੱਡਾ )** ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ 'ਖੇਡਾਂ ਵਤਨ ਪੰਜਾਬ ਦੀਆਂ' ਮੁਹਿੰਮ ਤਹਿਤ ਕੈਂਬਰਿਜ ਇੰਟਰਨੈਸ਼ਨਲ ਸਕੂਲ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਲਾਅਨ ਟੈਨਿਸ ਮੁਕਾਬਲੇ ਵਿਚ ਡਿਵਾਈਨ ਪਬਲਿਕ ਸਕੂਲ ਦੇ ਡੀ.ਪੀ.ਈ. ਸੁਰਿੰਦਰ ਕੁਮਾਰ ਅਤੇ ਉਹਨਾਂ ਦੇ ਪੁੱਤਰ ਇਸ਼ਾਂਤ ਨੇ ਆਪੋ-ਆਪਣੇ ਵਰਗਾਂ ਵਿੱਚ ਵਧੀਆ ਪ੍ਰਦਰਸ਼ਨ ਕਰਦਿਆਂ ਰਾਜ ਪੱਧਰੀ ਮੁਕਾਬਲੇ ਲਈ ਸਥਾਨ ਪੱਕਾ ਕੀਤਾ ਹੈ। ਡੀ.ਪੀ.ਈ. ਸੁਰਿੰਦਰ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੇ ਲੜਕੇ ਇਸ਼ਾਂਤ ਨੇ ਅੰਡਰ-21 ਉਮਰ ਵਰਗ ਦੇ ਜ਼ਿਲ੍ਹਾ ਪੱਧਰੀ ਲਾਅਨ ਟੈਨਿਸ ਮੁਕਾਬਲੇ 'ਚ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਖੁਦ ਉਹਨਾਂ ਨੇ ਅੰਡਰ 41 ਤੋਂ 55 ਉਮਰ ਵਰਗ ਦੇ ਮੁਕਾਬਲਿਆਂ 'ਚ ਪਹਿਲਾ ਸਥਾਨ ਹਾਸਲ ਕੀਤਾ ਕੀਤਾ ਹੈ। ਸਕੂਲ ਪ੍ਰਿੰਸੀਪਲ ਰੇਣੂ ਠਾਕੁਰ ਨੇ ਜੇਤੂ ਪਿਓ-ਪੁੱਤ ਦੀ ਇਸ ਪ੍ਰਾਪਤੀ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਆਉਣ ਵਾਲੇ ਮੁਕਾਬਲਿਆਂ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਕਪੂਰਥਲਾ ਜ਼ਿਲ੍ਹੇ ਵਿੱਚ ਲਾਅਨ ਟੈਨਿਸ ਦਾ ਜਿਆਦਾ ਪ੍ਰਚਲਨ ਨਹੀਂ ਹੈ, ਇਸ ਲਈ ਉਹਨਾਂ ਦੀ ਇੱਛਾ ਹੈ ਕਿ ਡੀ.ਪੀ.ਈ. ਸੁਰਿੰਦਰ ਕੁਮਾਰ ਅਤੇ ਉਨ੍ਹਾਂ ਦੇ ਹੋਣਹਾਰ ਪੁੱਤਰ ਇਸ਼ਾਂਤ ਰਾਜ ਪੱਧਰੀ ਮੁਕਾਬਲੇ ਵਿੱਚ ਜੇਤੂ ਹੋ ਕੇ ਪਰਤਣ ਤਾਂ ਜੋ ਕਪੂਰਥਲਾ ਜ਼ਿਲ੍ਹੇ ਵਿੱਚ ਵੀ ਲਾਅਨ ਟੈਨਿਸ ਪ੍ਰਤੀ ਖਿੱਚ ਪੈਦਾ ਹੋ ਸਕੇ। ਉਹਨਾਂ ਨੇ ਸੀਬੀਐਸਈ ਦਾ ਵੀ ਧੰਨਵਾਦ ਕੀਤਾ ਜਿਸ ਵਲੋਂ ਸਕੂਲ ਪੱਧਰ 'ਤੇ ਲਾਅਨ ਟੈਨਿਸ ਨੂੰ ਪ੍ਰਸਿੱਧ ਬਣਾਉਣ ਲਈ ਪਹਿਲ ਕੀਤੀ ਗਈ ਹੈ।

# ਖੇਡਾਂ ਵਤਨ ਪੰਜਾਬ ਦੀਆਂ ਤਹਿਤ ਜ਼ਿਲ੍ਹਾ ਪੱਧਰੀ ਗੱਤਕਾ ਮੁਕਾਬਲੇ



**ਮੇਹਟੀਆਣਾ ( ਜਗਤਾਰ ਸਿੰਘ ਭੁੰਗਰਨੀ)** ਖੇਡਾਂ ਵਤਨ ਪੰਜਾਬ ਦੀਆਂ ਜਿਲ੍ਹਾ ਪੱਧਰੀ ਗੱਤਕਾ ਮੁਕਾਬਲੇ ਲਾਜਵੰਤੀ ਸਟੇਡੀਅਮ ਹੁਸ਼ਿਆਰਪੁਰ ਵਿਖੇ ਕਰਵਾਏ ਗਏ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਜਿਲ੍ਹਾ ਗੱਤਕਾ ਐਸੋਸੀਏਸ਼ਨ ਲੜਕੀਆਂ ਦੇ ਗੱਤਕਾ ਮੁਕਾਬਲਿਆਂ ਦੌਰਾਨ ਪਹਿਲੇ ਦਿਨ ਸਿੰਘ ਸਹਿਬਾਨ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਮੁਖੀ ਸਾਹਿਬਜਾਦਾ ਬਾਬਾ ਫਤਹਿ ਸਿੰਘ ਛਾਉਣੀ ਨਿਹੰਗ ਸਿੰਘਾਂ ਹੈਡਕੁਆਰਟਰ ਬਜਵਾੜਾ ਕਲਾਂ ਨੇ ਗੱਤਕਾ ਮੁਕਾਬਲੇ ਦੀ ਆਰੰਭਤਾ ਕਰਵਾਈ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਇਸ ਗੱਤਕਾ ਮੁਕਾਬਲੇ ਮੌਕੇ ਵੱਡੀ ਗਿਣਤੀ 'ਚ ਗੱਤਕਾ ਮੁਕਾਬਲੇ ਵਿਚ ਨੌਜਵਾਨਾਂ ਨੇ ਭਾਗ ਲਿਆ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਦੋ ਰੋਜਾ ਚੱਲੇ ਗੱਤਕਾ ਮੁਕਾਬਲੇ ਮੌਕੇ ਮੁੱਖ ਮਹਿਮਾਨ ਜ਼ਿੰਦਾ ਸ਼ਹੀਦ ਸਿੰਘ ਸਹਿਬਾਨ ਜਥੇਦਾਰ ਬਾਬਾ ਨਿਹਾਲ ਸਿੰਘ ਤਰਨਾ ਦਲ ਹਰੀਆਂ ਵੇਲਾਂ, ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਨੇ ਜੇਤੂ ਗੱਤਕਾ ਮੁਕਾਬਲੇ ਵਿਚ ਅੱਵਲ ਆਇਆ ਨੂੰ ਯਾਦਗਾਰੀ ਚਿੰਨ੍ਹ, ਨਗਦ ਇਨਾਮ ਅਤੇ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦਾ ਤਿਆਗ ਕਰ ਕੇ ਗੱਤਕਾ ਅਤੇ ਖੇਡਾਂ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਪਣੀ ਰੱਖਿਆ ਲਈ ਹਰ ਇੱਕ ਨੌਜਵਾਨ ਵੀਰ ਅਤੇ ਭੈਣਾਂ ਨੂੰ ਗੱਤਕੇ ਦੀ ਸਿਖਲਾਈ ਜ਼ਰੂਰ ਲੈਣੀ ਚਾਹੀਦੀ ਹੈ। ਇਸ ਮੌਕੇ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਨੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਜੇਤੂ ਅਤੇ ਉਪ ਜੇਤੂ ਗੱਤਕਾ ਮੁਕਾਬਲੇ ਦੌਰਾਨ ਵੀਰਾਂ ਅਤੇ ਭੈਣਾਂ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਗੱਤਕਾ ਮੁਕਾਬਲੇ 'ਚ ਗਰਪ੍ਰੀਤ ਸਿੰਘ ਡੀ ਐਸ ਓ, ਗੱਤਕਾ ਪ੍ਰਮੋਟਰ ਸਤਨਾਮ ਸਿੰਘ, ਤਲਵਿੰਦਰ ਸਿੰਘ, ਬੱਬੀ ਸਿੰਘ, ਮਨਜਿੰਦਰ ਸਿੰਘ ਲੰਗੇਰੀ, ਗੁਰਪ੍ਰੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਦਰਸ਼ਕ ਹਾਜ਼ਰ ਸਨ।